ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 46 | 23 November to 29 November 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਚੰਡੀਗੜ੍ਹ ਦੇ ਮੁੱਦੇ ਉਪਰ ਸਿਆਸੀ ਹਲਕਿਆਂ ਵਿਚ ਹਲਚਲ, ਆਪ ਪਾਰਟੀ ਦਾ ਦੋਗਲਾ ਸਟੈਂਡ

## ਵਿਰੋਧ ਹੋਣ ਬਾਅਦ ਆਮ ਆਦਮੀ ਪਾਰਟੀ ਨੇ ਪੰਜਾਬ ਪ੍ਰਤੀ ਨਿਸ਼ਾਨਾ ਕੀਤਾ ਸਪੱਸ਼ਟ ਕਿ ਚੰਡੀਗੜ੍ਹ ਉੱਤੇ ਸਿਰਫ਼ ਪੰਜਾਬ ਦਾ ਹੱਕ, ਵੱਖਰੀ ਵਿਧਾਨ ਸਭਾ ਦੇ ਪ੍ਰਸਤਾਵ ਦਾ ਕਰਾਂਗੇ ਸਖ਼ਤ ਵਿਰੋਧ

**ਵਿਸ਼ੇਸ਼ ਰਿਪੋਰਟ**

- ☛ ਚੰਡੀਗੜ੍ਹ ਮੁੱਦੇ ਉਪਰ ਆਪਣੀ ਪਾਰਟੀ ਬੀਜੇਪੀ ਦੀ ਸਰਕਾਰ ਖਿਲਾਫ ਹੀ ਡਟ ਗਏ ਸੁਨੀਲ ਜਾਖੜ
- ☛ ਸ਼੍ਰੋਮਣੀ ਕਮੇਟੀ, ਬਾਦਲ ਦਲ, ਬੀਬੀ ਜਗੀਰ ਕੌਰ ਨੇ ਮੱਲਿਆ ਪੰਜਾਬ ਦੇ ਹੱਕ ਵਿਚ ਪੈਂਤੜਾ







ਪੰਜਾਬ ਦੇ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਪੰਜਾਬ ਵਿਰੋਧੀ ਨੀਤੀਆਂ ਬਾਰੇ ਅਕਸਰ ਲੰਮੇ ਚੌੜੇ ਬਿਆਨ ਦਿੰਦੇ ਰਹਿੰਦੇ ਹਨ। ਗੁਆਂਢੀ ਸੂਬੇ ਹਰਿਆਣਾ ਵਿਚ ਭਾਜਪਾ ਦੀ ਹਕੂਮਤ ਹੈ। ਕੇਂਦਰ ਵਿਚ ਭਾਜਪਾ ਦਾ ਰਾਜ ਹੈ। ਹਰਿਆਣਾ 'ਤੇ ਕੇਂਦਰੀ ਗ੍ਰਹਿ ਮੰਤਰੀ ਦੀ ਨਜ਼ਰ ਸਵੱਲੀ ਹੈ, ਪਰ ਪੰਜਾਬ ਸੰਬੰਧੀ ਉਨ੍ਹਾਂ ਦੇ ਮਨ ਵਿਚ ਕੁੜੱਤਣ ਹੋਣ ਦਾ ਅਹਿਸਾਸ ਵੀ ਹੁੰਦਾ ਰਹਿੰਦਾ ਹੈ ਅਤੇ ਅਕਸਰ ਇਸ ਦੀ ਝਲਕ ਵੀ ਮਿਲਦੀ ਰਹਿੰਦੀ ਹੈ। ਚੰਡੀਗੜ੍ਹ ਸੰਬੰਧੀ ਪੰਜਾਬ ਦੇ ਹੱਕਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਕੇਂਦਰੀ ਗ੍ਰਹਿ ਮੰਤਰਾਲਾ ਬੜੇ ਯੋਜਨਾਬੱਧ ਢੰਗ ਨਾਲ ਖ਼ਤਮ ਕਰਦਾ ਹੀ ਨਹੀਂ, ਸਗੋਂ ਖੋਹਣ 'ਵਿਚ ਲੱਗਿਆ ਨਜ਼ਰ ਆਉਂਦਾ ਹੈ। ਜਿਸ ਤਰ੍ਹਾਂ ਇਸ ਕੇਂਦਰ ਪ੍ਰਸ਼ਾਸਿਤ ਪ੍ਰਦੇਸ਼ ਵਿਚ ਪੰਜਾਬੀ ਜ਼ਬਾਨ ਦੀ ਅਣਦੇਖੀ ਕੀਤੀ ਜਾ ਰਹੀ ਹੈ ਉਹ ਅਸਹਿਣਯੋਗ ਹੈ। ਇਸ ਸੰਬੰਧੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਅਨੇਕਾਂ ਸੰਗਠਨਾਂ ਨੇ ਸਮੇਂ-ਸਮੇਂ ਹਰ ਢੰਗ ਤਰੀਕੇ ਨਾਲ ਆਪਣੀ ਆਵਾਜ਼ ਉਠਾਈ ਹੈ ਪਰ ਉਸ ਨੂੰ ਹਮੇਸ਼ਾ ਅਣਗੌਲਿਆਂ ਹੀ ਕੀਤਾ ਜਾਂਦਾ ਰਿਹਾ ਹੈ। ਇਥੋਂ ਦੀਆਂ ਨੌਕਰੀਆਂ ਅਤੇ ਅਸਾਮੀਆਂ ਵਿਚ ਪੰਜਾਬ ਦਾ ਅਨੁਪਾਤ ਲਗਾਤਾਰ ਘਟਾਇਆ ਜਾਂਦਾ ਰਿਹਾ ਹੈ। ਭਾਖੜਾ ਨੰਗਲ 'ਤੇ ਪੰਜਾਬ ਦੇ ਅਧਿਕਾਰ ਨੂੰ ਕਮਜ਼ੋਰ ਕਰਨ ਲਈ ਇਥੇ ਲਾਏ ਜਾਂਦੇ ਅਫ਼ਸਰਾਂ ਦੀਆਂ ਅਸਾਮੀਆਂ ਦੀਆਂ ਯੋਗਤਾਵਾਂ ਵਿਚ ਇਸ ਢੰਗ ਨਾਲ ਅਦਲਾ-ਬਦਲੀ ਕੀਤੀ ਗਈ ਹੈ ਕਿ ਕੱਲ੍ਹ ਨੂੰ ਇਥੇ ਪੰਜਾਬ ਦੇ ਹੱਕ ਲਈ ਕੋਈ ਨਾਅਰਾ ਮਾਰਨ ਵਾਲਾ ਅਫ਼ਸਰ ਵੀ ਨਾ ਰਹੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਜੋ ਪਹਿਲਾਂ ਲਾਹੌਰ, ਇਸ ਸਾਂਝੇ ਪੰਜਾਬ ਦੀ ਸ਼ਾਨ ਸੀ ਅਤੇ ਬਾਅਦ ਵਿਚ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਨ ਤੋਂ ਪਿਛੋਂ ਅਣਵੰਡੇ ਸੂਬੇ ਦੀ ਪੁਰਾਣੀ ਸ਼ਾਨ ਨੂੰ ਬਹਾਲ ਰੱਖਣ ਲਈ ਇਥੇ ਇਸ ਯੂਨੀਵਰਸਿਟੀ ਦੀ ਮੁੜ ਸਥਾਪਨਾ ਕੀਤੀ ਗਈ ਸੀ, ਪਰ ਹੌਲੀ-ਹੌਲੀ ਇਸ ਵਿਚੋਂ ਪੰਜਾਬ ਅਤੇ ਪੰਜਾਬੀਅਤ ਨੂੰ ਖਾਰਜ ਕੀਤਾ ਜਾਂਦਾ ਰਿਹਾ। ਚਿਰਾਂ ਤੋਂ ਸੋਚੀ ਸਮਝੀ ਇਹ ਸਾਜਿਸ਼ ਅੱਜ ਵੱਡੀ ਹੱਦ ਤੱਕ ਸਫ਼ਲ ਹੋਈ ਜਾਪਦੀ ਹੈ।

ਇਹ ਇਕ ਇਤਿਹਾਸਕ ਤੱਥ ਹੈ ਕਿ ਖਰੜ ਤਹਿਸੀਲ ਵਿਚੋਂ ਦਰਜਨਾਂ ਹੀ ਪੰਜਾਬੀ ਪਿੰਡਾਂ ਦਾ ਉਜਾੜਾ ਕਰਕੇ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਦੇ ਤੌਰ 'ਤੇ ਉਸਾਰਿਆ ਗਿਆ ਸੀ। ਅੱਜ ਇਸ ਸੂਬੇ ਦੇ ਹੱਕਾਂ ਨੂੰ ਪੂਰੀ ਤਰ੍ਹਾਂ ਖੋਹਿਆ ਜਾ ਰਿਹਾ ਹੈ। ਸਾਲ 1985 ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸੰਤ ਲੌਂਗੋਵਾਲ ਨਾਲ ਕੀਤੇ ਲਿਖਤੀ ਸਮਝੌਤੇ ਵਿਚ 26 ਜਨਵਰੀ, 1986 ਵਾਲੇ ਦਿਨ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਵਾਅਦਾ ਕੀਤਾ ਸੀ। ਸ਼ਾਇਦ ਹੀ ਕੋਈ ਪ੍ਰਧਾਨ ਮੰਤਰੀ ਕਦੀ ਲਿਖਤੀ ਵਾਅਦੇ ਤੋਂ ਇਸ ਤਰ੍ਹਾਂ ਮੁੱਕਰਿਆ ਹੋਵੇ। ਅੱਜ ਭਾਜਪਾ ਵੀ ਉਸੇ ਰਾਹ 'ਤੇ ਚਲਦੀ ਹੋਈ ਆਪਣੇ ਸੌੜੇ ਹਿਤਾਂ ਦੀ ਰਾਖੀ ਕਰਦਿਆਂ ਪੰਜਾਬ ਦੇ ਹੱਕਾਂ ਦੀ ਅਣਦੇਖੀ ਕਰ ਰਹੀ ਹੈ ਅਤੇ ਅੱਜ ਸੂਬੇ ਨੂੰ ਭਗਵੰਤ ਮਾਨ ਵਰਗਾ ਅਜਿਹਾ ਮੁੱਖ ਮੰਤਰੀ ਮਿਲਿਆ ਹੈ, ਜੋ ਚੰਡੀਗੜ੍ਹ ਵਿਚ ਹਰਿਆਣਾ ਸਰਕਾਰ ਵਲੋਂ ਵੱਖਰੀ ਵਿਧਾਨ ਸਭਾ ਦੀ ਉਸਾਰੀ ਦੀ ਮੰਗ 'ਤੇ ਇਹ ਆਖਦਾ ਰਿਹਾ ਹੈ ਕਿ ਪੰਜਾਬ ਨੂੰ ਵੀ ਆਪਣੀ ਵਿਧਾਨ ਸਭਾ ਦੀ ਉਸਾਰੀ ਲਈ ਇਥੇ ਵੱਖਰੀ ਜ਼ਮੀਨ ਦਿੱਤੀ ਜਾਵੇ। ਚਾਹੇ ਆਮ ਆਦਮੀ ਪਾਰਟੀ ਨੇ ਇਸ ਮਸਲੇ 'ਤੇ ਹੁਣ ਆਪਣੀ ਪਹੁੰਚ ਜ਼ਰੂਰ ਬਦਲ ਲਈ ਹੈ, ਪਰ ਸੂਬੇ ਦੇ ਮੁੱਖ ਮੰਤਰੀ ਦੀ ਇਸ ਮਸਲੇ 'ਤੇ ਪੰਜਾਬ ਦੇ ਹਿਤਾਂ ਸੰਬੰਧੀ ਸੋਚ ਜ਼ਰੂਰ ਉਨ੍ਹਾਂ ਦੇ ਪਹਿਲੇ ਬਿਆਨ ਨਾਲ ਸਾਹਮਣੇ ਆ ਗਈ ਸੀ। ਚੰਡੀਗੜ੍ਹ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਦਿਆਂ ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ ਚੰਡੀਗੜ੍ਹ ਸਿਰਫ਼ ਪੰਜਾਬ ਦਾ ਅਧਿਕਾਰ ਖੇਤਰ ਹੈ, ਇਸ ਲਈ ਹਰਿਆਣਾ ਨੂੰ ਕਿਸੇ ਵੀ ਕੀਮਤ 'ਤੇ ਚੰਡੀਗੜ੍ਹ ਵਿਚ ਆਪਣੀ ਵੱਖਰੀ ਵਿਧਾਨ ਸਭਾ ਨਹੀਂ ਬਨਾਉਣ ਦਿੱਤੀ ਜਾਵੇਗੀ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ (ਬਾਕੀ ਸਫ਼ਾ 29 'ਤੇ)

# ਚੀਨ ਦੇ 'ਖ਼ੁਫ਼ੀਆ ਪੁਲਿਸ ਸਟੇਸ਼ਨਾਂ' ਨੇ ਅਮਰੀਕਾ ਦੀ ਚਿੰਤਾ ਵਧਾਈ

## ਐੱਫ਼ਬੀਆਈ ਦੇ ਡਾਇਰੈਕਟਰ ਕਰਿਸਟੌਫ਼ਰ ਰੇਅ ਨੇ ਕਿਹਾ ਕਿ ਅਜਿਹੇ ਸੈਂਟਰਾਂ ਦੀਆਂ ਰਿਪੋਰਟਾਂ ਉੱਪਰ ਨਿਗਾਹ ਏ

**ਚੀਨ ਨੇ ਕਈ ਦੇਸ਼ਾਂ ਵਿੱਚ ਠਿਕਾਣੇ ਸਥਾਪਤ ਕੀਤੇ**





ਨਿਊਯਾਰਕ-ਅਮਰੀਕਾ ਦੀ ਜਾਂਚ ਏਜੰਸੀ ਐੱਫ਼ਬੀਆਈ ਯੂਐੱਸ ਵਿੱਚ ਚੀਨ ਦੇ 'ਗੁਪਤ ਪੁਲਿਸ ਸਟੇਸ਼ਨ' ਦੀਆਂ ਰਿਪੋਰਟਾਂ ਮਿਲਣ ਕਾਰਨ ਚਿੰਤਾ ਵਿੱਚ ਆ ਗਈ ਹੈ।ਸੇਫਗਾਰਡ ਡਿਫੈਂਡਰਜ਼ ਨਾਮ ਦੀ ਐਨਜੀਓ ਨੇ ਆਪਣੀ ਸਤੰਬਰ ਮਹੀਨੇ ਦੀ ਰਿਪੋਰਟ ਵਿੱਚ ਦਰਸਾਇਆ ਹੈ ਕਿ ਅਜਿਹੇ ਪੁਲਿਸ ਸਟੇਸ਼ਨ ਨਿਊਯਾਰਕ ਸਮੇਤ ਪੂਰੇ ਵਿਸ਼ਵ ਵਿੱਚ ਹਨ। ਐੱਫ਼ਬੀਆਈ ਦੇ ਡਾਇਰੈਕਟਰ ਕਰਿਸਟੌਫ਼ਰ ਰੇਅ ਨੇ ਸੀਨੀਅਰ ਲੀਡਰਾਂ ਨੂੰ ਕਿਹਾ ਹੈ ਕਿ ਜਾਂਚ ਏਜੰਸੀ ਅਜਿਹੇ ਸੈਂਟਰਾਂ ਦੀਆਂ ਰਿਪੋਰਟਾਂ ਉੱਪਰ ਨਿਗਾ ਰੱਖ ਰਹੀ ਹੈ।ਰੇਅ ਨੇ ਕਿਹਾ, 'ਅਸੀਂ ਅਜਿਹੇ ਸਟੇਸ਼ਨਾਂ ਦੀ ਹੋਂਦ ਬਾਰੇ ਜਾਣੂ ਹਾਂ। ਉਨ੍ਹਾਂ ਕਿਹਾ, 'ਮੇਰੇ ਲਈ ਇਹ ਸੋਚਣਾ ਝਟਕੇ ਵਾਲੀ ਗੱਲ ਹੈ ਕਿ ਚੀਨ ਦੀ ਪੁਲਿਸ ਅਜਿਹੇ ਅੱਡੇ ਸਥਾਪਿਤ ਕਰਨ ਦਾ ਯਤਨ ਕਰ ਸਕਦੀ ਹੈ। ਤੁਹਾਨੂੰ ਪਤਾ ਹੈ, ਬਿਨਾ ਕਿਸੇ ਤਾਲਮੇਲ ਦੇ ਨਿਊਯਾਰਕ ਵਿੱਚ ਅਜਿਹਾ ਹੋ ਰਿਹਾ ਹੈ। ਇਹ ਪ੍ਰਭੂਸੱਤਾ ਦੀ ਉਲੰਘਣਾ ਹੈ ਅਤੇ ਗੱਲਬਾਤ ਦੇ ਰਸਤੇ ਵਿੱਚ ਅੜਿੱਕੇ ਪਾਉਣਾ ਹੈ।'

ਇਹ ਪੁੱਛਣ ਉੱਤੇ ਕਿ ਕੀ ਇਹ ਸਟੇਸ਼ਨ ਅਮਰੀਕੀ ਕਾਨੂੰਨ ਦੀ ਉਲੰਘਣਾ ਕਰਦੇ ਹਨ ਤਾ ਉਨ੍ਹਾਂ ਕਿਹਾ ਕਿ ਐੱਫ਼ਬੀਆਈ ਇਸ ਦੇ 'ਕਾਨੂੰਨੀ ਨਿਯਮਾਂ ਨੂੰ ਦੇਖ' ਰਹੀ ਹੈ।ਖ਼ੁਫ਼ੀਆ ਏਜੰਸੀ ਦੇ ਇਹ ਸੀਨੀਅਰ ਅਫ਼ਸਰ ਯੂਐੱਸ ਸੈਨੇਟ ਹੋਮਲੈਂਡ ਸੁਰੱਖਿਆ ਅਤੇ ਸਰਕਾਰੀ ਮਾਮਲਿਆਂ ਦੀ ਕਮੇਟੀ ਅੱਗੇ ਬੋਲ ਰਹੇ ਸਨ। ਉਨ੍ਹਾਂ ਤੋਂ ਸੀਨੀਅਰ ਕਾਨੂੰਨਸਾਜ਼ਾਂ ਨੇ ਵੀ ਇਸ ਬਾਰੇ ਪੁੱਛਗਿੱਛ ਕੀਤੀ। ਰੇਅ ਦਾ ਕਹਿਣਾ ਹੈ ਕਿ ਅਮਰੀਕਾ ਨੇ ਚੀਨੀ ਸਰਕਾਰ ਉੱਤੇ ਦੇਸ਼ ਵਿੱਚ ਲੋਕਾਂ ਨੂੰ ਪਰੇਸ਼ਾਨ ਕਰਨ, ਉਨ੍ਹਾਂ ਦਾ ਪਿੱਛਾ ਕਰਨ, ਨਿਗਰਾਨੀ ਰੱਖਣ ਅਤੇ ਬਲੈਕਮੇਲ ਕਰਨ ਨਾਲ ਸਬੰਧਤ ਕਈ ਚਾਰਜ ਲਗਾਏ ਹਨ। ਇਹ ਉਹ ਲੋਕ ਸਨ ਜੋ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਆਲੋਚਕ ਸਨ। ਉਸ ਨੇ ਕਿਹਾ, 'ਇਹ ਅਸਲ ਸਮੱਸਿਆ ਹੈ। ਅਸੀਂ ਇਸ ਬਾਰੇ ਆਪਣੇ ਵਿਦੇਸ਼ੀ ਦੋਸਤਾਂ ਨਾਲ ਵੀ ਗੱਲ ਕਰ ਰਹੇ ਹਾਂ। ਸਾਡਾ ਦੇਸ਼ ਕੋਈ ਇਕੱਲਾ ਨਹੀਂ ਹੈ ਜਿੱਥੇ ਇਹ ਸਭ ਵਾਪਰ ਰਿਹਾ ਹੈ।'

ਦੂਸਰੇ ਪਾਸੇ ਚੀਨ ਨੇ ਅਜਿਹੇ ਸਟੇਸ਼ਨ ਚਲਾਏ ਜਾਣ ਤੋਂ ਇਨਕਾਰ ਕੀਤਾ ਹੈ।

ਸਪੇਨ ਦੀ ਸੇਫਗਾਰਡ ਡਿਫੈਂਡਰਜ਼ ਐਨਜੀਓ ਮੁਤਾਬਕ ਚੀਨ ਦੀ ਪਬਲਿਕ ਸਕਿਊਰਟੀ ਬਿਓਰੋ ਨੇ ਕਈ ਦੇਸ਼ਾਂ ਵਿੱਚ ਆਪਣੇ ਠਿਕਾਣੇ ਸਥਾਪਤ ਕੀਤੇ ਹਨ। ਇਨ੍ਹਾਂ ਵਿੱਚ ਲੰਡਨ ਦੇ ਦੋ ਸਟੇਸ਼ਨ ਅਤੇ ਗਲਾਸਗੋ ਦਾ ਇੱਕ ਠਿਕਾਣਾ ਸ਼ਾਮਿਲ ਹੈ। (ਬਾਕੀ ਸਫ਼ਾ 29 'ਤੇ)

# ਅਮਰੀਕਾ ਦੇ 'ਵੈਟਰਨ ਡੇ' ਸਮਾਰੋਹ ਵਿੱਚ ਜਦ ਦੂਜੀ ਵਿਸ਼ਵ ਜੰਗ ਦੇ ਫੌਜੀ ਨੇ ਸਿੱਖ ਨੂੰ ਕਿਹਾ, 'ਤੁਸੀਂ ਬਹੁਤ ਹੀ ਬਹਾਦਰ ਕੌਮ ਹੋ'







ਡੇਟਨ/ਸਮੀਪ ਸਿੰਘ ਗੁਮਟਾਲਾ : ਬੀਤੇ ਦਿਨੀਂ ਅਮਰੀਕਾ ਦੇ ਸੂਬੇ ਓਹਾਇਓ ਦੇ ਪ੍ਰਸਿੱਧ ਸ਼ਹਿਰ ਡੇਟਨ ਦੇ ਨਾਲ ਲੱਗਦੇ ਬੀਵਰਕਰੀਕ ਸ਼ਹਿਰ ਵਿਖੇ ਵੈਟਰਨਜ਼ ਡੇ 'ਤੇ, ਫੌਜ ਵਿੱਚ ਸੇਵਾ ਕਰਨ ਵਾਲਿਆਂ ਨੂੰ ਧੰਨਵਾਦ, ਅਤੇ ਸ਼ਰਧਾਂਜਲੀ ਦੇਣ ਲਈ ਬਰਸਾਤ ਦੇ ਮੌਸਮ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਅਮਰੀਕਨ ਵੈਟਰਨ ਮੈਮੋਰੀਅਲ ਪਾਰਕ ਵਿੱਚ ਇਕੱਠੇ ਹੋਏ।

ਇਸ ਸੰਬੰਧੀ ਜਾਣਕਾਰੀ ਸਾਂਝੇ ਹੋਏ ਇਸ ਸਮਾਰੋਹ ਵਿੱਚ ਸ਼ਾਮਲ ਸਿੱਖ ਭਾਈਚਾਰੇ ਦੇ ਕਾਰਕੁੰਨ ਅਤੇ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਜਿਵੇਂ ਹੀ ਸਮਾਰੋਹ ਖਤਮ ਹੋਇਆ, ਉਹ ਵਰਦੀ ਵਿੱਚ ਆਏ ਹੋਏ ਫੌਜੀਆਂ ਨੂੰ ਸ਼ੁਭਕਾਮਨਾਵਾਂ ਦੇ ਰਹੇ ਸਨ ਤਾਂ ਇਕ ਵੱਡੀ ਉਮਰ ਦੇ ਵੈਟਰਨ ਨੇ ਆ ਕੇ ਲਾਲ ਰੰਗ ਦੀ ਦਸਤਾਰ ਸਜਾ ਕੇ ਖੜੇ ਰਾਈਟ ਸਟੇਟ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਵਿਦਿਆਰਥੀ ਹਰਰੂਪ ਸਿੰਘ ਨੂੰ ਮਿਲੇ ਅਤੇ ਜੱਫੀ ਪਾ ਕੇ ਪੁੱਛਿਆ 'ਕੀ ਤੁਸੀਂ ਸਿੱਖ ਹੋ?' ਸਾਨੂੰ ਮਿਲ ਕੇ ਉਨ੍ਹਾਂ ਦੇ ਚਿਹਰੇ 'ਤੇ ਏਨੀ ਖੁਸ਼ੀ ਦੇਖ ਕੇ ਸਾਨੂੰ ਹੈਰਾਨੀ ਵੀ ਹੋਈ। ਅਮਰੀਕਾ ਉੱਪਰ ਸਤੰਬਰ 11, 2001 ਦੇ ਹਮਲੇ ਤੋਂ ਬਾਅਦ ਇਹ ਤੱਥ ਸਾਹਮਣੇ ਆਇਆ ਸੀ ਕਿ ਅਮਰੀਕਾ ਦੇ ਬਹੁਤੇ ਲੋਕਾਂ ਨੂੰ ਸਿੱਖਾਂ ਬਾਰੇ ਏਨੀ ਜਾਣਕਾਰੀ ਨਹੀਂ ਹੈ, ਖਾਸਕਰ ਉਨ੍ਹਾਂ ਸ਼ਹਿਰਾਂ ਵਿੱਚ ਜਿੱਥੇ ਸਿੱਖਾਂ ਦੀ ਗਿਣਤੀ ਬਹੁਤ ਥੋੜੀ ਹੈ।



ਇਹ ਪੁੱਛਣ 'ਤੇ ਕਿ ਤੁਹਾਨੂੰ ਸਿੱਖਾਂ ਬਾਰੇ ਕਿਵੇਂ ਪਤਾ ਤਾਂ ਇਸ ਬਜੁਰਗ ਫੌਜੀ ਨੇ ਹਰਰੂਪ ਨੂੰ ਆਪਣੀ ਇਕ ਬਾਂਹ ਨਾਲ ਜੱਫੀ ਪਾਈ ਰੱਖੀ ਅਤੇ ਬਹੁਤ ਹੀ ਖੁਸ਼ੀ ਨਾਲ ਦੱਸਿਆ, 'ਮੈਂ ਸਿੱਖਾਂ ਨੂੰ ਦੂਜੀ ਵਿਸ਼ਵ ਜੰਗ ਦੌਰਾਨ ਮਿਲਿਆ ਸੀ। ਉਹ ਬਹੁਤ ਹੀ ਬਹਾਦਰ ਸਨ। ਸਾਡੇ ਨਾਲ ਉਨ੍ਹਾਂ ਨੂੰ ਮੈਂ ਦੁਸ਼ਮਣ ਦੀਆਂ ਫੌਜਾਂ ਨਾਲ ਲੜਦੇ ਦੇਖਿਆ। ਮੈਨੂੰ ਅੱਜ ਤੁਹਾਨੂੰ ਮਿਲ ਕੇ ਬਹੁਤ ਚੰਗਾ ਲੱਗਾ ਹੈ।' ਫਿਰ ਉਨ੍ਹਾਂ ਖੁਸ਼ੀ ਖੁਸ਼ੀ ਆਪਣੀ ਪਤਨੀ ਸਮੇਤ ਤਸਵੀਰ ਵੀ ਖਿਚਵਾਈ।

ਗੁਮਟਾਲਾ ਨੇ ਮਾਣ ਨਾਲ ਇਸ ਵੈਟਰਨ ਨੂੰ ਅਮਰੀਕਾ ਦੀ ਫੌਜ ਵਿੱਚ ਸਿੱਖ ਪਛਾਣ ਨਾਲ ਲੈਫਟੀਨੈਂਟ ਕਰਨਲ ਵਜੋਂ ਸੇਵਾ ਨਿਭਾ ਰਹੇ ਆਪਣੇ ਭਰਾ ਡਾ. ਤੇਜਦੀਪ ਸਿੰਘ ਰਤਨ ਬਾਰੇ ਵੀ ਜਾਣਕਾਰੀ ਦਿੱਤੀ। ਫੌਜੀ ਪਹਿਰਾਵੇ ਵਿੱਚ ਉਸ ਦੀ ਤਸਵੀਰ ਦੇਖ ਕੇ ਉਨ੍ਹਾਂ ਦੱਸਿਆ ਕਿ ਮੇਰਾ ਪੁੱਤਰ ਵੀ ਅਮਰੀਕਾ ਦੀ ਫੌਜ ਵਿੱਚ 10ਵੀਂ ਮਾਉਂਟੇਨ ਡਵੀਜ਼ਨ ਵਿੱਚ ਹੈ। ਸਾਲ 2009 ਵਿੱਚ ਡਾ. ਤੇਜਦੀਪ ਸਿੰਘ ਰਤਨ ਅਤੇ ਡਾ. ਕਮਲਦੀਪ ਸਿੰਘ ਕਲਸੀ ਨੂੰ 25 ਸਾਲ ਬਾਅਦ ਅਮਰੀਕਾ ਦੀ ਫੌਜ ਵਿਚ ਦਸਤਾਰ ਅਤੇ ਦਾੜੀ ਰੱਖ ਕੇ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਉਸ ਤੋਂ ਬਾਦ ਅਮਰੀਕਾ ਦੀ ਫੌਜ ਵਿੱਚ ਹੁਣ ਵੱਡੀ ਗਿਣਤੀ ਵਿੱਚ ਦਸਤਾਰਧਾਰੀ ਫੌਜੀ ਹਨ।

ਹਰਰੂਪ ਸਿੰਘ ਨੇ ਦੱਸਿਆ ਕਿ ਓਹ ਜਨਵਰੀ ਵਿੱਚ ਅੰਮ੍ਰਿਤਸਰ ਤੋਂ ਅਮਰੀਕਾ ਇੰਜਨੀਅਰਿੰਗ ਵਿੱਚ ਪੋਸਟ ਗਰੈਜੁਏਅਨ (ਮਾਸਟਰਜ਼) ਕਰਨ ਆਏ ਹਨ। ਅਸੀਂ ਵਿਸ਼ਵ ਜੰਗਾਂ ਵਿੱਚ ਸ਼ਹੀਦ ਹੋਏ ਹਜਾਰਾਂ ਸਿੱਖ ਫੌਜੀਆਂ ਦੀਆਂ ਕੁਰਬਾਨੀਆਂ ਬਾਰੇ ਪੜ੍ਹਿਆ ਹੈ। ਹੁਣ ਇਸ ਸਮਾਰੋਹ ਵਿੱਚ ਵਿਸ਼ਵ ਜੰਗ ਦੇ ਅਮਰੀਕਾ ਦੇ ਬਹਾਦਰ ਫੌਜੀਆਂ ਤੋਂ ਸਿੱਖ ਕੌਮ ਦੀ ਬਹਾਦਰੀ ਬਾਰੇ ਸੁਣ ਕੇ ਮੇਰਾ ਸਿਰ ਮਾਣ ਨਾਲ ਹੋਰ ਉੱਚਾ ਹੋ ਗਿਆ। ਅਮਰੀਕਾ ਦੇ ਵੈਟਰਨ ਫੌਜੀਆਂ ਸਮੇਤ ਇਸ ਸਮਾਰੋਹ ਵਿੱਚ ਕੈਨੇਡਾ, ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਹੋਰਨਾਂ ਦੇਸ਼ਾਂ ਦੇ ਫੌਜੀ ਅਫਸਰਾਂ ਨੂੰ ਵੀ ਮਿਲਣਾ ਇਕ ਚੰਗਾ ਅਨੁਭਵ ਸੀ।

ਗੁਮਟਾਲਾ ਨੇ ਅੱਗੇ ਕਿਹਾ ਕਿ ਵਿਸ਼ਵ ਯੁੱਧ ਸਮੇਤ ਇਤਿਹਾਸ ਵਿੱਚ ਹਜਾਰਾਂ ਸਿੱਖਾਂ ਦੀ ਬਹਾਦਰੀ, ਕੁਰਬਾਨੀਆਂ ਸਦਕਾ ਹੀ ਅਸੀਂ ਜਿੱਥੇ ਵੀ ਜਾਂਦੇ ਹਾਂ, ਲੋਕ ਸਿੱਖਾਂ ਦਾ ਮਾਨ ਕਰਦੇ ਹਨ। ਸਾਡੇ ਗੁਰੂਆਂ ਅਤੇ ਬਜ਼ੁਰਗਾਂ ਨੇ ਧਾਰਮਿਕ ਅਜ਼ਾਦੀ, ਸਾਰਿਆਂ ਦੇ ਨਿਆਂ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਇਹ ਬਹੁਤ ਜਰੂਰੀ ਹੈ ਕਿ ਅਮਰੀਕਾ ਵਿੱਚ ਹੁੰਦੇ ਅਜਿਹੇ ਸਮਾਗਮਾਂ ਵਿੱਚ ਸਿੱਖ ਸ਼ਾਮਲ ਹੋਣ। (ਬਾਕੀ ਸ.ਫਾ 29 'ਤੇ)

Certificate Course in
DATA ANALYTICS
- Eligibility : B.Tech, M.Tech, BCA, MCA, BSc, MSc, MBA
- Mentors are industry expert from USA and India
- 100% Placement assistance for high growth tech jobs
- 100% fee waiver / scholarship from Sikh Education Council and Startup Farms IT Limited.
- Support and mentorship for projects and case siudy solutions
- Training experience certificate by Startup Farms It Ltd
- Total Seats : 50
- Course Duration : 6 Months
- Selection criteria : Interview

EXPERTS FROM USA & INDIA



SRI GURU GRANTH SAHIB WORLD UNIVERSITY
FATEHGARH SAHIB, PUNJAB

Admission Helpline
70096-48231, 62805-38113

# ਜਗਦੀਸ਼ ਰਾਣਾ ਤੇ ਮੱਖਣ ਲੁਹਾਰ ਦੁਆਰਾ ਸੰਪਾਦਿਤ ਪੁਸਤਕ 'ਹਰਫ਼ਾਂ ਦਾ ਚਾਨਣ' ਤੇ ਅਮਰੀਕਾ ਵਿਚ ਹੋਈ ਗੋਸ਼ਟੀ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆਂ (ਯੂ ਐਸ ਏ) ਵੱਲੋਂ ਗੋਲਡਨ ਸਟੇਟ ਟਰੱਕ ਸੇਲਜ ਵੈਸਟ ਸੈਕਰਾਮੈਂਟੋ ਵਿਖੇ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ, ਗੁਰਾਇਆਂ (ਜਲੰਧਰ) ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ 69 ਸ਼ਾਇਰਾਂ/ਗੀਤਕਾਰਾਂ ਦਾ ਸਾਂਝਾ ਕਾਵਿ ਸੰਗ੍ਰਹਿ , 'ਹਰਫ਼ਾਂ ਦਾ ਚਾਨਣ' 'ਤੇ ਭਰਵੀਂ ਗੋਸ਼ਟੀ ਕੀਤੀ ਗਈ। ਧਰਮਿੰਦਰ ਸਿੰਘ ਨੇ ਮੀਟਿੰਗ ਦਾ ਪ੍ਰਬੰਧ ਅਤੇ ਸਾਰਾ ਖਾਣ ਪੀਣ ਦਾ ਪ੍ਰਬੰਧ ਕੀਤਾ। ਗੀਤਕਾਰ ਸੁਰਿੰਦਰ ਝੰਡੇਰ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਗੁਰਬਚਨ ਚੋਪੜਾ ਨੇ ਮੰਚ ਦੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ। ਬਿੱਕਰ ਸਿੰਘ ਕੰਮੇਆਣਾ (ਐਸ਼ੀ ਰੋਮਾਣਾ ਕੰਮੇਆਣਾ) ਨੇ ਪੁਸਤਕ 'ਹਰਫ਼ਾਂ ਦਾ ਚਾਨਣ' ਦੇ ਸੰਪਾਦਕਾਂ, ਉੱਘੇ ਗੀਤਕਾਰ ਮੱਖਣ ਲੁਹਾਰ ਤੇ ਉੱਘੇ ਨਾਮਵਰ ਸ਼ਾਇਰ ਜਗਦੀਸ਼ ਰਾਣਾ ਦੀ ਇਸ ਕਾਰਜ ਲਈ ਤਾਰੀਫ਼ ਕਰਦਿਆਂ ਕਿਤਾਬ ਵਿੱਚ ਦਰਜ ਰਚਨਾਵਾਂ ਨੂੰ ਸਲਹੁਉਂਦਿਆਂ ਇਸ ਨੂੰ ਜੀ ਆਇਆਂ ਕਿਹਾ।

ਉੱਘੀ ਕਵਿੱਤਰੀ ਮਨਜੀਤ ਕੌਰ ਸੇਖੋਂ ਨੇ ਕਿਤਾਬ ਦੀਆਂ ਕਈ ਰਚਨਾਵਾਂ ਦਾ ਪਾਠ ਕਰਦਿਆਂ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਹਰਫ਼ਾਂ ਦਾ ਚਾਨਣ ਪੜ੍ਹਨਯੋਗ ਤੇ ਸਾਂਭਣਯੋਗ ਪੁਸਤਕ ਬਣ ਗਈ ਹੈ। ਗਾਇਕਾ ਸੁਖਵੰਤ ਕੌਰ ਸੁੱਖੀ ਨੇ ਕੁੱਝ ਗੀਤ ਗਾ ਕੇ ਆਪਣਾ ਪ੍ਰਭਾਵ ਛੱਡਿਆ। ਨਵੀਂ ਉੱਭਰੀ ਨੌਜਵਾਨ ਗਾਇਕਾ ਮਨਪ੍ਰੀਤ ਗਿੱਲ ਨੇ ਬਹੁਤ ਹੀ ਮਿੱਠੀ ਅਵਾਜ਼ 'ਚ ਗੀਤ ਗਾਏ ਮਨਜੀਤ ਰੱਲ, ਚਰਨ ਲੁਹਾਰਾਂ ਵਾਲਾ, ਤਰਲੋਕ ਸਿੰਘ, ਜਸਵਿੰਦਰ ਮਦਾੜਾ ਨੇ ਵੀ ਆਪਣੀ ਗਾਇਕੀ ਦਾ ਰੰਗ ਬੰਨ੍ਹਿਆ। ਉੱਘੀ ਸ਼ਾਇਰਾ ਜੋਤੀ ਕੌਰ ਨੇ ਆਪਣੀ ਸੁਰੀਲੀ ਅਵਾਜ਼ ਰਾਹੀਂ ਆਪਣੀਆਂ ਕੁੱਝ ਚੋਣਵੀਆਂ ਰਚਨਾਵਾਂ ਤਰੰਨੁਮ 'ਚ ਗਾ ਕੇ ਖ਼ੂਬ ਵਾਹਵਾ ਖੱਟੀ ।

ਉੱਘੇ ਗਾਇਕ ਤਰਲੋਕ ਸਿੰਘ ਨੇ ਸੁਰੀਲਿਆਂ ਸਾਜ਼ਾਂ ਨਾਲ ਆਪਣੀ ਸੁਰੀਲੀ ਅਵਾਜ਼ ਦਾ ਜਾਦੂ ਬਿਖੇਰਿਆ । ਲਹਿੰਦੇ ਪੰਜਾਬ ਦੇ ਉੱਘੇ ਗਾਇਕ ਮਲਿਕ ਇਮਤਿਆਜ਼ ਤੇ ਮਲਿਕ ਜੁਲਫ਼ਕਾਰ ਏ ਅਵਾਨ ਨੇ ਵੀ ਆਪਣੀ ਗਾਇਕੀ ਦੇ ਜ਼ੌਹਰ ਦਿਖਾਏ। ਪ੍ਰਸਿੱਧ ਲੇਖਕਾ ਤਤਿੰਦਰ ਕੌਰ, ਉੱਘੀ ਸ਼ਾਇਰਾ ਮਨੋਰੀਤ ਗਰੇਵਾਲ਼ (ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ) ਉੱਘੇ ਗੀਤਕਾਰ ਜਸਵੰਤ ਜੱਸੀ ਸ਼ੀਮਾਰ , ਉੱਘੇ ਸ਼ਾਇਰ ਹਰਜਿੰਦਰ ਪੰਧੇਰ (ਪ੍ਰਧਾਨ ਪੰਜਾਬੀ ਸਾਹਿਤ ਸਭਾ ਸਟਾਕਟਨ) ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ । ਹੋਰਨਾਂ ਤੋਂ ਇਲਾਵਾ ਸਮਾਗਮ ਵਿੱਚ ਪਵਨ ਮਾਹੀ, ਕੇਵਲ ਕ੍ਰਿਸ਼ਨ ਬੋਲੀਨਾ, ਚਰਨ ਸਿੰਘ ਲੋਹਾਰਾਂ ਵਾਲਾ , ਜਸਵਿੰਦਰ ਲਾਲ ਮਢੇਰਾ, ਟੀ ਸਿੰਘ, ਸੁਰਿੰਦਰ ਸਿੰਘ ਸ਼ੇਰਗਿੱਲ, ਡੌਲੀ ਫੋਟੋਗ੍ਰਾਫਰ, ਬਲਜੀਤ ਸਿੰਘ, ਸੁਰਿੰਦਰ ਬਰਾੜ, ਪਰੀ ਕੌਰ, ਕਮਲਜੀਤ ਕੌਰ ਰੱਲ, ਦੀਪੂ ਚੋਪੜਾ, ਜੇ ਪੀ ਸਿੰਘ, ਆਈ ਹਰਮਿੰਦਰ ਸਿੰਘ ਤੇ ਮਨਜੀਤ ਸਿੰਘ ਰੱਲ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ ਨੇ ਸਮਾਗਮ ਵਿੱਚ ਪਹੁੰਚੀਆਂ ਸਭ ਸ਼ਖਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਅਗਾਂਹ ਵੀ ਨਵੀਆਂ ਤੇ ਸਥਾਪਿਤ ਕਲਮਾਂ ਦੀਆਂ ਰਚਨਾਵਾਂ ਦੇ ਸੰਗ੍ਰਹਿ ਛਾਪਦਾ ਰਹੇਗਾ।

# ਕੋਲੋਰਾਡੋ ਦੀ ਨਾਈਟ ਕਲੱਬ 'ਚ ਅੰਧਾਧੁੰਦ ਗੋਲੀਬਾਰੀ, 5 ਦੀ ਮੌਤ 25 ਜ਼ਖ਼ਮੀ





ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਬੰਦੂਕਧਾਰੀ ਵੱਲੋਂ ਕੋਲੋਰਾਡੋ ਸਪਰਿੰਗਜ (ਕੋਲੋਰਾਡੋ) ਦੀ ਇਕ ਐਲ ਜੀ ਬੀ ਟੀ ਕਿਊ ਨਾਈਟ ਕਲੱਬ ਵਿਚ ਕੀਤੀ ਗਈ ਅੰਧਾਧੁੰਦ ਗੋਲੀਬਾਰੀ ਵਿੱਚ 5 ਵਿਅਕਤੀਆਂ ਦੀ ਮੌਤ ਹੋ ਗਈ ਤੇ 25 ਹੋਰ ਜ਼ਖਮੀ ਹੋ ਗਏ। ਕੋਲੋਰਾਡੋ ਸਪਰਿੰਗਜ ਪੁਲਿਸ ਮੁਖੀ ਐਡਰੀਅਨ ਵਾਸਕੁਏਜ਼ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਲੰਘੀ ਰਾਤ ਅੱਧੀ ਰਾਤ ਤੋਂ ਪਹਿਲਾਂ 11.57 ਵਜੇ ਸੂਚਨਾ ਮਿਲਣ ਉਪਰੰਤ ਕੁਝ ਮਿੰਟਾਂ ਵਿਚ ਮੌਕੇ ਉਪਰ ਪੁਲਿਸ ਪੁੱਜੀ ਤਾਂ ਘੱਟੋ ਘੱਟ 2 ਵਿਅਕਤੀ ਸ਼ੱਕੀ ਦਾ ਮੁਕਾਬਲਾ ਕਰ ਰਹੇ ਸਨ ਤੇ ਉਨ੍ਹਾਂ ਨੇ ਸ਼ੱਕੀ ਵਿਅਕਤੀ ਨੂੰ ਹੋਰ ਜਾਨੀ ਨੁਕਸਾਨ ਕਰਨ ਤੋਂ ਰੋਕੀ ਰੱਖਿਆ। ਇਸ ਦੇ 5 ਮਿੰਟਾਂ ਬਾਅਦ ਪੁਲਿਸ ਨੇ ਜ਼ਖਮੀ ਹਾਲਤ ਵਿਚ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਵਿਚੋਂ 7 ਦੀ ਹਾਲਤ ਨਾਜ਼ੁਕ ਹੈ। ਸ਼ੱਕੀ ਵਿਅਕਤੀ ਦੀ ਪਛਾਣ ਐਡਰਸਨ ਲੀ ਐਲਡਰਿਚ (22) ਵਜੋਂ ਹੋਈ ਹੈ ਤੇ ਪੁਲਿਸ ਦਾ ਵਿਸ਼ਵਾਸ਼ ਹੈ ਕਿ ਉਸ ਇਕੱਲੇ ਨੇ ਹੀ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ।

ਐਲ ਪਾਸੋ ਕਾਊਂਟੀ ਡਿਸਟ੍ਰਿਕਟ ਅਟਾਰਨੀ ਮਿਸ਼ੈਲ ਐਲਨ ਨੇ ਕਿਹਾ ਹੈ ਕਿ ਘਟਨਾ ਦੀ ਨਫਰਤੀ ਨਜਰੀਏ ਤੋਂ ਵੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ੱਕੀ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ ਦੇ ਦੋਸ਼ ਆਇਦ ਹੋਣ ਦੀ ਸੰਭਾਵਨਾ ਹੈ। ਇਸੇ ਦੌਰਾਨ ਕਲੱਬ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਗੋਲੀਬਾਰੀ ਨਸਲੀ ਨਫਰਤ ਦਾ ਸਿੱਟਾ ਹੈ। ਅਸੀਂ ਪੀੜਤਾਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹਾਂ।

## ਗੋਲੀਬਾਰੀ ਕਰਨ ਵਾਲੇ ਸ਼ੱਕੀ ਦੋਸ਼ੀ ਵਿਰੁੱਧ ਹੱਤਿਆ ਤੇ ਨਸਲੀ ਅਪਰਾਧ ਦੇ ਦੋਸ਼ ਆਇਦ ਹੋਣਗੇ , ਮ੍ਰਿਤਕਾਂ ਦੀ ਹੋਈ ਪਛਾਣ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਕੋਲੋਰਾਡ ਰਾਜ ਵਿਚ ਕੋਲੋਰਾਡੋ ਸਪਰਿੰਗਜ ਵਿਖੇ ਇਕ ਨਾਈਟ ਕਲੱਬ ਵਿਚ ਗੋਲੀਆਂ ਮਾਰ ਕੇ 5 ਵਿਅਕਤੀਆਂ ਦੀ ਹੱਤਿਆ ਕਰਨ ਤੇ 17 ਹੋਰਨਾਂ ਨੂੰ ਜ਼ਖਮੀ ਕਰਨ ਵਾਲੇ ਸ਼ੱਕੀ ਦੋਸ਼ੀ 22 ਸਾਲਾ ਐਂਡਰਸਨ ਲੀਅ ਐਲਡਰਿਚ ਵਿਰੁੱਧ 5 ਪਹਿਲਾ ਦਰਜਾ ਹੱਤਿਆਵਾਂ ਤੇ ਨਫਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਜਾਣਗੇ। ਇਹ ਜਾਣਕਾਰੀ ਐਲ ਪਾਸੋ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ ਮਾਈਕਲ ਐਲਨ ਨੇ ਦਿੱਤੀ ਹੈ। ਐਲਡਰਿਚ ਨੂੰ ਹਸਪਤਾਲ ਤੋਂ ਜੇਲ੍ਹ ਵਿਚ ਭੇਜ ਦਿੱਤਾ ਗਿਆ ਹੈ। ਸ਼ੁਰੂ ਵਿਚ ਉਸ ਵਿਰੁੱਧ ਸੁਣਵਾਈ ਵੀਡੀਓ ਪ੍ਰਣਾਲੀ ਰਾਹੀਂ ਹੋਵੇਗੀ। ਜਿਸ ਨਾਈਟ ਕਲੱਬ ਵਿਚ ਗੋਲੀਬਾਰੀ ਦੀ ਘਟਨਾ ਵਾਪਰੀ ਉਹ ਸਥਾਨਕ ਐਲ ਜੀ ਬੀ ਟੀ ਕਿਊ ਭਾਈਚਾਰੇ ਲਈ ਸੁਰੱਖਿਅਤ ਮੰਨੀ ਜਾਂਦੀ ਸੀ ਜਿਥੇ ਉਹ ਇਕੱਠੇ ਹੋ ਕੇ ਗੱਪ ਸ਼ੱਪ ਮਾਰਦੇ ਸਨ ਤੇ ਆਪਣੇ ਸਮਾਗਮ ਕਰਦੇ ਸਨ। ਪੁਲਿਸ ਨੇ ਗੋਲੀਬਾਰੀ ਵਿਚ ਮਾਰੇ ਗਏ ਲੋਕਾਂ ਦੀ ਪਛਾਣ ਕਰ ਲਈ ਹੈ ਇਨ੍ਹਾਂ ਵਿਚ ਡੈਨੀਅਲ ਅਸਟਨ, ਰੇਮਾਂਡ ਗਰੀਨ ਵਾਂਸ, ਕੈਲੀ ਲਵਿੰਗ, ਐਸ਼ਲੇ ਪੌਗ ਤੇ ਡੈਰਿਕ ਰੰਪ ਸ਼ਾਮਲ ਹਨ।

# ਅਮਰੀਕਾ ਦੀ ਕੈਰੀਲੋਨਾ ਯੂਨੀਵਰਸਿਟੀ ਨੇ ਦਿੱਤੀ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਦੀ ਇਜਾਜ਼ਤ



ਨਿਊਯਾਰਕ/ : ਅਮਰੀਕਾ ਦੀ ਪ੍ਰਮੁੱਖ ਯੂਨੀਵਰਸਿਟੀ ਨੇ ਸਿੱਖ ਵਿਦਿਆਰਥੀਆਂ ਨੂੰ ਕੰਪਲੈਕਸ 'ਵਿਚ ਕਿਰਪਾਨ ਧਾਰਨ ਕਰ ਕੇ ਆਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਬਦਲਾਅ ਦੋ ਮਹੀਨੇ ਪਹਿਲਾਂ ਇਕ ਵੀਡੀਓ ਦੇ ਪ੍ਰਸਾਰਣ ਤੋਂ ਬਾਅਦ ਆਇਆ ਹੈ। ਵੀਡੀਓ ਵਿਚ ਚਾਰਲੋਟ ਵਿਚ ਉੱਤਰੀ ਕੈਰੀਲੋਨਾ ਯੂਨੀਵਰਸਿਟੀ 'ਚ ਇਕ ਵਿਦਿਆਰਥਣ ਨੂੰ ਕਿਰਪਾਨ ਰੱਖਣ 'ਤੇ ਹਥਕੜੀ ਲਗਾਈ ਗਈ ਸੀ। ਸਿੱਖਾਂ ਵਿਚ ਕਿਰਪਾਨ ਇਕ ਧਾਰਮਿਕ ਵਸਤੂ ਹੈ। ਉੱਤਰੀ ਕੈਰੀਲੋਨਾ ਯੂਨੀਵਰਸਿਟੀ ਨੇ ਵੀਰਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕੰਪਲੈਕਸ ਵਿਚ ਕਿਰਪਾਨ ਧਾਰਨ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ, ਪਰ ਕਿਰਪਾਨ ਦੇ ਬਲੇਡ ਦੀ ਲੰਬਾਈ ਤਿੰਨ ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਇਸ ਦੇ ਨਾਲ ਹੀ ਕਿਰਪਾਨ ਮਿਆਨ ਵਿਚ ਕੱਪੜਿਆਂ ਦੇ ਅੰਦਰ ਸਰੀਰ ਨਾਲ ਚਿਪਕਾ ਕੇ ਰੱਖਣੀ ਪਵੇਗੀ। ਫ਼ੈਸਲਾ ਫ਼ੌਰੀ ਤੌਰ

(ਬਾਕੀ ਸਫ਼ਾ 29 'ਤੇ)

# ਬਾਈਡਨ ਪ੍ਰਸ਼ਾਸਨ ਵੱਲੋਂ ਕੈਲੀਫੋਰਨੀਆ ਦੇ ਪ੍ਰਮਾਣੂ ਊਰਜਾ ਪਲਾਂਟ ਲਈ 1.1 ਅਰਬ ਡਾਲਰ ਦੇਣ ਦਾ ਐਲਾਨ



ਸੈਂਟਰਲ ਕੈਲੀਫੋਰਨੀਆ ਤੱਟ ਉਪਰ ਸਥਿਤ ਪ੍ਰਮਾਣੂ ਬਿਜਲੀ ਪਲਾਂਟ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਯੂ ਐਸ ਡਿਪਾਰਟਮੈਂਟ ਆਫ ਏਨਰਜੀ ਨੇ ਪੈਸੀਫਿਕ ਗੈਸ ਐਂਡ ਇਲੈਕਟ੍ਰਿਕ ਕੰਪਨੀ ਨੂੰ 1.1 ਅਰਬ ਡਾਲਰ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ਤਾਂ ਜੋ ਸੈਂਟਰਲ ਕੈਲੀਫੋਰਨੀਆ ਤੱਟ ਉਪਰ ਸਥਿੱਤ ਪ੍ਰਮਾਣੂ ਬਿਜਲੀ ਪਲਾਂਟ ਦੀ ਸਾਂਭ ਸੰਭਾਲ ਕੀਤੀ ਜਾ ਸਕੇ। ਇਸ ਨਾਲ ਕੈਲੀਫੋਰਨੀਆ ਵਿਚ ਪ੍ਰਮਾਣੂ ਊਰਜਾ ਨੂੰ ਚੰਗਾ ਹੁਲਾਰਾ ਮਿਲੇਗਾ। ਡਿਆਬਲੋ ਕੈਨਯੋਨ ਵਿਖੇ ਸਥਿਤ ਪ੍ਰਮਾਣੂ ਪਲਾਂਟ ਨੂੰ ਦੋ ਚਰਨਾਂ ਵਿਚ 2025 ਤੱਕ ਬੰਦ ਕੀਤਾ ਜਾਣਾ ਹੈ ਪ੍ਰੰਤੂ ਗਵਰਨਰ ਨਿਊਸੋਮ ਇਸ ਦੇ ਹੱਕ ਵਿਚ ਨਹੀਂ ਹਨ। ਪਿਛਲੇ ਸਾਲਾਂ ਵਿਚ ਪਈ ਅੱਤ ਦੀ ਗਰਮੀ ਤੇ ਜੰਗਲੀ ਅੱਗ ਕਾਰਨ ਕੈਲੀਫੋਰਨੀਆ ਦੀ ਇਲੈਕਟ੍ਰਿਕ ਗਰਿਡ ਪ੍ਰਭਾਵਿਤ ਹੋਈ ਸੀ। ਊਰਜਾ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੰਘੀ ਸਹਾਇਤਾ ਇਸ ਗੱਲ ਨੂੰ ਯਕੀਨੀ ਨਹੀਂ ਬਣਾਉਂਦੀ ਕਿ ਇਹ ਪ੍ਰਮਾਣੂ ਪਲਾਂਟ 2025 ਤੋਂ ਬਾਅਦ ਵੀ ਜਾਰੀ ਰਹੇਗਾ ਪ੍ਰੰਤੂ ਇਹ ਸਹਾਇਤਾ ਫਿਲਹਾਲ ਇਸ ਪਲਾਂਟ ਨੂੰ ਚੱਲਦਾ ਰਖੇਗੀ।

# ਫਲੋਰਿਡਾ ਦੇ ਤੱਟ ਨੇੜੇ ਕਿਸ਼ਤੀ ਡੁੱਬਣ ਕਾਰਨ 5 ਪ੍ਰਵਾਸੀਆਂ ਦੀ ਮੌਤ



ਫਲੋਰਿਡਾ ਤੱਟ ਨੇੜੇ ਡੁੱਬੇ ਪ੍ਰਵਾਸੀਆਂ ਦੀਆਂ ਲਾਸ਼ਾਂ ਲੱਭਦੇ ਹੋਏ ਕੋਸਟ ਗਾਰਡ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਫਲੋਰਿਡਾ ਤੱਟ ਤੋਂ ਤਕਰੀਬਨ 50 ਮੀਲ ਦੂਰ ਲਿਟਲ ਟਾਰਚ ਕੀਅ ਨੇੜੇ ਇਕ ਕਿਸ਼ਤੀ ਦੇ ਡੁੱਬਣ ਨਾਲ 5 ਪ੍ਰਵਾਸੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਯੂ ਐਸ ਕੋਸਟ ਗਾਰਡ ਨੇ ਦਿੱਤੀ ਹੈ। ਇਹ ਲੋਕ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਕੋਸਟ ਗਾਰਡ ਅਨੁਸਾਰ ਘੱਟੋ ਘੱਟ 14 ਵਿਅਕਤੀ ਕਿਸ਼ਤੀ ਵਿਚ ਸਵਾਰ ਸਨ ਜਿਨ੍ਹਾਂ ਵਿਚੋਂ 9 ਨੂੰ ਬਚਾਅ ਲਿਆ ਗਿਆ। ਇਕ ਲਾਸ਼ ਬਰਾਮਦ ਕਰ ਲਈ ਗਈ ਹੈ ਤੇ ਬਾਕੀ 4 ਪ੍ਰਵਾਸੀ ਜਿਨਾਂ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਉਹ ਡੁੱਬ ਗਏ ਹਨ, ਜਿਨ੍ਹਾਂ ਦੀਆਂ ਲਾਸ਼ਾਂ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। ਮਾਰੇ ਗਏ ਪ੍ਰਵਾਸੀ ਕਿਸ ਦੇਸ਼ ਦੇ ਹਨ, ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਅਮਰੀਕੀ ਸਿੱਖ ਅਮਰੀਕਾ ’ਚ ਅੰਤਰ-ਧਰਮ ਸੰਵਾਦ ਨੂੰ ਵਧਾਉਣ ਲਈ ਅਗਵਾਈ ਕਰਦੇ ਹਨ : ਉਪ ਸਪੀਕਰ ਕੈਥਰੀਨ ਕਲਾਰਕ






ਫਰੀਮਾਂਟ/ਏ.ਟੀ.ਨਿਊਜ਼ :- ਬੀਤੇ ਦਿਨੀਂ ਅਮਰੀਕਾ ਵਿਚ ਗੁਰੂ ਨਾਨਕ ਦੇਵ ਜੀ ਦਾ 553ਵਾਂ ਪ੍ਰਕਾਸ਼ ਪੁਰਬ ਅਮਰੀਕੀ ਕੈਪੀਟਲ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ ਜੋ ਕਿ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ । ਸਿੱਖ ਕਾਕਸ ਕਮੇਟੀ ਅਤੇ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਦੁਆਰਾ ਸਹਿ-ਸੰਗਠਿਤ, ਇਸ ਸਮਾਗਮ ਵਿੱਚ ਯੂਐਸ ਕਾਂਗਰਸ ਦੇ ਇੱਕ ਦਰਜਨ ਦੇ ਕਰੀਬ ਮੈਂਬਰਾਂ ਨੇ ਉਪ ਸਪੀਕਰ ਮਾਨਯੋਗ ਕੈਥਰੀਨ ਕਲਾਰਕ ਦੀ ਅਗਵਾਈ ਵਿੱਚ ਹਿੱਸਾ ਲਿਆ।

ਇਕੱਠ ਨੂੰ ਸੰਬੋਧਨ ਕਰਦਿਆਂ ਮਿਸ ਕਲਾਰਕ ਨੇ ਸਿੱਖਾਂ ਦੀ ਸ਼ਾਂਤੀ ਪਸੰਦ ਭਾਈਚਾਰਾ ਹੋਣ ਲਈ ਸ਼ਲਾਘਾ ਕੀਤੀ ਜਿਨ੍ਹਾਂ ਨੇ ਅਮਰੀਕਾ ਵਿੱਚ ਵੱਖ-ਵੱਖ ਖੇਤਰਾਂ ਵਿੱਚ ਅਹਿਮ ਯੋਗਦਾਨ ਪਾਇਆ ਹੈ। ਕੈਥਰੀਨ ਕਲਾਰਕ ਨੇ ਕਿਹਾ ਕਿ ‘ਸਿੱਖ ਇੱਕ ਸ਼ਾਂਤੀ ਪਸੰਦ ਭਾਈਚਾਰਾ ਹਨ ਅਤੇ ਦੂਜਿਆਂ ਦੀ ਮਦਦ ਕਰਨ ਦੇ ਆਪਣੇ ਗੁਰੂ ਦੇ ਸਿਧਾਂਤ ਦੀ ਪਾਲਣਾ ਕਰਦੇ ਹਨ।’ ਸਿੱਖ ਭਾਈਚਾਰੇ ਨਾਲ ਜੁੜਨਾ ਇਸ ਨੂੰ ਮਾਣ ਵਾਲੀ ਗੱਲ ਦੱਸਦਿਆਂ ਕਾਂਗਰਸਮੈਨ ਜੌਹਨ ਗੈਰਾਮੇਂਡੀ ਨੇ ‘ਸਰਬੱਤ ਦਾ ਭਲਾ’ (ਸਭਨਾਂ ਦੀ ਭਲਾਈ) ਵਿੱਚ ਵਿਸ਼ਵਾਸ ਰੱਖਣ ਅਤੇ ਸਾਰਿਆਂ ਲਈ ਅਰਦਾਸਾਂ ਲਈ ਸਿੱਖਾਂ ਦੀ ਸ਼ਲਾਘਾ ਕੀਤੀ।

ਗੁਰੂ ਨਾਨਕ ਦੇਵ ਜੀ ਦੀਆਂ ਵੱਖ-ਵੱਖ ਧਰਮਾਂ ਦੇ ਕੇਂਦਰਾਂ ਦੀ ਯਾਤਰਾ ਨੂੰ ਸਿੱਖ ਧਰਮ ਦਾ ਧੁਰਾ ਕਰਾਰ ਦਿੰਦੇ ਹੋਏ, ਗਾਰਮੇਂਡੀ ਨੇ ਅਮਰੀਕਾ ਵਿੱਚ ਅੰਤਰ-ਧਰਮ ਸੰਵਾਦ ਨੂੰ ਉਤਸ਼ਾਹਿਤ ਕਰਨ ਲਈ ਅਮਰੀਕੀ ਸਿੱਖਾਂ ਦੁਆਰਾ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ‘ਅਜਿਹੇ ਯਤਨ ਸਿੱਖ ਧਰਮ ਦੀ ਬਿਹਤਰ ਸਮਝ ਲਈ ਸਿੱਖ ਸਿਧਾਂਤਾਂ ਦੀ ਸਮਝ ਪ੍ਰਦਾਨ ਕਰਦੇ ਹਨ ਅਤੇ ਅੰਤਰ-ਧਰਮ ਭਾਈਚਾਰਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਵਾਗਤਯੋਗ ਕਦਮ ਹੈ।’

ਸਿੱਖ ਕਾਕਸ ਦੇ ਇੱਕ ਹੋਰ ਸਹਿ-ਪ੍ਰਧਾਨ ਮਾਨਯੋਗ ਸ. ਡੇਵਿਡ ਵਲਾਦਾਓ ਨੇ ਗੁਰੂ ਨਾਨਕ ਦੇਵ ਜੀ ਦੀਆਂ ਮਾਨਵਤਾਵਾਂ ਦੀ ਸੇਵਾ ਕਰਨ ਦੀਆਂ ਸਿੱਖਿਆਵਾਂ ’ਤੇ ਚੱਲਣ ਵਾਲੇ ਸਿੱਖਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਕੌਮ ਦੁਆਰਾ ਕੀਤੀ ਮਾਨਵਤਾ ਸੇਵਾ ਦੀ ਵੱਡੀ ਉਦਾਹਰਣ ਮਹਾਂਮਾਰੀ ਦੌਰਾਨ ਵਿਸ਼ਵ ਪੱਧਰ ’ਤੇ ਵੇਖਣ ਨੂੰ ਮਿਲੀ।

ਸੰਯੁਕਤ ਰਾਸ਼ਟਰ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਡਾ. ਇਕਤਦਾਰ ਚੀਮਾ ਨੇ ਸ਼ਾਂਤੀ, ਸਦਭਾਵਨਾ ਅਤੇ ਸਹਿ-ਹੋਂਦ ਦਾ ਮਾਰਗ ਦਿਖਾਉਣ ਲਈ ਗੁਰੂ ਨਾਨਕ ਦੇਵ ਜੀ ਦੀ ਪ੍ਰਸ਼ੰਸਾ ਕੀਤੀ।

ਇਸ ਸਮਾਗਮ ਵਿੱਚ ਪਾਲ ਮੋਂਟੇਰੋ ਡਾਇਰੈਕਟਰ ਡੀਓਜੇ ਸੀਆਰਐਸ ਅਤੇ ਮਾਰਕਸ ਕੋਲਮੈਨ ਡਾਇਰੈਕਟਰ ਡੀਐਚਐਸ ਸੈਂਟਰ ਫਾਰ ਵਿਸ਼ਵਾਸ ਅਧਾਰਤ ਅਤੇ ਗੁਆਂਢੀ ਭਾਈਵਾਲੀ ਨੇ ਵੀ ਭਾਗ ਲਿਆ।

ਅਮਰੀਕੀ ਕਾਂਗਰਸ ਦੇ ਭਾਗੀਦਾਰ ਮੈਂਬਰਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਅਮਰੀਕਾ ਦੀ ਤਾਕਤ ਇਸ ਦੀ ਵਿਭਿੰਨ ਵਿਰਾਸਤ ਤੋਂ ਆਉਂਦੀ ਹੈ, ਜਿਸ ਨੂੰ ਅਮਰੀਕਾ ਵਿਚ ਸਿੱਖ ਭਾਈਚਾਰਾ ਸ਼ਾਮਲ ਕਰਨ, ਆਜ਼ਾਦੀ ਅਤੇ ਅੰਤਰ-ਧਰਮ ਸਹਿਯੋਗ ਦੀਆਂ ਅਮਰੀਕੀ ਪਰੰਪਰਾਵਾਂ ਨੂੰ ਮੁੜ ਸੁਰਜੀਤ ਕਰਨ ਦੇ ਨਾਲ-ਨਾਲ ਸੁਰੱਖਿਅਤ ਰੱਖਣ ਵਿਚ ਮਦਦ ਕਰ ਰਿਹਾ ਹੈ। ਬ੍ਰੈਂਡਾ ਐਫ. ਅਬਦੇਲਾਲ ਦੇ ਸਹਿਯੋਗੀ ਅਤੇ ਸਹਾਇਕ ਸਕੱਤਰ ਦੀ ਸ਼ਮੂਲੀਅਤ ’ਚ OPE/DHS ਨੇ ਕਿਹਾ, ਅਮਰੀਕਾ ਦੀ ਧਰਤੀ ਉੱਤੇ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਮਨਾਉਣਾ ਇੱਕ ਬਹੁਤ ਮਾਣ ਵਾਲੀ ਗੱਲ ਹੈ।

ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ, ਜਗਰਾਜ ਸਿੰਘ, ਹਿੰਮਤ ਸਿੰਘ ਅਤੇ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਸਿੱਖ ਧਰਮ ਅਤੇ ਇਸ ਦੇ ਸਿਧਾਂਤਾਂ ਨੂੰ ਹੋਰ ਧਰਮਾਂ ਦੇ ਲੋਕਾਂ ਵਿੱਚ ਵਧੇਰੇ ਸਮਝ ਨੂੰ ਉਤਸ਼ਾਹਿਤ ਕਰਨਾ ਹੈ। ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਧਾਰਮਿਕ ਸਮਾਗਮ ਵਿਚ ਮਿਸ ਕਲਾਰਕ ਅਤੇ ਗੈਰਾਮੇਂਡੀ ਤੋਂ ਇਲਾਵਾ, ਇਸ ਸਮਾਗਮ ਵਿੱਚ ਜੂਡੀ ਚੂ, ਡੋਨਾਲਡ ਨੌਰਕਰੌਸ, ਜਿਮ ਕੋਸਟਾ, ਮੈਰੀ ਜੀ ਸਕੈਨਲੋਨ, ਡੱਗ ਲਾਮਾਲਫਾ, ਲੂ ਕੋਰਿਆ, ਜਿੰਮੀ ਪੈਨੇਟਾ, ਸ਼ੀਲਾ ਜੈਕਸਨ ਲੀ, ਅਤੇ ਸਾਬਕਾ ਪ੍ਰਤੀਨਿਧੀ ਪੈਟਰਿਕ ਮੀਹਾਨ ਸਮੇਤ ਹੋਰ ਅਮਰੀਕੀ ਕਾਂਗਰਸ ਮੈਂਬਰਾਂ ਦੀ ਮੌਜੂਦਗੀ ਵੀ ਵੇਖੀ ਗਈ।

## ਮੂਸੇਵਾਲਾ ਦੇ ਮਾਤਾ-ਪਿਤਾ ਨੇ ਯੂ.ਕੇ. ’ਚ ਮਹਾਰਾਜਾ ਦਲੀਪ ਸਿੰਘ ਨੂੰ ਸ਼ਰਧਾਂਜਲੀ ਦਿੱਤੀ

ਚੰਡੀਗੜ੍ਹ/ਏ.ਟੀ.ਨਿਊਜ਼ :- ਇੰਗਲੈਂਡ ਪੁੱਜੇ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ ਪਿਤਾ ਨੇ ਮਹਾਰਾਜਾ ਦਲੀਪ ਸਿੰਘ ਪੁੱਤਰ ਮਹਾਰਾਜਾ ਰਣਜੀਤ ਸਿੰਘ ਦੀ ਕਬਰ ’ਤੇ ਜਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



ਦੱਸਣਯੋਗ ਹੈ ਕਿ ਸਿੱਧੂ ਮੂਸੇਵਾਲਾ ਦੇ ਚਾਚਾ ਚਮਕੌਰ ਸਿੰਘ ਸਿੱਧੂ ਨੇ ਪੁਸ਼ਟੀ ਕੀਤੀ ਹੈ ਕਿ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਮਾਤਾ ਚਰਨ ਕੌਰ ਯੂ.ਕੇ. 24 ਨਵੰਬਰ ਤੱਕ ਰਹਿਣਗੇ ਅਤੇ ਉਥੇ ਆਪਣੇ ਪੁੱਤਰ ਦੀ ਯਾਦ ’ਚ ਆਯੋਜਿਤ ਕੀਤੇ ਜਾ ਰਹੇ ‘ਇਨਸਾਫ ਮਾਰਚ’ ’ਚ ਸ਼ਾਮਲ ਹੋਣਗੇ। ਇਸ ਮਗਰੋਂ ਉਹ ਪੰਜਾਬ ਵਾਪਸ ਆ ਜਾਣਗੇ।

## ਕੈਰੋਲੀਨਾ ਵਿਚ ਹੈਲੀਕਾਪਟਰ ਤਬਾਹ, ਟੀ ਵੀ ਪੱਤਰਕਾਰ ਤੇ ਪਾਇਲਟ ਦੀ ਮੌਤ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਉੱਤਰੀ ਕੈਰੋਲੀਨਾ ਵਿਚ ਚਰਲੋਟ ਵਿਖੇ ਇਕ ਹੈਲੀਕਾਪਟਰ ਤਬਾਹ ਹੋ ਗਿਆ ਜਿਸ ਵਿਚ ਸਵਾਰ ਡਬਲਯੂ ਬੀ ਟੀ ਵੀ ਦੇ ਮੌਸਮ ਵਿਗਿਆਨੀ (ਪੱਤਰਕਾਰ) ਤੇ ਪਾਇਲਟ ਦੀ ਮੌਤ ਹੋ ਗਈ। ਟੀ ਵੀ ਸਟੇਸ਼ਨ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਮਾਰੇ ਗਏ ਉਸ ਦੇ ਮੁਲਾਜ਼ਮਾਂ ਦੀ ਪਛਾਣ ਮੌਸਮ ਵਿਗਿਆਨੀ ਜੈਸਨ ਮਾਇਰਜ ਤੇ ਪਾਇਲਟ ਚਿਪ ਤਿਆਗ ਵਜੋਂ ਹੋਈ ਹੈ। ਟੀ ਵੀ ਸਟੇਸ਼ਨ ਨੇ ਇਕ ਬਿਆਨ ਵਿਚ ਕਿਹਾ ਹੈ ਕਿਡਬਲਯੂ ਬੀ ਟੀ ਵੀ ਪਰਿਵਾਰ ਨੂੰ ਉਸ ਵੇਲੇ ਅਸਹਿ ਨੁਕਸਾਨ ਪੱਜਾ ਜਦੋਂ ਉਸ ਦਾ ਨਿਊਜ਼ ਹੈਲੀਕਾਪਟਰ ਸਕਾਈ 3 ਮੰਗਲਵਾਰ ਦੁਪਹਿਰ ਵੇਲੇ ਤਬਾਹ ਹੋ ਗਿਆ। ਅਸੀਂ ਇਸ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਨਾਲ ਹਾਂ। ਚਰਲੋਟ ਮੈਕਲੈਨਬਰਗ ਪੁਲਿਸ ਮੁਖੀ ਜੌਹਨੀ ਜੈਨਿੰਗਜ ਅਨੁਸਾਰ ਪੁਲਿਸ ਨੂੰ ਦੁਪਹਿਰ 12 ਵਜੇ ਦੇ ਕਰੀਬ ਇੰਟਰਸਟੇਟ 77 ਉਪਰ ਸੜਕ ਦੇ ਇਕ ਪਾਸੇ ਹੈਲੀਕਾਪਟਰ ਦੇ ਤਬਾਹ ਹੋਣ ਦੀ ਸੂਚਨਾ ਮਿਲੀ ਸੀ। ਹੈਲੀਕਾਪਟਰ ਵਿਚ ਸਵਾਰ ਦੋਨਾਂ ਵਿਅਕਤੀਆਂ ਦੀ ਮੌਕੇ ਉਪਰ ਹੀ ਮੌਤ ਹੋ ਚੁੱਕੀ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ ਹੋਰ ਕੋਈ ਵਾਹਣ ਸ਼ਾਮਿਲ ਨਹੀਂ ਹੈ। ਅਜਿਹਾ ਲੱਗਦਾ ਹੈ ਕਿ ਪਾਇਲਟ ਨੇ



ਹੈਲੀਕਾਪਟਰ ਹਾਦਸੇ ਵਿਚ ਮਾਰੇ ਗਏ ਪਾਇਲਟ ਚਿਪ ਤਿਆਗ ਤੇ ਜੈਸਨ ਮਾਇਰਜ

ਅੰਤ ਵੇਲੇ ਸੜਕ ਉਪਰ ਜਾ ਰਹੇ ਲੋਕਾਂ ਦੇ ਬਚਾਅ ਲਈ ਹੈਲੀਕਾਪਟਰ ਨੂੰ ਸੜਕ ਤੋਂ ਦੂਰ ਲਿਜਾਣ ਦਾ ਯਤਨ ਕੀਤਾ। ਘਟਨਾ ਦੀ ਜਾਂਚ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਤੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਦੇ ਅਧਿਕਾਰੀ ਕਰ ਰਹੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਵਿਵਾਦਤ ਫਿਲਮ 'ਦਾਸਤਾਨ-ਏ-ਸਰਹਿੰਦ' ਨੂੰ ਤੁਰੰਤ ਬੰਦ ਕਰਨ ਸਬੰਧੀ ਗੁਰਦੁਆਰਾ ਸਾਹਿਬਾਨਾਂ ਵਿੱਚੋਂ ਮਤੇ ਪੈਣੇ ਸ਼ੁਰੂ





ਵਿਵਾਦਤ ਫਿਲਮ 'ਦਾਸਤਾਨ-ਏ-ਸਰਹਿੰਦ' ਨੂੰ ਬੰਦ ਕਰਨ ਸਬੰਧੀ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਸਮਾਜਿਕ ਸੰਸਥਾਵਾਂ ਵੱਲੋਂ ਲਗਾਤਾਰ ਮਤੇ ਪੈਣੇ ਸ਼ੁਰੂ ਹੋ ਗਏ ਹਨ। ਜਿਸ ਵਿੱਚ ਇਸ ਫਿਲਮ ਨੂੰ ਤੁਰੰਤ ਬੰਦ ਕਰਨ ਲਈ ਕਿਹਾ ਜਾ ਰਿਹਾ ਹੈ। ਇਹ ਫਿਲਮ ਆਉਂਦੀ 2 ਤਰੀਕ ਨੂੰ ਜਾਰੀ ਹੋਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸੰਗਤ ਦੇ ਲਗਾਤਾਰ ਵਿਰੋਧ ਦੇ ਬਾਵਜੂਦ ਵੀ ਅਜਿਹੀਆਂ ਫ਼ਿਲਮਾਂ ਬਣ ਰਹੀਆਂ ਹਨ, ਕਈ ਦਫ਼ਾ ਸੰਗਤ ਅਜਿਹੀਆਂ ਫ਼ਿਲਮਾਂ ਬੰਦ ਕਰਵਾਉਣ 'ਚ ਕਾਮਯਾਬ ਵੀ ਰਹੀ ਹੈ।

ਬੀਤੇ ਦਿਨੀਂ 'ਸਿੱਖ ਜਥਾ ਮਾਲਵਾ' ਵੱਲੋਂ ਇਸ ਸਬੰਧੀ ਮਤਾ ਪਾਇਆ ਗਿਆ ਜਿਸ ਵਿੱਚ ਕਿਹਾ ਗਿਆ ਕਿ ਗੁਰਮਤਿ ਰਵਾਇਤ ਅਨੁਸਾਰ ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦੇ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੀਆਂ ਮੂਰਤਾਂ ਬਣਾਉਣੀਆਂ ਜਾਂ ਉਨ੍ਹਾਂ ਦੀਆਂ ਨਕਲਾਂ ਲਾਹੁਣ, ਸਵਾਂਗ ਰਚਣ ਅਤੇ ਗੁਰੂ ਬਿੰਬ ਦੀ ਪੇਸ਼ਕਾਰੀ/ਪਰਦੇਕਾਰੀ ਦੀ ਸਖਤ ਮਨਾਹੀ ਹੈ। ਸਾਲ 2005 ਵਿਚ ਆਈ ਕਾਰਟੂਨ ਫਿਲਮ 'ਸਾਹਿਬਜ਼ਾਦੇ' ਤਕਨੀਕ ਦੇ ਬਹਾਨੇ ਇਸ ਕੁਰਾਹੇ ਵੱਲ ਪੁੱਟਿਆ ਗਿਆ ਕਦਮ ਗੈਰ ਸਿਧਾਂਤਕ ਸੀ। ਜਿਸ ਤੋਂ ਬਾਅਦ ਗੈਰ ਸਿਧਾਂਤਕ ਫ਼ਿਲਮਾਂ ਦੀ ਲੜੀ ਲੱਗ ਗਈ, ਜਿਨ੍ਹਾਂ ਵਿਚ ਚਾਰ ਸਾਹਿਬਜ਼ਾਦੇ, ਭਾਈ ਮੂਲਾ ਖੱਤਰੀ, ਭਾਈ ਤਾਰੂ ਸਿੰਘ, ਨਾਨਕ ਸ਼ਾਹ ਫਕੀਰ, ਦਾਸਤਾਨ-ਏ-ਮੀਰੀ ਪੀਰੀ, ਮਦਰਹੁੱਡ ਵਰਗੀਆਂ ਫਿਲਮਾਂ ਸ਼ਾਮਲ ਹਨ। ਹੁਣ 'ਦਾਸਤਾਨ-ਏ-ਸਰਹਿੰਦ' ਨਾਮੀ ਫਿਲਮ ਇਸ ਸਿਧਾਂਤਕ ਕੁਰਾਹੇ ਦਾ ਅਗਲਾ ਪੜਾਅ ਲੈ ਕੇ ਆਈ ਹੈ। ਫਿਲਮ ਦੇ ਪ੍ਰਸ਼ੰਸਕਾਂ ਵੱਲੋਂ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਸਾਂਝੀ ਕੀਤੀ ਗਈ ਜਾਣਕਾਰੀ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਫਿਲਮ ਵਿੱਚ ਮਾਸੂਮ ਬਾਲ ਅਦਾਕਾਰਾਂ ਕੋਲੋਂ ਸਾਹਿਬਜ਼ਾਦਿਆਂ ਦੀਆਂ ਨਕਲਾਂ ਲਾਹੁਣ ਦਾ ਬੱਜਰ ਗੁਨਾਹ ਕੀਤਾ ਗਿਆ ਹੈ। ਮਤੇ ਵਿੱਚ ਕਿਹਾ ਗਿਆ ਕਿ ਅਸੀਂ ਗੁਰ-ਸ਼ਬਦ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਦੇ ਹਾਮੀ ਹਾਂ ਪਰ ਅਸੀਂ ਇਹ ਗੱਲ ਬਿਲਕੁਲ ਸਪੱਸ਼ਟਤਾ ਨਾਲ ਕਹਿਣੀ ਚਾਹੁੰਦੇ ਹਾਂ ਕਿ ਪ੍ਰਚਾਰ-ਪ੍ਰਸਾਰ ਦੇ ਬਹਾਨੇ ਖਾਲਸਾਈ ਰਵਾਇਤਾਂ ਦੀ ਉਲੰਘਣਾ ਕਰਨੀ ਅਤੇ ਸਿੱਖਾਂ ਨੂੰ ਬੁੱਤ-ਪ੍ਰਸਤੀ ਦੇ ਕੁਰਾਹੇ ਉੱਪਰ ਤੋਰਨਾ ਸਰਾਸਰ ਗਲਤ ਹੈ ਅਤੇ ਅਜਿਹਾ ਹਰਗਿਜ਼ ਨਹੀਂ ਹੋਣਾ ਚਾਹੀਦਾ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਬੇਨਤੀ ਕੀਤੀ ਹੈ ਕਿ ਇਸ ਸਿਧਾਂਤਕ ਕੁਰਾਹੇ ਨੂੰ ਪੱਕੀ ਠੱਲ੍ਹ ਪਾਉਣ ਲਈ 'ਦਾਸਤਾਨ-ਏ-ਸਰਹਿੰਦ' ਫਿਲਮ 'ਤੇ ਤੁਰੰਤ ਰੋਕ ਲਾਈ ਜਾਵੇ ਅਤੇ ਅਗਾਂਹ ਤੋਂ ਅਜਿਹੀਆਂ ਫਿਲਮਾਂ ਬਣਾਉਣ 'ਤੇ ਮੁਕੰਮਲ ਪਾਬੰਦੀ ਲਈ ਹੁਕਮਨਾਮਾ ਜਾਰੀ ਕੀਤਾ ਜਾਵੇ।

ਇਸੇ ਤਰ੍ਹਾਂ ਹੁਣ ਵੱਖ-ਵੱਖ ਪਿੰਡਾਂ ਸ਼ਹਿਰਾਂ ਦੇ ਗੁਰਦੁਆਰਾ ਸਾਹਿਬਾਨ ਵਿੱਚੋਂ ਮਤੇ ਪਾਏ ਜਾ ਰਹੇ ਹਨ। ਲੰਘੇ ਦਿਨੀਂ ਸੰਗਰੂਰ ਦੇ ਪਿੰਡ ਦੁੱਗਾਂ, ਸੂਲਰ, ਖਡਿਆਲ, ਮਹਿਲਾਂ ਚੌਂਕ, ਭੱਟੀਵਾਲ ਕਲਾਂ, ਸੰਗਰੂਰ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਨਾਭਾ ਦੇ ਪਿੰਡ ਸ਼ਾਹਪੁਰ ਦੀਆਂ ਗੁਰਦੁਆਰਾ ਕਮੇਟੀਆਂ ਵੱਲੋਂ ਮਤੇ ਪਾਏ ਗਏ ਹਨ। ਇਸ ਦੇ ਨਾਲ ਹੀ ਮਾਨਵਤਾ ਦੀ ਸੇਵਾ ਸੰਸਥਾ ਪਿੰਡ ਢੰਢੋਲੀ ਖੁਰਦ ਅਤੇ ਜੰਡਸਰ ਗੱਤਕਾ ਅਖਾੜਾ ਪਿੰਡ ਖਡਿਆਲ ਵੱਲੋਂ ਵੀ ਅਜਿਹਾ ਹੀ ਮਤਾ ਪਾਇਆ ਗਿਆ ਹੈ ਜਿਸ ਵਿੱਚ 'ਦਾਸਤਾਨ-ਏ-ਸਰਹਿੰਦ' ਫਿਲਮ ਨੂੰ ਬਿਨ੍ਹਾਂ ਦੇਰੀ ਕੀਤਿਆਂ ਵਾਪਸ ਲੈਣ ਲਈ ਕਿਹਾ ਗਿਆ ਹੈ।



ਮੀਰੀ ਪੀਰੀ ਸੇਵਾ ਦਲ



GURDWARA SHRI GURU SINGH SABHA



ਸਿੱਖ ਜਥਾ ਮਾਲਵਾ

ਇਸ ਸਿਧਾਂਤਕ ਕੁਰਾਹੇ ਸਬੰਧੀ ਸੰਗਤ ਆਪਣਾ ਵਿਰੋਧ ਦਰਜ ਕਰਵਾ ਰਹੀ ਹੈ ਅਤੇ ਸੰਗਤ ਦਾ ਵਿਰੋਧ ਲਗਾਤਾਰ ਵਧਦਾ ਜਾ ਰਿਹਾ ਹੈ ਪਰ ਅਜੇ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸਬੰਧੀ ਕੋਈ ਬਿਆਨ ਨਹੀਂ ਆਇਆ। ਫਿਲਮ ਦਾ ਵਿਰੋਧ ਕਰ ਰਹੀ ਸੰਗਤ ਕਹਿ ਰਹੀ ਹੈ ਕਿ ਜੇਕਰ ਇਸ ਵਿਰੋਧ ਦੇ ਬਾਵਜੂਦ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਇਹ ਇਤਿਹਾਸ ਦਾ ਸਭ ਤੋਂ ਭਿਆਨਕ ਸਮਾਂ ਸਿੱਧ ਹੋਵੇਗਾ ਜਿਸ ਦੌਰਾਨ ਇਨ੍ਹਾਂ ਸੰਸਥਾਵਾਂ ਵੱਲੋਂ ਵੱਟੀ ਚੁੱਪ ਦੇ ਖਤਰਨਾਕ ਨਤੀਜੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਭੁਗਤਣਗੀਆਂ।

# ਵਿਵਾਦਤ ਫ਼ਿਲਮ 'ਦਾਸਤਾਨ-ਏ-ਸਰਹਿੰਦ' ਨੂੰ ਬੰਦ ਕਰਵਾਉਣ ਲਈ ਮਸਤੂਆਣਾ ਸਾਹਿਬ ਵਿਖੇ ਸੰਕੇਤਕ ਰੋਸ

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਵੇ ਹੁਕਮਨਾਮਾ ਜਾਰੀ





ਮਸਤੂਆਣਾ ਸਾਹਿਬ / ਏ.ਟੀ.ਨਿਊਜ਼ : ਸਿੱਖ ਜਥਾ ਮਾਲਵਾ ਅਤੇ ਗੁਰਮਤਿ ਪ੍ਰਚਾਰਕ ਰਾਗੀ ਗ੍ਰੰਥੀ ਸਭਾ ਸੰਗਰੂਰ ਵੱਲੋਂ ਆਉਣ ਵਾਲੀ ਫ਼ਿਲਮ 'ਦਾਸਤਾਨ-ਏ-ਸਰਹਿੰਦ' ਨੂੰ ਬੰਦ ਕਰਵਾਉਣ ਸਬੰਧੀ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ ਸੰਕੇਤਕ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਸੰਕੇਤਕ ਰੋਸ ਬਿਨਾਂ ਕਿਸੇ ਨਾਹਰੇ ਤੋਂ ਹੱਥਾਂ ਵਿੱਚ ਵੱਖ-ਵੱਖ ਇਸ਼ਤਿਹਾਰ ਫੜ੍ਹ ਕੇ ਕੀਤਾ ਗਿਆ।

ਇਹ ਸੰਕੇਤਕ ਰੋਸ ਪ੍ਰਦਰਸ਼ਨ ਇਸ ਲਈ ਕੀਤਾ ਗਿਆ ਕਿਉਂਕਿ ਸਿੱਖ ਸਿਧਾਂਤਾਂ ਮੁਤਾਬਕ ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦੇ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਨੂੰ ਕਿਸੇ ਵੀ ਤਰੀਕੇ ਪੇਸ਼ ਨਹੀਂ ਕੀਤਾ ਜਾ ਸਕਦਾ, ਗੁਰਮਤਿ ਰਵਾਇਤ ਅੰਦਰ ਇਨ੍ਹਾਂ ਦੀਆਂ ਨਕਲਾਂ ਲਾਹੁਣ 'ਤੇ ਸਵਾਂਗ ਰਚਣ ਦੀ ਸਖ਼ਤ ਮਨਾਹੀ ਹੈ।

2 ਦਸੰਬਰ ਨੂੰ ਜਾਰੀ ਹੋਣ ਵਾਲੀ ਇਸ ਫ਼ਿਲਮ ਵਿਚ ਗੁਰੂ ਸਾਹਿਬ ਦੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਵਾਂਗ ਰਚਿਆ ਗਿਆ ਹੈ। ਸਾਲ 2005 ਵਿਚ ਆਈ ਕਾਰਟੂਨ ਫ਼ਿਲਮ 'ਸਾਹਿਬਜ਼ਾਦੇ' ਤਕਨੀਕ ਦੇ ਬਹਾਨੇ ਇਸ ਕੁਰਾਹੇ ਵੱਲ ਪੁੱਟਿਆ ਗਿਆ ਪਹਿਲਾ ਕਦਮ ਸੀ। ਜਿਸ ਤੋਂ ਬਾਅਦ ਅਜਿਹੀਆਂ ਗੈਰ ਸਿਧਾਂਤਕ ਫ਼ਿਲਮਾਂ ਦੀ ਲੜੀ ਲੱਗ ਗਈ, ਜਿਹਨਾਂ ਵਿਚ ਚਾਰ ਸਾਹਿਬਜ਼ਾਦੇ, ਭਾਈ ਮੂਲਾ ਖੱਤਰੀ, ਭਾਈ ਤਾਰੂ ਸਿੰਘ, ਨਾਨਕ ਸ਼ਾਹ ਫਕੀਰ, ਦਾਸਤਾਨ-ਏ-ਮੀਰੀ ਪੀਰੀ, ਮਦਰਹੁੱਡ ਵਰਗੀਆਂ ਫ਼ਿਲਮਾਂ ਸ਼ਾਮਲ ਹਨ। ਹੁਣ ਇਹ ਫ਼ਿਲਮ ਇਸ ਸਿਧਾਂਤਕ ਕੁਰਾਹੇ ਦਾ ਅਗਲਾ ਪੜਾਅ ਲੈ ਕੇ ਆਈ ਹੈ। ਐਨੀਮੇਸ਼ਨ ਤਕਨੀਕ ਰਾਹੀਂ ਫ਼ਿਲਮ ਬਣਾਉਣ



ਵਾਲਿਆ ਦਾ ਹਮੇਸ਼ਾ ਇਹ ਤਰਕ ਹੁੰਦਾ ਹੈ ਕਿ ਇਸ ਤਕਨੀਕ ਵਿਚ ਕਿਸੇ ਮਨੁੱਖ ਵੱਲੋਂ ਰੋਲ ਨਹੀਂ ਨਿਭਾਇਆ ਜਾਂਦਾ ਪਰ ਹੁਣ ਸਬੂਤਾਂ ਸਮੇਤ ਪਰਦੇ ਪਿਛਲੀ ਇਹ ਗੱਲ ਸਿੱਖ ਸੰਗਤ ਦੇ ਸਾਹਮਣੇ ਆ ਗਈ ਹੈ ਕਿ ਬਾਬਾ ਜ਼ੋਰਾਵਰ ਸਿੰਘ ਦੀ ਭੂਮਿਕਾ ਮਾਸੂਮ ਬੱਚੇ ਵੱਲੋਂ ਕਰਵਾਈ ਗਈ ਹੈ। ਜੋ ਕਿ ਸਰਾਸਰ ਗ਼ਲਤ ਹੈ, ਜਿਸਨੂੰ ਸਿੱਖ ਸੰਗਤ ਕਦੇ ਬਰਦਾਸ਼ਤ ਨਹੀਂ ਕਰੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਤੋਂ ਵੱਖ-ਵੱਖ ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਵੱਲੋਂ ਇਸ ਫ਼ਿਲਮ ਦੇ ਵਿਰੋਧ ਵਿੱਚ ਮਤੇ ਪਾਏ ਜਾ ਰਹੇ ਹਨ ਅਤੇ ਵੱਖ-ਵੱਖ ਸ਼ਹਿਰਾਂ ਵਿੱਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਅਜਿਹੀਆਂ ਫ਼ਿਲਮਾਂ 'ਤੇ ਪੂਰਨ ਤੌਰ 'ਤੇ ਪਾਬੰਦੀ ਲਾਉਣ ਲਈ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਹੋਣਾ ਚਾਹੀਦਾ ਹੈ। ਜੇਕਰ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਇਹ ਇਤਿਹਾਸ ਦਾ ਸਭ ਤੋਂ ਭਿਆਨਕ ਸਮਾਂ ਸਿੱਧ ਹੋਵੇਗਾ ਜਿਸ ਦੌਰਾਨ ਇਹਨਾਂ ਸੰਸਥਾਵਾਂ ਵੱਲੋਂ ਵੱਟੀ ਚੁੱਪ ਦੇ ਘਾਤਕ ਨਤੀਜੇ ਸਾਡੀਆਂ ਆਉਂਦੀਆਂ ਪੀੜੀਆਂ ਭੁਗਤਣਗੀਆਂ। ਇਸ ਮੌਕੇ ਭਾਈ ਸਤਪਾਲ ਸਿੰਘ, ਭਾਈ ਗੁਰਜੀਤ ਸਿੰਘ, ਭਾਈ ਮਲਕੀਤ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਮਨਦੀਪ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਬਿੰਦਰ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਅਮਨਪ੍ਰੀਤ ਸਿੰਘ, ਭਾਈ ਬੇਅੰਤ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਜਗਤਾਰ ਸਿੰਘ ਹਾਜ਼ਰ ਸਨ।

# ਕਿਸਾਨ ਆਗੂ ਡੱਲੇਵਾਲ ਨੇ ਪ੍ਰਸ਼ਾਸਨ ਦੀਆਂ ਪੇਸ਼ਕਸ਼ਾਂ ਨੂੰ ਠੁਕਰਾਇਆ, ਮਰਨ ਵਰਤ ਜਾਰੀ



ਫਰੀਦਕੋਟ/ਏ.ਟੀ.ਨਿਊਜ਼ :- ਬੀਕੇਯੂ ਏਕਤਾ ਸਿੱਧੂਪੁਰ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਕੀਤਾ ਸੰਘਰਸ਼ ਪੰਜਾਬ ਭਰ ਵਿਚ ਜਾਰੀ ਹੈ ਜਿਸ ਤਹਿਤ ਕਿਸਾਨ ਯੂਨੀਅਨ ਨੇ ਨੈਸ਼ਨਲ ਹਾਈਵੇਅ ’ਤੇ ਟਹਿਣਾ ਟੀ ਪੁਆਇੰਟ ’ਤੇ ਜਾਮ ਲਗਾ ਦਿੱਤਾ ਹੈ। ਇਸ ਹੜਤਾਲ ਨੂੰ ਹਫਤੇ ਤੋਂ ਵਧ ਸਮਾਂ ਹੋ ਗਿਆ ਹੈ। ਜਦੋਂ ਕਿ ਇਸ ਸੰਘਰਸ਼ ਦੌਰਾਨ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਸ਼ੁਰੂ ਕੀਤਾ ਗਿਆ ਮਰਨ ਵਰਤ ਹਫਤਾ ਹੋਣ ਵਾਲਾ ਹੈ।

ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸਮੇਤ ਫਿਰੋਜ਼ਪੁਰ ਰੇਂਜ ਦੇ ਆਈਜੀ ਜਸਕਰਨ ਸਿੰਘ, ਐੱਸਐੱਸਪੀ ਰਾਜਪਾਲ ਸਿੰਘ ਸੰਧੂ, ਡਿਪਟੀ ਕਮਿਸ਼ਨਰ ਡਾ.ਰੂਹੀ ਦੁੱਗ ਸਮੇਤ ਅਨੇਕਾਂ ਉੱਚ ਪੁਲਿਸ ਅਧਿਕਾਰੀਆਂ ਵੱਲੋਂ ਮਰਨ ਵਰਤ ਖ਼ਤਮ ਕਰਨ ਜਾਂ ਡਾਕਟਰੀ ਸਲਾਹ ਅਨੁਸਾਰ ਹੀ ਸੰਘਰਸ਼ ਕਰਨ ਦੀਆਂ ਦਿੱਤੀਆਂ ਪੇਸ਼ਕਸ਼ਾਂ ਨੂੰ ਜਗਜੀਤ ਸਿੰਘ ਡੱਲੇਵਾਲ ਨੇ ਠੁਕਰਾ ਦਿੱਤਾ, ਜਦਕਿ ਕਿਸਾਨ ਆਗੂਆਂ ਨੇ ਕੁਝ ਵੀ ਖਾਣ-ਪੀਣ ਅਤੇ ਹਸਪਤਾਲ ਜਾਣ ਤੋਂ ਸਾਫ ਇਨਕਾਰ ਕਰਦਿਆਂ ਦੁਹਰਾਇਆ ਕਿ ਮੰਗਾਂ ਲਾਗੂ ਹੋਣ ਤੋਂ ਬਾਅਦ ਹੀ ਉਹ ਆਪਣਾ ਮਰਨ ਵਰਤ ਖਤਮ ਕਰਨਗੇ।ਇਕ ਪਾਸੇ ਸੱਤਾਧਾਰੀ ਧਿਰ ਅਤੇ ਅਫਸਰਸ਼ਾਹੀ ਵਲੋਂ ਡੱਲੇਵਾਲ ਤੇ ਉਸ ਦੇ ਸਾਥੀਆਂ ਨੂੰ ਮਨਾਉਣ ਦਾ ਸਿਲਸਿਲਾ ਜਾਰੀ ਹੈ ਤੇ ਦੂਜੇ ਪਾਸੇ ਕੁਝ ਸਿਆਸੀ, ਗ਼ੈਰ ਰਾਜਨੀਤਿਕ ਅਤੇ ਧਾਰਮਿਕ ਸ਼ਖਸੀਅਤਾਂ ਵਲੋਂ ਡੱਲੇਵਾਲ ਦੇ ਧਰਨੇ ਨੂੰ ਸਮਰਥਨ ਵੀ ਦਿੱਤਾ ਜਾ ਰਿਹਾ ਹੈ। ਡੱਲੇਵਾਲ ਦੀ ਸਿਹਤ ਇਸ ਸਮੇਂ ਵਿਗੜੀ ਹੋਈ ਹੈ, ਜਿਸ ਤੋਂ ਸਰਕਾਰ ਅਤੇ ਅਫਸਰਸ਼ਾਹੀ ਦਾ ਚਿੰਤਤ ਹੈ। ਕੁਲਤਾਰ ਸਿੰਘ ਸੰਧਵਾਂ ਨੇ ਆਖਿਆ ਕਿ ਡੱਲੇਵਾਲ ਦੀ ਪੰਜਾਬ ਨੂੰ ਬਹੁਤ ਲੋੜ ਹੈ ਤੇ ਉਹ ਕਿਸਾਨੀ ਮੰਗਾਂ ਸਬੰਧੀ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿਚ ਲਿਆਉਣਗੇ।

# ਕਾਂਗਰਸ ਰਾਜੀਵ ਹੱਤਿਆ ਕੇਸ ਸੰਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਦੇਵੇਗੀ ਚੁਣੌਤੀ



ਨਵੀਂ ਦਿੱਲੀ/ਏ.ਟੀ.ਨਿਊਜ਼ : ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲਾਂ ਦੀ ਰਿਹਾਈ ਖ਼ਿਲਾਫ਼ ਕਾਂਗਰਸ ਪਾਰਟੀ ਸੁਪਰੀਮ ਕੋਰਟ ਦਾ ਰੁਖ ਕਰੇਗੀ। ਕਾਤਲਾਂ ਦੀ ਰਿਹਾਈ ਤੋਂ 10 ਦਿਨ ਬਾਅਦ ਕਾਂਗਰਸ ਨੇ ਇਸ ਮਾਮਲੇ ਵਿਚ ਮੁੜ ਵਿਚਾਰ ਪਟੀਸ਼ਨ ਦਾਇਰ ਕਰਨ ਦਾ ਫ਼ੈਸਲਾ ਕੀਤਾ ਹੈ। ਸੀਨੀਅਰ ਪਾਰਟੀ ਆਗੂ ਤੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ ਕਾਂਗਰਸ ਨੇ ਸਿਧਾਂਤਕ ਤੌਰ ’ਤੇ ਸੁਪਰੀਮ ਕੋਰਟ ਦੇ ਫੈਸਲੇ ਦੀ ਸਮੀਖਿਆ ਦੀ ਮੰਗ ਦਾ ਫ਼ੈਸਲਾ ਕੀਤਾ ਹੈ ਤੇ ਅਗਲੇ ਕੁਝ ਦਿਨਾਂ ਵਿਚ ਮੁੜ ਵਿਚਾਰ ਪਟੀਸ਼ਨ ਦਾਖ਼ਲ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਨਲਿਨੀ ਸ੍ਰੀਚਰਨ ਸਮੇਤ 6 ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਅਦਾਲਤ ਦਾ ਇਹ ਫ਼ੈਸਲਾ ਤਾਮਿਲਨਾਡੂ ਸਰਕਾਰ ਦੀ ਸਿਫ਼ਾਰਸ਼ ਦੇ ਆਧਾਰ ’ਤੇ ਕੀਤਾ ਗਿਆ। ਕਾਂਗਰਸ ਨੇ ਉਸ ਸਮੇਂ ਫ਼ੈਸਲੇ ਦੀ ਨਿਖੇਧੀ ਕਰਦਿਆਂ ਇਸ ਨੂੰ ਮੰਦਭਾਗਾ ਅਤੇ ਨਾਪ੍ਰਵਾਨਯੋਗ ਕਰਾਰ ਦਿੱਤਾ ਸੀ। ਕੇਂਦਰ ਨੇ ਵੀ ਸ਼ੁੱਕਰਵਾਰ ਨੂੰ ਇਸ ਮਾਮਲੇ ਵਿਚ ਆਦੇਸ਼ ’ਤੇ ਮੁੜ-ਵਿਚਾਰ ਪਟੀਸ਼ਨ ਦਾਇਰ ਕੀਤੀ, ਜਿਸ ਵਿਚ ਕਿਹਾ ਗਿਆ ਕਿ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੂੰ ਕੇਂਦਰ ਸਰਕਾਰ ਨੂੰ ਵੀ ਸੁਣਨਾ ਚਾਹੀਦਾ ਸੀ। ਕੇਂਦਰ ਨੇ ਇਸ ਨੂੰ ਨਿਆਂ ਦੇਣ ਵਿਚ ਹੋਈ ਨਾਕਾਮੀ ਕਰਾਰ ਦਿੱਤਾ। ਹਾਲਾਂਕਿ ਸਾਬਕਾ ਕਾਂਗਰਸ ਪ੍ਰਧਾਨ ਅਤੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਪਤਨੀ ਸੋਨੀਆ ਗਾਂਧੀ ਚਾਰੋਂ ਦੋਸ਼ੀਆਂ ਦੀ ਮੌਤ ਦੀ ਸਜ਼ਾ ਘੱਟ ਕਰਨ ਦਾ ਸਮਰਥਨ ਕੀਤਾ ਸੀ। ਉਨ੍ਹਾਂ ਦੀ ਬੇਟੀ ਪ੍ਰਿਅੰਕਾ ਗਾਂਧੀ ਨੇ ਵੀ ਜੇਲ੍ਹ ਵਿਚ ਜਾ ਕੇ ਇਕ ਦੋਸ਼ੀ ਨਾਲ ਮੁਲਾਕਾਤ ਕੀਤੀ ਸੀ ਅਤੇ ਉਸ ਨੂੰ ਮੁਆਫ਼ ਕਰ ਦਿੱਤਾ ਸੀ।

# 5 ਲੱਖ ਦਾ ਇਨਾਮੀ ਖ਼ਾਲਿਸਤਾਨੀ ਖਾਨਪੁਰੀਆ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ



ਨਵੀਂ ਦਿੱਲੀ/ਏ.ਟੀ.ਨਿਊਜ਼ :- ਐਨਆਈਏ ਨੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ 5 ਲੱਖ ਰੁਪਏ ਦੇ ਇਨਾਮੀ ਮੋਸਟ ਵਾਂਟੇਡ ਖਾਲਿਸਤਾਨੀ ਨੂੰ ਗ੍ਰਿਫ਼ਤਾਰ ਕੀਤਾ ਹੈ। ਐਨਆਈਏ ਅਧਿਕਾਰੀਆਂ ਮੁਤਾਬਕ ਗ੍ਰਿਫਤਾਰ ਖਾਲਿਸਤਾਨੀ ਦਾ ਨਾਂ ਕੁਲਵਿੰਦਰਜੀਤ ਸਿੰਘ ਉਰਫ ਖਾਨਪੁਰੀਆ ਹੈ। ਉਹ ਬੱਬਰ ਖ਼ਾਲਸਾ ਇੰਟਰਨੈਸ਼ਨਲ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਵਰਗੇ ਭਾਰਤ ਵਿਰੋਧੀ ਸੰਗਠਨਾਂ ਨਾਲ ਜੁੜਿਆ ਹੋਇਆ ਹੈ। ਉਹ ਬੈਂਕਾਕ ਤੋਂ ਇੱਥੇ ਪਹੁੰਚਿਆ ਸੀ। ਖਾਨਪੁਰੀਆ ’ਤੇ ਪੰਜਾਬ ਵਿਚ ਕਈ ਕਤਲ ਕੇਸਾਂ ਨੂੰ ਅੰਜਾਮ ਦੇਣ ਦਾ ਦੋਸ਼ ਹੈ। ਉਹ ਕਈ ਦਹਿਸ਼ਤੀ ਮਾਮਲਿਆਂ ਵਿੱਚ ਵੀ ਲੋੜੀਂਦਾ ਸੀ। ਉਹ 2019 ਤੋਂ ਫਰਾਰ ਸੀ। ਐਨਆਈਏ ਨੇ ਉਸ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਪੰਜ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ।

ਗ੍ਰਿਫਤਾਰ ਕੀਤਾ ਗਿਆ ਖਾਨਪੁਰੀਆ ਪੰਜਾਬ ਵਿਚ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਸਮੇਤ ਕਈ ਅੱਤਵਾਦੀ ਮਾਮਲਿਆਂ ਵਿਚ ਸ਼ਾਮਲ ਅਤੇ ਲੋੜੀਂਦਾ ਸੀ। ਉਹ ਨੱਬੇ ਦੇ ਦਹਾਕੇ ਵਿੱਚ ਨਵੀਂ ਦਿੱਲੀ ਦੇ ਕਨਾਟ ਪਲੇਸ ਵਿੱਚ ਹੋਏ ਬੰਬ ਧਮਾਕੇ ਅਤੇ ਹੋਰ ਰਾਜਾਂ ਵਿੱਚ ਗ੍ਰੇਨੇਡ ਹਮਲਿਆਂ ਵਿੱਚ ਵੀ ਸ਼ਾਮਲ ਸੀ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਖਾਨਪੁਰੀਆ ਪੰਜਾਬ ਵਿੱਚ ਡੇਰਾ ਸੱਚਾ ਸੌਦਾ ਨਾਲ ਸਬੰਧਿਤ ਅਦਾਰਿਆਂ ਅਤੇ ਪੁਲਿਸ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਵਿੱਚ ਹਿੰਸਕ ਹਮਲੇ ਕਰਨ ਦੀ ਸਾਜ਼ਿਸ਼ ਦਾ ਮੁੱਖ ਸਾਜ਼ਿਸ਼ਕਰਤਾ ਅਤੇ ਮਾਸਟਰਮਾਈਂਡ ਹੈ। ਇਸ ਤੋਂ ਇਲਾਵਾ, ਐੱਨਆਈਏ ਨੇ ਕਿਹਾ, ਖਾਨਪੁਰੀਆ ਪੰਜਾਬ ਅਤੇ ਪੂਰੇ ਦੇਸ਼ ਵਿੱਚ ਦਹਿਸ਼ਤ ਪੈਦਾ ਕਰਨ ਦੇ ਸਮੁੱਚੇ ਉਦੇਸ਼ ਨਾਲ ਭਾਖੜਾ ਬਿਆਸ ਪ੍ਰਬੰਧਨ ਬੋਰਡ, ਚੰਡੀਗੜ੍ਹ ਦੇ ਸੀਨੀਅਰ ਅਧਿਕਾਰੀਆਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਸੀ। ਖਾਨਪੁਰੀਆ ਨੇ ਕੁਝ ਥਾਵਾਂ ਦੀ ਛਾਣਬੀਣ ਵੀ ਕੀਤੀ ਸੀ।

ਇਹ ਕੇਸ ਸ਼ੁਰੂ ਵਿੱਚ 30 ਮਈ, 2019 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿੱਚ ਦਰਜ ਕੀਤਾ ਗਿਆ ਸੀ ਅਤੇ 27 ਜੂਨ, 2019 ਨੂੰ ਐੱਨਆਈਏ ਦੁਆਰਾ ਦੁਬਾਰਾ ਦਰਜ ਕੀਤਾ ਗਿਆ ਸੀ। ਐੱਨਆਈਏ ਨੇ ਕਿਹਾ, ਖਾਨਪੁਰੀਆ ਨੇ ਵੱਖ-ਵੱਖ ਦੱਖਣ-ਪੂਰਬੀ ਖਾਨਪੁਰੀਆ ਵਿੱਚ ਕੰਮ ਕੀਤਾ ਹੈ। ਏਸ਼ੀਆਈ ਦੇਸ਼ਾਂ ਵਿੱਚ ਸਥਿਤ ਉਸਦੇ ਹੈਂਡਲਰ ਅਤੇ ਸਹਿਯੋਗੀਆਂ ਨੇ ਭਾਰਤ ਵਿੱਚ ਦਹਿਸ਼ਤੀ ਹਮਲਿਆਂ ਦੀ ਯੋਜਨਾ ਬਣਾਈ ਅਤੇ ਸਾਜ਼ਿਸ਼ ਰਚੀ, ਜਿਸ ਤੋਂ ਬਾਅਦ ਖਾਨਪੁਰੀਆ ਭਾਰਤ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ।

ਲੁਕਆਊਟ ਸਰਕੂਲਰ ਵੀ ਜਾਰੀ ਕੀਤਾ ਗਿਆ ਸੀ

ਅੱਤਵਾਦ ਰੋਕੂ ਏਜੰਸੀ ਨੇ ਕਿਹਾ ਕਿ ਉਸਨੇ ਪਹਿਲਾਂ ਹਰਮੀਤ ਉਰਫ ਪੀਐੱਚਡੀ ’ਤੇ ਹਮਲਾ ਕੀਤਾ ਅਤੇ ਹੁਣ ਪਾਕਿਸਤਾਨ ਸਥਿਤ ਆਈਐਸਵਾਈਐਫ ਦੇ ਮੁਖੀ ਲਖਬੀਰ ਸਿੰਘ ਰੋਡੇ ਦੇ ਨਾਲ ਆਪਣੇ ਭਾਰਤ-ਆਧਾਰਿਤ ਸਹਿਯੋਗੀਆਂ ਦੀ ਵਰਤੋਂ ਲੋੜੀਂਦੇ ਵਿਅਕਤੀਆਂ ਅਤੇ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਲਈ ਸਾਹਮਣੇ ਆਇਆ।

ਐੱਨਆਈਏ ਦੀ ਵਿਸ਼ੇਸ਼ ਅਦਾਲਤ ਨੇ ਖਾਨਪੁਰੀਆ ਨੂੰ ਭਗੌੜਾ ਕਰਾਰ ਦਿੱਤਾ ਸੀ। ਜਿਸ ਤੋਂ ਬਾਅਦ ਇੰਟਰਪੋਲ ਦੁਆਰਾ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਗਿਆ ਸੀ ਅਤੇ ਉਸ ਦੇ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਐਨਆਈਏ ਨੇ ਉਸ ਦੀ ਗ੍ਰਿਫ਼ਤਾਰੀ ਲਈ ਸੂਚਨਾ ਦੇਣ ਵਾਲੇ ਨੂੰ 5 ਲੱਖ ਰੁਪਏ ਦੇ ਨਕਦ ਇਨਾਮ ਦਾ ਐਲਾਨ ਵੀ ਕੀਤਾ ਸੀ। ਉਸ ’ਤੇ 21 ਨਵੰਬਰ, 2019 ਨੂੰ ਭਗੌੜੇ ਵਜੋਂ ਦੋਸ਼ ਲਗਾਇਆ ਗਿਆ ਸੀ।

# ਮਜੀਠੀਆ ਨੇ ਅੰਮ੍ਰਿਤਪਾਲ ਸਿੰਘ ਵਿਰੁਧ ਬਿਆਨ ਦੇ ਕੇ ਬਾਦਲ ਦਲ ਲਈ ਸੰਕਟ ਖੜ੍ਹਾ ਕੀਤਾ

## ਪ੍ਰੋਫੈਸਰ ਚੰਦੂਮਾਜਰਾ ਨੂੰ ਅਕਾਲੀ ਦਲ ਦਾ ਅਕਸ ਸੁਧਾਰਨ ਲਈ ਮੈਦਾਨ ਵਿਚ ਆਉਣਾ ਪਿਆ

## ਅੰਮ੍ਰਿਤਪਾਲ ਨੇ ਮਜੀਠੀਆ ’ਤੇ ਪਲਟਵਾਰ ਕੀਤਾ ਕਿ ਖਾਲਸਾ ਲਹਿਰ ਨੇ ਉਸਦਾ ਕਾਰੋਬਾਰ ਬੰਦ ਕਰਵਾਇਆ

ਜਲੰਧਰ/ਏ.ਟੀ.ਨਿਊਜ਼ :-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਸਿੱਖ ਪੰਥ ਦੇ ਨਵੇਂ ਉਭਰੇ ਨੇਤਾ ਅੰਮ੍ਰਿਤਪਾਲ ਸਿੰਘ ਦਾ ਵਿਰੋਧ ਕਰਕੇ ਸਿੱਖ ਪੰਥ ਦੀ ਬੇਅਦਬੀ ਮੁੱਦੇ ’ਤੇ ਬਹਿਬਲ ਗੋਲੀ ਕਾਂਡ ਕਾਰਨ ਨਰਾਜ਼ਗੀ ਸਹੇੜ ਰਹੇ ਬਾਦਲ ਦਲ ਲਈ ਧਰਮ ਸੰਕਟ ਖੜ੍ਹਾ ਕਰ ਦਿੱਤਾ ਹੈ। ਪਿਛਲੇ ਦਿਨੀਂ ਅੰਮ੍ਰਿਤਪਾਲ ਸਿੰਘ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਵਿਰੁੱਧ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਸੀ ਕਿ ਉਹ ਕਿਸੇ ਵੀ ਕੀਮਤ ’ਤੇ ਪੰਜਾਬ ਦਾ ਮਾਹੌਲ ਖ਼ਰਾਬ ਨਹੀਂ ਹੋਣ ਦੇਣਗੇ, ਭਾਵੇਂ ਇਸ ਲਈ ਉਨ੍ਹਾਂ ਨੂੰ ਆਪਣੀ ਜਾਨ ਵੀ ਕਿਉਂ ਨਾ ਗਵਾਉਣੀ ਪਵੇ। ਮਜੀਠੀਆ ਨੇ ਕਿਹਾ ਸੀ ਕਿ ਅੰਮ੍ਰਿਤਪਾਲ ਕਦੇ ਕਿਸੇ ਨੂੰ ਮਾੜਾ ਕਹਿ ਰਿਹਾ ਹੈ ਤੇ ਕਦੇ ਕਿਸੇ ਨੂੰ, ਇਸ ਨੂੰ ਏਜੰਸੀਆਂ ਵੀ ਨਹੀਂ ਰੋਕ ਰਹੀਆਂ ਤੇ ਸਰਕਾਰ ਵੀ ਇਸ ਮਾਮਲੇ ’ਤੇ ਮੌਨ ਧਾਰੀ ਬੈਠੀ ਹੈ। ਇਹ ਲੋਕ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੂਸਰੇ ਪਾਸੇ ਅਕਾਲੀ ਦਲ ਦਾ ਸਿਆਸੀ ਨੁਕਸਾਨ ਹੁੰਦਿਆਂ





ਦੇਖਕੇ ਅਕਾਲੀ ਦਲ ਦੇ ਸੀਨੀਅਰ ਨੇਤਾ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਅੰਮ੍ਰਿਤਪਾਲ ਸਿੰਘ ਦੀ ਚਲਾਈ ਖਾਲਸਾ ਲਹਿਰ ਦਾ ਸਮਰਥਨ ਕਰਦਾ ਹੈ। ਮਜੀਠੀਆ ਦਾ ਅੰਮ੍ਰਿਤ ਪਾਲ ਬਾਰੇ ਨਿਜੀ ਬਿਆਨ ਹੈ।ਸ੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੋਮਣੀ ਕਮੇਟੀ ਭਾਈ ਅੰਮ੍ਰਿਤ ਪਾਲ ਸਿੰਘ ਨੂੰ ਸਹਿਯੋਗ ਦੇਵੇਗੀ। ਦੂਸਰੇ ਪਾਸੇ ਅੰਮ੍ਰਿਤਪਾਲ ਸਿੰਘ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਉਨ੍ਹਾਂ ’ਤੇ ਕੀਤੇ ਹਮਲੇ ਦਾ ਜਵਾਬ ਦਿੰਦਿਆਂ ਕਿਹਾ ਕਿ ਕਈ ਲੋਕ ਜਿਸ ਨੂੰ ਮਾਝੇ ਦਾ ਜਰਨੈਲ ਐਲਾਨੀ ਫਿਰਦੇ ਹਨ, ਮੇਰੇ ਬਾਰੇ ਆਖਦਾ ਫਿਰਦਾ ਹੈ ਕਿ ਇਹ ਹਿੰਦੂ-ਸਿੱਖਾਂ ਦੀ ਸਾਂਝ ਨੂੰ ਤੋੜ ਰਿਹਾ ਹੈ। ਅੰਮ੍ਰਿਤਪਾਲ ਨੇ ਸਪੱਸ਼ਟ ਕਿਹਾ ਕਿ ਹਿੰਦੂ-ਸਿੱਖਾਂ ਦੀ ਸਾਂਝ ਕਦੇ ਨਹੀਂ ਟੁੱਟਣੀ। ਮਜੀਠੀਆ ਵਹਿਮ ਲਈ ਫਿਰਦਾ। ਸਾਡੇ ਵਲੋਂ ਚਲਾਈ ਨਸ਼ਿਆਂ ਵਿਰੁਧ ਲਹਿਰ ਕਾਰਨ ਉਸਦਾ ਕਾਰੋਬਾਰ ਬੰਦ ਹੋ ਗਿਆ ਹੈ। ਇਸ ਕਰਕੇ ਉਸ ਨੂੰ ਸਿੱਖੀ ਪ੍ਰਚਾਰ ਭਾਉਂਦਾ ਨਹੀਂ।

## ਸਚੋ ਸੱਚ ਦਸ ਵੇ ਜੋਗੀਆ

# ਸਿੱਖ ਕਤਲੇਆਮ ਸਬੰਧੀ 200 ਕੇਸਾਂ ਦੀ ਜਾਂਚ ਨਹੀਂ ਕਰਵਾਏਗੀ ਵਿਸ਼ੇਸ਼ ਜਾਂਚ ਟੀਮ

## ਦਿੱਲੀ ਦੀ ਪੁਲਿਸ ਅਤੇ ਹੋਰ ਸਿਵਲ ਅਫਸਰਸ਼ਾਹੀ ਨੇ ਸਿਟ ਨੂੰ ਸਹਿਯੋਗ ਨਹੀਂ ਦਿੱਤਾ, ਮੋਦੀ ਸਰਕਾਰ ਚੁਪ

1984 ਵਿੱਚ ਹੋਏ ਸਿੱਖਾਂ ਦੇ ਕਤਲੇਆਮ ਦੀ ਜਾਂਚ ਕਰਨ ਲਈ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਜਸਟਿਸ ਐਸ ਐਨ ਢੀਂਗਰਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਇਹ ਜਾਂਚ ਟੀਮ ਲਗਭਗ 7 ਸਾਲ ਪਹਿਲਾਂ ਬਣਾਈ ਗਈ ਸੀ। ਇਸ ਜਾਂਚ ਟੀਮ ਨੇ ਸੱਤ ਸਾਲਾਂ ਵਿੱਚ ਕਿੰਨਾ ਕੁ ਕੰਮ ਕੀਤਾ ਜਾਂ ਕਿੰਨੇ ਕੁ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਕਾਮਯਾਬ ਹੋਈ ਇਹ ਹਾਲੇ ਵੱਖਰੀ ਜਾਂਚ ਦਾ ਵਿਸ਼ਾ ਹੈ ਪਰ ਇਸ ਜਾਂਚ ਟੀਮ ਨੇ ਪਿਛਲੇ ਦਿਨੀਂ ਦਿੱਲੀ ਹਾਈਕੋਰਟ ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਹੈ ਕਿ ਅਸੀਂ ਸਿੱਖ ਕਤਲੇਆਮ ਸਬੰਧੀ 200 ਕੇਸਾਂ ਦੀ ਜਾਂਚ ਨਹੀਂ ਕਰ ਸਕਦੇ। ਇਸ ਦਾ ਭਾਵ ਹੈ ਕਿ ਸਿੱਖ ਕਤਲੇਆਮ ਲਈ ਦੋਸ਼ੀ ਸਮਝੇ ਜਾਂਦੇ ਵਿਅਕਤੀਆਂ ਨੂੰ ਪਹਿਚਾਣ ਕੇ ਉਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹੇ ਕਰਨ ਤੋਂ ਇਸ ਜਾਂਚ ਟੀਮ ਨੇ ਅਸਮਰੱਥਾ ਜਾਹਰ ਕਰ ਦਿੱਤੀ ਹੈ ਜੋ ਕਿ ਇਨਸਾਫ ਨਾਲ ਧ੍ਰੋਹ ਹੈ। ਆਪਣੀ ਰਿਪੋਰਟ ਵਿੱਚ ਜਾਂਚ ਟੀਮ ਨੇ ਆਖਿਆ ਹੈ ਕਿ ਦਿੱਲੀ ਦੀ ਪੁਲਿਸ ਅਤੇ ਹੋਰ ਸਿਵਲ ਅਫਸਰਸ਼ਾਹੀ ਸਾਨੂੰ ਸਹਿਯੋਗ ਨਹੀਂ ਦੇ ਰਹੀ ਅਤੇ 200 ਕੇਸਾਂ ਨੂੰ ਮੁੜ ਖੋਲ੍ਹ ਕੇ ਇਨ੍ਹਾਂ ਨੂੰ ਅਦਾਲਤਾਂ ਵਿੱਚ ਲਿਜਾਣਾ ਉਨੀ ਦੇਰ ਸੰਭਵ ਨਹੀਂ ਜਿੰਨੀ ਦੇਰ ਪੁਲਿਸ ਅਤੇ ਬਾਕੀ ਪ੍ਰਸ਼ਾਸਨ ਸਾਡਾ ਸਹਿਯੋਗ ਨਹੀਂ ਕਰੇਗਾ।



ਜਸਟਿਸ ਢੀਂਗਰਾ ਦੀ ਅਗਵਾਈ ਹੇਠ ਬਣੀ ਜਾਂਚ ਟੀਮ ਦਾ ਖੁਲਾਸਾ ਭਾਰਤ ਦੇ ਨਿਆਂ ਪ੍ਰਬੰਧ ਦੀ ਸਹੀ ਤਸਵੀਰ ਪੇਸ਼ ਕਰਦਾ ਹੈ। ਤੁਸੀਂ ਲੱਖ ਅਦਾਲਤਾਂ ਬਣਾ ਲਓ, ਤੁਸੀਂ ਲੱਖ ਜਾਂਚ ਟੀਮਾਂ ਬਣਾ ਦਿਓ, ਲੱਖਾਂ ਮੀਡੀਆ ਰਿਪੋਰਟਾਂ ਪੇਸ਼ ਕਰ ਦਿਓ, ਪਰ ਜੇ ਭਾਰਤ ਦੇ ਸਿਆਸਤਦਾਨ, ਪੁਲਿਸ ਪ੍ਰਸ਼ਾਸਨ ਅਤੇ ਸਿਵਲ ਪ੍ਰਸ਼ਾਸਨ ਕਿਸੇ ਕੌਮ ਨੂੰ ਇਨਸਾਫ ਨਹੀਂ ਦੇਣਾ ਚਾਹੁੰਦਾ ਤਾਂ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਤੁਹਾਡੀਆਂ ਚਸ਼ਮਦੀਦ ਗਵਾਹੀਆਂ, ਤੁਹਾਡੇ ਪੁਖਤਾ ਸਬੂਤ, ਤੁਹਾਡੇ ਸਹਿਯੋਗੀ ਗਵਾਹ, ਤੁਹਾਡੇ ਕਾਬਲ ਵਕੀਲ ਸਭ ਉਸ ਨਸਲਕੁਸ਼ੀ ਵਾਲੀ ਬਿਰਤੀ ਦੇ ਸਾਹਮਣੇ ਸਿਫਰ ਹਨ ਜੋ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਮਨ ਵਿੱਚ ਖੌਲ ਰਹੀ ਹੈ।

ਭਾਰਤ ਵਿੱਚ ਅਫਸਰਸ਼ਾਹੀ ਅਤੇ ਪੁਲਿਸ ਤੈਅ ਕਰਦੀ ਹੈ ਕਿ ਕਿਸ ਧਿਰ ਨੂੰ ਕਿਸ ਕੇਸ ਵਿੱਚ ਇਨਸਾਫ ਦਿਵਾਉਣਾ ਹੈ ਜਾਂ ਕਿਸ ਧਿਰ ਨੂੰ ਕਿਸ ਕੇਸ ਵਿੱਚ ਧੂਹ ਧੂਹ ਕੇ ਮਾਰ ਦੇਣਾ ਹੈ। ਨਵੰਬਰ 1984 ਦੇ ਸਿੱਖ ਕਤਲੇਆਮ ਦਾ ਮਸਲਾ ਸਿਰਫ ਵੋਟਾਂ ਬਟੋਰਨ ਦੀ ਬੁਰਕੀ ਬਣਕੇ ਰਹਿ ਗਿਆ ਹੈ। ਜਦੋਂ ਪਿਛਲੀ ਵਾਰ ਗੁਰਦਾਸਪੁਰ ਦੀ ਲੋਕ ਸਭਾ ਚੋਣ ਹੋ ਰਹੀ ਸੀ ਤਾਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਖਿਆ ਸੀ ਕਿ 1984 ਦੇ ਕਤਲੇਆਮ ਦੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਜਦੋਂ ਕੁਝ ਸਿਰਲੱਥ, ਸਿੱਖ ਵਕੀਲਾਂ ਦੀ ਸਖਤ ਮਿਹਨਤ ਸਦਕਾ ਸੱਜਣ ਕੁਮਾਰ ਨੂੰ ਸਜ਼ਾ ਕਰਵਾਈ ਗਈ ਤਾਂ ਹਰ ਕਿਸੇ ਨੇ ਆਪਣੇ ਸਿਰ ਤੇ ਇਸਦਾ ਸਿਹਰਾ ਬੰਨ੍ਹਣ ਦੀ ਦੌੜ ਲਗਾਈ। ਪਰ ਹੁਣ ਜਦੋਂ ਜਸਟਿਸ ਢੀਂਗਰਾ ਨੇ ਸਿੱਖ ਕਤਲੇਆਮ ਨਾਲ ਸਬੰਧਤ 200 ਕੇਸ ਬੰਦ ਕਰਨ ਦੀ ਅਰਜ਼ੀ ਪਾ ਦਿੱਤੀ ਹੈ ਤਾਂ ਕੋਈ ਸਿਆਸਤਦਾਨ ਕੁਸਕਿਆ ਵੀ ਨਹੀਂ।

ਕੀ ਇਸਤੋਂ ਇਹ ਸਮਝਿਆ ਜਾਵੇ ਕਿ ਹਰ ਸਿਆਸਤਦਾਨ ਸਿੱਖਾਂ ਨਾਲ ਘਿਨਾਉਣੀ ਖੇਡ ਖੇਡ ਰਿਹਾ ਹੈ? ਜੇ ਸਿੱਖ ਅਜਿਹਾ ਸ਼ੱਕ ਜਾਹਰ ਕਰਦੇ ਹਨ ਤਾਂ ਕੀ ਉਨ੍ਹਾਂ ਦੇ ਸ਼ੱਕ ਗੈਰਕਾਨੂੰਨੀ ਹਨ? ਕੀ ਫਰਕ ਹੈ ਰਾਜੀਵ ਗਾਂਧੀ ਦੇ ਰਾਜ ਵਿੱਚ ਅਤੇ ਨਰਿੰਦਰ ਮੋਦੀ ਦੇ ਰਾਜ ਵਿੱਚ? ਤੁਸੀਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਸਰਕਾਰੀ ਤੌਰ ਤੇ ਮਨਾਉਂਦੇ ਹੋ। ਉਨ੍ਹਾਂ ਵੱਲੋਂ ਜ਼ੁਲਮ ਦੇ ਖਿਲਾਫ ਉਠਾਈ ਅਵਾਜ਼ ਨੂੰ ਹੋਰ ਬੁਲੰਦ ਕਰਨ ਦੇ ਨਾਅਰੇ ਮਾਰਦੇ ਹੋ। ਪਰ ਅਜੋਕੇ ਭਾਰਤੀ ਪ੍ਰਬੰਧ ਅਧੀਨ ਹੋਏ ਸਿੱਖਾਂ ਉਪਰ ਜ਼ੁਲਮਾਂ ਬਾਰੇ ਇਨਸਾਫ ਦੇਣ ਨੂੰ ਤਿਆਰ ਨਹੀਂ। ਇਹ ਕੋਈ ਇੱਕ ਅੱਧ ਕੇਸ ਨਹੀ ਹੈ। ਪੂਰੇ 200 ਕੇਸ ਹਨ ਜਿਨ੍ਹਾਂ ਵਿੱਚ ਸੈਂਕੜੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ ਹੈ। ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ ਹੋਈ ਹੈ। ਇੱਕ ਬਹਾਦਰ ਕੌਮ ਦਹਾਕਿਆਂ ਤੋਂ ਇਸ ਕਤਲੇਆਮ ਦੇ ਸੰਤਾਪ ਨੂੰ ਸਹਿਣ ਕਰਦੀ ਆ ਰਹੀ ਹੈ। ਇਹ ਕਤਲੇਆਮ ਉਸਦੀ ਜਿੰਦਗੀ ਦਾ ਹਿੱਸਾ ਬਣ ਗਿਆ ਹੈ। ਤੁਸੀਂ ਕਿੰਨੀ ਸਹਿਜਤਾ ਨਾਲ ਆਖ ਦਿੱਤਾ ਹੈ ਕਿ ਕੇਸ ਬੰਦ ਕੀਤੇ ਜਾਣ ਕਿਉਂਕਿ ਪੁਲਿਸ ਅਤੇ ਪ੍ਰਸ਼ਾਸਨ ਇਨ੍ਹਾਂ ਨੂੰ ਖੋਲ੍ਹਣ ਵਿੱਚ ਦਿਲਚਸਪੀ ਨਹੀਂ ਲੈ ਰਿਹਾ। ਕੀ ਇਨਸਾਫ ਦੇ ਤਕਾਜ਼ੇ ਪੁਲਿਸ ਤਹਿ ਕਰਦੀ ਹੈ ਜਾਂ ਅਦਾਲਤਾਂ?

# ਲੰਡਨ 'ਚ ਰਚੀ ਗਈ ਸੀ ਇਮਰਾਨ 'ਤੇ ਹਮਲੇ ਅਤੇ ਪੱਤਰਕਾਰ ਦੇ ਕਤਲ ਦੀ ਸਾਜ਼ਿਸ਼

## ਦਿ ਐਕਸਪ੍ਰੈੱਸ ਟ੍ਰਿਬਿਊਨ ਨੇ ਕੀਤਾ ਖੁਲਾਸਾ



ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐਮਐਲ-ਐੱਨ) ਦਾ ਤਰਜਮਾਨ ਹੋਣ ਦਾ ਦਾਅਵਾ ਕਰਨ ਵਾਲੇ ਇੱਕ ਵਿਅਕਤੀ ਨੇ ਦੋਸ਼ ਲਾਇਆ ਹੈ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਚੇਅਰਮੈਨ ਇਮਰਾਨ ਖਾਨ 'ਤੇ ਹਮਲੇ ਅਤੇ ਪੱਤਰਕਾਰ ਅਰਸ਼ਦ ਸ਼ਰੀਫ ਦੇ ਕਤਲ ਦੀ ਸਾਜ਼ਿਸ਼ ਲੰਡਨ ਵਿੱਚ ਰਚੀ ਗਈ ਸੀ। ਇਹ ਖੁਲਾਸਾ ਇੱਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ। ਇੱਕ ਨਿੱਜੀ ਟੀਵੀ ਚੈਨਲ ਅਨੁਸਾਰ ਤਸਨੀਮ ਹੈਦਰ ਸ਼ਾਹ, ਜਿਸ ਨੇ ਕਿਹਾ ਕਿ ਉਹ ਪਿਛਲੇ 20 ਸਾਲਾਂ ਤੋਂ ਪੀਐੱਮਐੱਲ-ਐੱਨ ਨਾਲ ਜੁੜਿਆ ਹੋਇਆ ਸੀ, ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੀਐੱਮਐੱਲ-ਐੱਨ ਮੁਖੀ ਨਵਾਜ਼ ਸ਼ਰੀਫ ਦੇ ਬੇਟੇ ਹਸਨ ਨਵਾਜ਼ ਨਾਲ ਉਨ੍ਹਾਂ ਦੇ ਦਫ਼ਤਰ ਵਿੱਚ ਉਸ ਦੀਆਂ ਤਿੰਨ ਮੀਟਿੰਗਾਂ ਹੋਈਆਂ। 'ਦਿ ਐਕਸਪ੍ਰੈੱਸ ਟ੍ਰਿਬਿਊਨ' ਦੀ ਖ਼ਬਰ ਮੁਤਾਬਕ ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਪੱਤਰਕਾਰ ਅਤੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਲਈ ਬੁਲਾਇਆ ਗਿਆ ਸੀ। ਸ਼ਾਹ ਮੁਤਾਬਕ ਪਹਿਲੀ ਮੀਟਿੰਗ 8 ਜੁਲਾਈ ਨੂੰ, ਦੂਜੀ 20 ਸਤੰਬਰ ਅਤੇ ਤੀਜੀ 29 ਅਕਤੂਬਰ ਨੂੰ ਹੋਈ। ਉਸ ਨੇ ਦੱਸਿਆ ਕਿ ਉਸ ਨੂੰ ਕਿਹਾ ਗਿਆ ਸੀ ਕਿ ਨਵੇਂ ਸੈਨਾ ਮੁਖੀ ਦੀ ਨਿਯੁਕਤੀ ਤੋਂ ਪਹਿਲਾਂ ਅਰਸ਼ਦ ਸ਼ਰੀਫ ਅਤੇ ਖਾਨ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਸ਼ਾਹ ਨੇ ਦੋਸ਼ ਲਾਇਆ ਕਿ ਨਵਾਜ਼ ਸ਼ਰੀਫ਼ ਨੇ ਉਸ ਨੂੰ ਕਿਹਾ ਸੀ ਕਿ ਜੇਕਰ ਉਹ ਸ਼ੂਟਰ ਮੁਹੱਈਆ ਕਰਵਾ ਸਕਦਾ ਹੈ ਤਾਂ ਉਹ (ਪੀਐੱਮਐੱਲ-ਐੱਨ) ਵਜ਼ੀਰਾਬਾਦ ਵਿੱਚ ਜਗ੍ਹਾ ਦੇਣਗੇ ਅਤੇ ਦੋਸ਼ ਪੰਜਾਬ ਸਰਕਾਰ 'ਤੇ ਲੱਗੇਗਾ। ਹਾਲਾਂਕਿ, ਸ਼ਾਹ ਨੇ ਕਿਹਾ ਕਿ ਉਸ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। 'ਐਕਸਪ੍ਰੈੱਸ ਟ੍ਰਿਬਿਊਨ' ਦੀ ਖ਼ਬਰ ਮੁਤਾਬਕ ਸ਼ਾਹ ਨੇ ਇਹ ਵੀ ਕਿਹਾ ਕਿ ਸਾਜ਼ਿਸ਼ ਦੀ ਸੂਚਨਾ ਬਰਤਾਨਵੀ ਪੁਲੀਸ ਨੂੰ ਦਿੱਤੀ ਗਈ ਸੀ। ਹਾਲਾਂਕਿ ਦੂਜੇ ਪਾਸੇ ਪੀਐੱਮਐੱਲ-ਐੱਨ ਨੇ ਆਪਣੀ ਤਰਜਮਾਨ ਅਤੇ ਸੂਚਨਾ ਮੰਤਰੀ ਮਰੀਅਮ ਔਰੰਗਜ਼ੇਬ ਦੇ ਹਵਾਲੇ ਨਾਲ ਇਹ ਕਹਿ ਕੇ ਦੋਸ਼ਾਂ ਦਾ ਖੰਡਨ ਕੀਤਾ ਕਿ ਸ਼ਾਹ ਦਾ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕਿਸੇ ਨੂੰ ਵੀ ਜਬਰਦਸਤੀ ਪੀਐੱਮਐੱਲ-ਐੱਨ ਦਾ ਤਰਜਮਾਨ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

# ਪ੍ਰਵਾਸ ਕਾਰਨ ਪੰਜਾਬ ਦਾ ਹੋਇਆ ਵੱਡਾ ਆਰਥਿਕ ਉਜਾੜਾ

## ਡਰੱਗ ਦੇ ਧੰਦੇ ਤੋਂ ਡਰਦੇ ਪੰਜਾਬੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਕਰ ਰਹੇ ਨੇ ਸੈਟਲ

ਫਗਵਾੜਾ ਦੀਆਂ ਗਲੀਆਂ, ਮੁਹੱਲੇ, ਕਾਲੋਨੀਆਂ ਆਦਿ ਜਿੱਥੇ ਹਮੇਸ਼ਾ ਨੌਜਵਾਨ ਪੀੜ੍ਹੀ ਦੇ ਵੱਡੇ-ਵੱਡੇ ਇਕੱਠ ਹੁੰਦੇ ਵੇਖੇ ਜਾਂਦੇ ਸਨ। ਅੱਜ ਹਾਲਾਤ ਇਹ ਹਨ ਕਿ ਨੌਜਵਾਨ ਉੱਥੇ ਕਿਤੇ ਵੀ ਨਜ਼ਰ ਹੀ ਨਹੀਂ ਆ ਰਹੇ ਹਨ। ਆਲਮ ਇਹ ਹੈ ਕਿ ਜਿਹੜੇ ਨੌਜਵਾਨ ਹਨ, ਉਨ੍ਹਾਂ ਨੂੰ ਵੀ ਛੇਤੀ ਤੋਂ ਛੇਤੀ ਇਥੋਂ ਵਿਦੇਸ਼ਾਂ ਵਿਚ ਜਾ ਸੈਟਲ ਹੋਣ ਦੀ ਦੌੜ ਲਗੀ ਹੋਈ ਹੈ? ਇਹੋ ਸਮੇਂ ਦੀ ਹਕੀਕਤ ਹੈ, ਜਿਸ ਨੂੰ ਹਰ ਕੋਈ ਜਾਣਦਾ ਹੈ ਪਰ ਨਾ ਤਾਂ ਸਰਕਾਰਾਂ ਕੁਝ ਕਰ ਰਹੀਆਂ ਹਨ ਅਤੇ ਨਾ ਹੀ ਅਜਿਹੀ ਕੋਈ ਪਹਿਲ ਦੂਰ-ਦੂਰ ਤੱਕ ਵੇਖਣ ਨੂੰ ਮਿਲ ਰਹੀ ਹੈ, ਜਿਸ ਨੂੰ ਵੇਖ ਕੇ ਇਹ ਕਿਹਾ ਜਾਵੇ ਕਿ ਹਾਲਾਤ ਜਲਦ ਠੀਕ ਹੋਣ ਵਾਲੇ ਹਨ, ਜਿਸ ਨਾਲ ਨੌਜਵਾਨ ਪੀੜ੍ਹੀ ਦੀ ਇਸ ਮਾਨਸਿਕ ਸਥਿਤੀ ਨੂੰ ਦੂਰ ਕੀਤਾ ਜਾ ਸਕੇ ਪਰ ਮੌਜੂਦਾ ਸਮੇਂ ਦੀ ਇਕ ਹੋਰ ਤਲਖ਼ ਹਕੀਕਤ ਇਹ ਵੀ ਪ੍ਰਤੱਖ ਰੂਪ ਵਿਚ ਸਾਹਮਣੇ ਆ ਰਹੀ ਹੈ ਕਿ ਹੁਣ ਫਗਵਾੜਾ ਸਮੇਤ ਪੰਜਾਬ ਦੇ ਦੋਆਬਾ, ਮਾਲਵਾ ਅਤੇ ਮਾਝਾ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਵਸਦੇ ਪੰਜਾਬੀ ਪਰਿਵਾਰਾਂ ਦੇ ਪਰਿਵਾਰ ਵਿਦੇਸ਼ਾਂ ਵਿਚ ਜਾ ਕੇ ਵੱਸਣ ਦੀਆਂ ਤਿਆਰੀਆਂ ਕਰ ਰਹੇ ਹਨ।



ਸਭ ਤੋਂ ਹੈਰਾਨੀਜਨਕ ਤੱਥ ਇਹ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਸੂਬੇ ਵਿਚ ਚੰਗੇ-ਭਲੇ ਕਾਰੋਬਾਰ, ਸਨਅੱਤਾਂ, ਦੁਕਾਨਾਂ, ਸ਼ੋਅਰੂਮ ਆਦਿ ਹਨ, ਉਹ ਵੀ ਲਗਾਤਾਰ ਵਿਦੇਸ਼ਾਂ ਵਿਚ ਵਸਣ ਨੂੰ ਤਰਜੀਹ ਦੇ ਰਹੇ ਹਨ। ਜਦੋਂ ਫਗਵਾੜਾ ਸਮੇਤ ਕੁਝ ਨੇੜਲੇ ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਪੁੱਛਿਆ ਤਾਂ ਸਾਰਿਆਂ ਨੇ ਇਕੋ ਸੁਰ ਵਿਚ ਕਿਹਾ ਕਿ ਉਹ ਆਪਣੇ ਪਰਿਵਾਰ ਸਮੇਤ ਪੰਜਾਬ ਛੱਡ ਕੇ ਵਿਦੇਸ਼ਾਂ ਵਿਚ ਵਸਣਾ ਚਾਹੁੰਦੇ ਹਨ ਅਤੇ ਇਸੇ ਕਾਰਜ ਨੂੰ ਸਿਰੇ ਚਾੜ੍ਹਨ ਲਈ ਉਨ੍ਹਾਂ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜਦੋਂ ਨੌਜਵਾਨਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਨਾ ਤਾਂ ਭਾਰਤ ਸਰਕਾਰ ਅਤੇ ਨਾ ਹੀ ਪੰਜਾਬ ਸਰਕਾਰ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਉਨ੍ਹਾਂ ਦੇ ਭਵਿੱਖ ਲਈ ਰੋਜ਼ਗਾਰ ਨਾਲ ਸਬੰਧਤ ਕੋਈ ਠੋਸ ਉਪਰਾਲਾ ਕਰ ਰਹੀ ਹੈ ਅਤੇ ਨਾ ਹੀ ਮੌਜੂਦਾ ਸਮੇਂ ਵਿਚ ਅਜਿਹਾ ਕੋਈ ਸਰਕਾਰੀ ਸਿਸਟਮ ਹੈ, ਜਿਸ ਨਾਲ ਉਹ ਇਥੇ ਰਹਿ ਕੇ ਆਪਣਾ ਅਤੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਸਕਣ। ਅਜਿਹੇ ਵਿਚ ਉਨ੍ਹਾਂ ਨੂੰ ਵਿਦੇਸ਼ ਜਾ ਕੇ ਸੈਟਲ ਹੋਣਾ ਹੀ ਪਵੇਗਾ। ਇਸ ਤਰ੍ਹਾਂ ਜਦੋਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਿੱਥੇ ਉਨ੍ਹਾਂ ਦੇ ਬੱਚੇ ਖੁਸ਼ ਹਨ, ਉਸੇ ਵਿਚ ਉਹ ਖੁਸ਼ ਹਨ। ਕਈ ਲੋਕਾਂ ਨੇ ਦੱਸਿਆ ਕਿ ਫਗਵਾੜਾ ਸਮੇਤ ਕਈ ਨੇੜਲੇ ਇਲਾਕੇ ਨਸ਼ੇ ਦਾ ਵੱਡਾ ਬਾਜ਼ਾਰ ਬਣੇ ਹੋਏ ਹਨ। ਪੁਲਸ ਨੂੰ ਸਭ ਕੁਝ ਪਤਾ ਹੈ ਪਰ ਪੁਲਿਸ ਦੀ ਕਾਰਵਾਈ ਇਸ ਭਿਆਨਕ ਹੋ ਚੁੱਕੀ ਸਥਿਤੀ ਤੋਂ ਬਾਅਦ ਵੀ ਬਹੁਤ ਸੁਸਤ ਬਣੀ ਹੋਈ ਹੈ। ਕਈ ਵਾਰ ਤਾਂ ਪੁਲਿਸ ਨਸ਼ੇ ਦੇ ਕਾਲੇ ਕਾਰੋਬਾਰ ਨੂੰ ਖ਼ਤਮ ਕਰਨ ਲਈ ਉਪਰਾਲੇ ਵੀ ਕਰਦੀ ਹੈ ਪਰ ਇਹ ਉਪਰਾਲੇ ਬਣੇ ਹੋਏ ਹਾਲਾਤ ਨੂੰ ਵੇਖਦੇ ਹੋਏ ਬਹੁਤ ਘੱਟ ਹਨ। ਫਗਵਾੜਾ ਦਾ ਇਤਿਹਾਸ ਗਵਾਹ ਹੈ ਕਿ ਬੀਤੇ ਸਮੇਂ 'ਚ ਕਈ ਵਾਰ ਤਾਂ ਵੱਡੇ ਪੁਲਿਸ ਅਧਿਕਾਰੀ ਖ਼ੁਦ ਨਸ਼ੇ ਦੇ ਕਾਲੇ ਕਾਰੋਬਾਰ ਵਿਚ ਸ਼ਾਮਲ ਪਾਏ ਗਏ ਹਨ। ਅਜਿਹੇ ਵਿਚ ਉਹ ਖ਼ੁਦ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਨਸ਼ਿਆਂ ਦੀ ਇਸ ਕਾਲੀ ਦੁਨੀਆ ਤੋਂ ਦੂਰ ਹੋ ਕੇ ਵਿਦੇਸ਼ਾਂ 'ਚ ਮਿਹਨਤ ਕਰਕੇ ਆਪਣਾ ਗੁਜ਼ਾਰਾ ਕਰਨ ਅਤੇ ਉਨ੍ਹਾਂ ਨੂੰ ਵੀ ਉਥੇ ਵੀ ਬੁਲਾ ਲੈਣ।

ਪੰਜਾਬ 'ਚ ਹਜ਼ਾਰਾਂ ਨੌਜਵਾਨ ਆਈਲੈੱਟਸ ਟੈਸਟ ਦੇ ਰਹੇ ਹਨ ਅਤੇ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ। ਇਸ ਟੈਸਟ ਦੇਣ ਲਈ ਹਜ਼ਾਰਾਂ ਰੁਪਏ ਖ਼ਰਚ ਆਉਂਦੇ ਹਨ। ਇਸ ਤੋਂ ਬਾਅਦ ਲੱਖਾਂ ਰੁਪਏ ਵਿਦੇਸ਼ਾਂ ਵਿਚ ਕਾਲਜਾਂ ਅਤੇ ਯੂਨੀਵਰਸਿਟੀਆਂ ਆਦਿ 'ਚ ਪੜ੍ਹਾਈ ਕਰਨ ਲਈ ਵੱਖਰੇ ਤੌਰ 'ਤੇ ਖ਼ਰਚ ਕਰਨੇ ਪੈਂਦੇ ਹਨ। ਇਹ ਸਾਰਾ ਪੈਸਾ ਪੰਜਾਬ ਦੇ ਦੋਆਬਾ, ਮਾਲਵਾ ਅਤੇ ਮਾਝੇ ਤੋਂ ਵਿਦੇਸ਼ਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਡਾਲਰਾਂ, ਪੌਂਡਾਂ ਵਿੱਚ ਜਾ ਰਿਹਾ ਹੈ। ਇਸ ਤੋਂ ਇਲਾਵਾ ਵਿਦੇਸ਼ਾਂ 'ਚ ਕਾਰੋਬਾਰ ਕਰਨ ਦੇ ਚਾਹਵਾਨਾਂ ਵੱਲੋਂ ਇਹੋ ਜਿਹਾ ਬਹੁਤ ਕੁਝ ਕੀਤਾ ਜਾ ਰਿਹਾ ਹੈ, ਜਿਸ ਦਾ ਸਿੱਧਾ ਅਸਰ ਪੰਜਾਬ ਦੀ ਆਰਥਿਕਤਾ 'ਤੇ ਸਾਫ਼ ਵਿਖਾਈ ਦੇ ਰਿਹਾ ਹੈ। ਲੋਕਾਂ ਦੀ ਇਸ ਇੱਛਾ ਦੇ ਕਾਰਨ ਨਵੀਂ ਕਾਰੋਬਾਰੀ ਪਹਿਲ ਲਗਭਗ ਠੱਪ ਹੋ ਰਹੀ ਹੈ ਅਤੇ ਮੌਜੂਦਾ ਕਾਰੋਬਾਰੀ ਦਿਸ਼ਾ ਅਤੇ ਦਸ਼ਾ ਹਰ ਰੋਜ਼ ਮੰਦੀ ਵੱਲ ਜਾ ਰਹੀ ਹੈ। ਵਿਦੇਸ਼ਾਂ 'ਚ ਵੱਡੀ ਰਕਮ ਜਾਣ ਕਾਰਨ ਇਸ ਦਾ ਸਿੱਧਾ ਅਸਰ ਸੂਬੇ 'ਚ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ 'ਤੇ ਸਾਫ਼ (ਬਾਕੀ ਸਫ਼ਾ 30 'ਤੇ)

# ਸਤਿੰਦਰਜੀਤ ਸਿੰਘ ਮਿੰਟੂ ਨੂੰ ਉਮਰ ਕੈਦ

## 1987 ਵਿਚ ਖਾੜਕੂਆਂ ਨੇ ਪੁਲਿਸ ਟਾਊਟ ਦਾ ਦੋਸ਼ ਲਗਾ ਕੇ ਗੋਲੀਆਂ ਮਾਰ ਕੇ ਕੀਤੀ ਸੀ ਹੱਤਿਆ

ਜਲੰਧਰ/ਏ.ਟੀ.ਨਿਊਜ਼ :- ਜਲੰਧਰ-ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਧਰਮਿੰਦਰ ਪਾਲ ਸਿੰਗਲਾ ਦੀ ਅਦਾਲਤ ਨੇ ਸਾਲ 1987 ਦੇ ਕਰੀਬ 35 ਸਾਲ ਪੁਰਾਣੇ ਮਾਮਲੇ ਵਿਚ ਸਾਬਕਾ ਵਿਧਾਇਕ ਤੇ ਮੌਜੂਦਾ ਸਮੇਂ ਦੇ ਭਾਜਪਾ ਆਗੂ ਸਰਬਜੀਤ ਸਿੰਘ ਮੱਕੜ ਦੇ ਭਰਾ ਸੁਰਿੰਦਰ ਸਿੰਘ ਮੱਕੜ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ ਖਾੜਕੂ ਸਤਿੰਦਰਜੀਤ ਸਿੰਘ ਮਿੰਟੂ ਅਲੀ ਮੁਹੱਲਾ ਜਲੰਧਰ ਹਾਲ ਵਾਸੀ ਗੁਰੂ ਅਰਜਨ ਦੇਵ ਨਗਰ ਲੁਧਿਆਣਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਤੇ 2 ਲੱਖ 10 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ, ਜਦਕਿ ਜੁਰਮਾਨਾ ਨਾ ਦੇਣ ’ਤੇ 2 ਸਾਲ ਹੋਰ ਸਜ਼ਾ ਦਾ ਹੁਕਮ ਦਿੱਤਾ ਹੈ। ਮਿੰਟੂ ਖ਼ਿਲਾਫ਼ 22 ਜਨਵਰੀ 1987 ਨੂੰ ਥਾਣਾ 6 ਵਿਖੇ ਕਤਲ ਦੀ ਧਾਰਾ 302, ਅਸਲਾ ਐਕਟ ਦੀ ਧਾਰਾ 25,54,59 ਅਤੇ ਟਾਡਾ ਐਕਟ ਦੀਆਂ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਗਿਆ ਸੀ। ਸਤਿੰਦਰਜੀਤ ਸਿੰਘ ਮਿੰਟੂ ਨੇ ਆਪਣੇ ਤਿੰਨ ਸਾਥੀਆਂ ਨਾਲ ਸੁਰਿੰਦਰ ਸਿੰਘ ਮੱਕੜ ਦੀ ਪੁਲਿਸ ਟਾਊਟ ਕਹਿਕੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸੁਰਿੰਦਰ ਸਿੰਘ ਮੱਕੜ ਦੀ ਹੱਤਿਆ ਦੇ ਮਾਮਲੇ ਵਿਚ ਨਾਮਜ਼ਦ ਹੋਰ ਖਾੜਕੂਆਂ ਹਰਦੀਪ ਸਿੰਘ ਵਿੱਕੀ, ਹਰਵਿੰਦਰ ਸਿੰਘ ਤੇ ਪਲਵਿੰਦਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

**ਇਹ ਸੀ ਮਾਮਲਾ**

ਇਸ ਸੰਬੰਧੀ ਵਕੀਲ ਮਨਦੀਪ ਸਿੰਘ ਸਚਦੇਵਾ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਮਾਡਲ ਟਾਊਨ ਨਾਲ ਲਗਦੇ ਗੁਰੂ ਤੇਗ਼ ਬਹਾਦਰ ਨਗਰ ਵਿਖੇ ਸਥਿਤ ਸੁਰਿੰਦਰ ਸਿੰਘ ਦੀ ਕੋਠੀ ਦੀ ਘੰਟੀ ਵੱਜੀ ਤੇ ਨੌਕਰਾਣੀ ਸਵਰਨ ਕੌਰ ਨੇ ਜਿਸ ਤਰ੍ਹਾਂ ਹੀ ਕੋਠੀ ਦਾ ਗੇਟ ਖੋਲਿਆ ਤਾਂ ਖਾੜਕੂ ਸਤਿੰਦਰਜੀਤ ਸਿੰਘ ਮਿੰਟੂ, ਹਰਦੀਪ ਸਿੰਘ ਵਿੱਕੀ, ਹਰਵਿੰਦਰ ਸਿੰਘ ਤੇ ਪਲਵਿੰਦਰ ਸਿੰਘ ਘਰ ਅੰਦਰ ਆ ਗਏ। ਇਨ੍ਹਾਂ ਸਾਰਿਆਂ ਕੋਲ ਹਥਿਆਰ ਸਨ ਤੇ ਘਰ ਦੇ ਅੰਦਰ ਆਉਂਦੇ ਹੀ ਇਨ੍ਹਾਂ ਨੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਨੌਕਰਾਣੀ ਬਚ



ਗਈ, ਪਰ ਗੋਲੀਆਂ ਸੁਰਿੰਦਰ ਸਿੰਘ ਮੱਕੜ ਦੇ ਜਾ ਲੱਗੀਆਂ, ਜਿਸ ਤੋਂ ਬਾਅਦ ਉਨ੍ਹਾਂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਵੇਖਦੇ ਹੋਏ ਉਸ ਨੂੰ ਸੀ.ਐਮ.ਸੀ. ਲੁਧਿਆਣਾ ਵਿਖੇ ਰੈਫ਼ਰ ਕਰ ਦਿੱਤਾ, ਪਰ ਉੱਥੇ ਉਸ ਦੀ ਮੌਤ ਹੋ ਗਈ। ਉਸ ਵੇਲੇ ਰਾਮ ਸਿਮਰਨ ਸਿੰਘ ਮੱਕੜ, ਜੋ ਕਿ ਸੁਰਿੰਦਰ ਸਿੰਘ ਮੱਕੜ ਦਾ ਲੜਕਾ ਹੈ, ਸਿਰਫ਼ ਪੰਜ ਸਾਲ ਦਾ ਸੀ।

**ਭਗੌੜਾ ਹੋ ਗਿਆ ਸੀ ਮਿੰਟੂ**

ਵਕੀਲ ਮਨਦੀਪ ਸਿੰਘ ਸਚਦੇਵਾ ਨੇ ਇਹ ਵੀ ਦੱਸਿਆ ਕਿ ਸਤਿੰਦਰਜੀਤ ਸਿੰਘ ਮਿੰਟੂ ਨੂੰ ਵਾਰਦਾਤ ਤੋਂ 18 ਸਾਲ ਬਾਅਦ ਕਾਬੂ ਕੀਤਾ ਗਿਆ ਤੇ ਉਹ ਕਰੀਬ 18 ਸਾਲ ਭਗੌੜਾ ਹੀ ਰਿਹਾ। 22 ਜੂਨ, 2005 ਵਿਚ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਸ ਵੇਲੇ ਉਸ ਦੀ ਉਮਰ 57 ਸਾਲ ਹੈ। ਵਕੀਲ ਸਚਦੇਵਾ ਨੇ ਦੱਸਿਆ ਕਿ ਗ੍ਰਿਫ਼ਤਾਰੀ ਦੌਰਾਨ ਮਿੰਟੂ ਨੇ ਖੁਦ ਮੰਨਿਆ ਸੀ ਕਿ ਉਹ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਖਾੜਕੂ ਹੈ ਤੇ ਬੱਬਰ ਖ਼ਾਲਸਾ ਨਾਲ ਵੀ ਉਸ ਦੇ ਸੰਬੰਧ ਹਨ। ਪੁਲਿਸ ਨੇ ਜਾਂਚ ਪੂਰੀ ਕਰਕੇ ਅਦਾਲਤ ਵਿਚ ਚਲਾਨ ਪੇਸ਼ ਕੀਤਾ, ਪਰ ਕੁਝ ਸਾਲ ਜੇਲ੍ਹ ’ਚ ਰਹਿਣ ਤੋਂ ਬਾਅਦ ਸਤਿੰਦਰਜੀਤ ਸਿੰਘ ਮਿੰਟੂ ਨੂੰ ਜ਼ਮਾਨਤ ਮਿਲ ਗਈ ਤੇ ਬਾਅਦ ’ਚ ਉਹ ਇਸ ਕੇਸ ਵਿਚ ਅਦਾਲਤ ਵਿਚ ਪੇਸ਼ ਨਹੀਂ ਹੋਇਆ ਤੇ 2009 ’ਚ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਸੀ। ਇਸ ਤੋਂ ਬਾਅਦ ਪੁਲਿਸ ਨੇ ਸਾਲ 2013 ਵਿਚ ਮਿੰਟੂ ਨੂੰ ਹੈਰੋਇਨ ਦੇ ਕੇਸ ਵਿਚ ਕਾਬੂ ਕਰ ਲਿਆ ਤੇ ਇਸ ਤੋਂ ਬਾਅਦ ਇਸ ਕੇਸ ਦੀ ਵੀ ਕਾਰਵਾਈ ਸ਼ੁਰੂ ਹੋ ਗਈ ਤੇ ਇਸੇ ਮਾਮਲੇ ਵਿਚ ਅਦਾਲਤ ਵਲੋਂ ਮਿੰਟੂ ਨੂੰ ਉਮਰ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ ਗਿਆ।

**ਕਿਹੜੀ ਧਾਰਾ ’ਚ ਹੋਈ ਕਿੰਨੀ ਸਜ਼ਾ**

ਵਕੀਲ ਮਨਦੀਪ ਸਿੰਘ ਸਚਦੇਵਾ ਨੇ ਦੱਸਿਆ ਕਿ ਸਤਿੰਦਰਜੀਤ ਸਿੰਘ ਮਿੰਟੂ ਨੂੰ ਅਦਾਲਤ ਵਲੋਂ ਕਤਲ ਦੀ ਧਾਰਾ 302 ਵਿਚ ਉਮਰ ਕੈਦ, 1 ਲੱਖ ਰੁਪਏ ਜੁਰਮਾਨਾ ਤੇ ਜੁਰਮਾਨਾ ਨਾ ਦੇਣ ’ਤੇ 2 ਸਾਲ ਦੀ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ ਹੈ। ਇਸੇ ਤਰ੍ਹਾਂ ਅਸਲਾ ਐਕਟ ਦੇ ਮਾਮਲੇ ਵਿਚ ਮਿੰਟੂ ਨੂੰ 5 ਸਾਲ ਦੀ ਕੈਦ ਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ ਗਿਆ, ਜੁਰਮਾਨਾ ਨਾ ਦੇਣ ’ਤੇ ਦੋਸ਼ੀ ਨੂੰ 3 ਮਹੀਨੇ ਹੋਰ ਸਜ਼ਾ ਭੁਗਤਣੀ ਪਵੇਗੀ। ਅਦਾਲਤ ਨੇ ਦੋਸ਼ੀ ਨੂੰ (3 ਟਾਡਾ ਐਕਟ) ’ਚ ਉਮਰ ਕੈਦ ਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ ਹੈ। ਜੁਰਮਾਨਾ ਨਾ ਦੇਣ ’ਤੇ ਦੋਸ਼ੀ ਨੂੰ 2 ਸਾਲ ਹੋਰ ਸਜ਼ਾ ਭੁਗਤਣੀ ਪਵੇਗੀ।

## ਰਣਜੀਤ ਸਿੰਘ ਮੁੜ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਬਣੇ

ਅੰਮ੍ਰਿਤਸਰ/ਏ.ਟੀ.ਨਿਊਜ਼ :- ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ ਨੇ ਬਤੌਰ ਜਥੇਦਾਰ ਤਖ਼ਤ ਦੀ ਸੇਵਾ ਮੁੜ ਸੰਭਾਲ ਲਈ ਹੈ। ਯਾਦ ਰਹੇ ਰਣਜੀਤ ਸਿੰਘ ਗੌਹਰ ਮੋਦੀ ਦੇ ਖਾਸ ਮਿੱਤਰ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਇਸ ਸੇਵਾ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ ਤੇ ਬਾਅਦ ਵਿੱਚ ਉੱਥੋਂ ਦੇ ਪੰਜ ਪਿਆਰਿਆਂ ਵੱਲੋਂ ਲਗਾਏ ਗਏ ਕੁਝ ਦੋਸ਼ਾਂ ਕਾਰਨ ਉਨ੍ਹਾਂ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਸੀ। ਹੁਣ ਉਕਤ ਪੰਜ ਪਿਆਰਿਆਂ ਵਿੱਚੋਂ ਦੋ ਨੇ ਰਣਜੀਤ ਸਿੰਘ ’ਤੇ ਲਾਏ ਗਏ ਦੋਸ਼ਾਂ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਮੁਅੱਤਲ ਕਰਨ ਦੇ ਫ਼ੈਸਲੇ ਨੂੰ ਗ਼ਲਤ ਕਰਾਰ



ਦਿੱਤਾ ਹੈ। ਉਨ੍ਹਾਂ ਇਹ ਦੋਸ਼ ਵੀ ਲਾਇਆ ਹੈ ਕਿ ਉਸ ਵੇਲੇ ਦਬਾਅ ਪਾ ਕੇ ਉਨ੍ਹਾਂ ਦੇ ਦਸਤਖ਼ਤ ਲਏ ਗਏ ਸਨ।

## ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ ਰਿਹਾਈ ਦਾ ਕੇਸ ਸਰਕਾਰ ਵੱਲੋਂ ਖ਼ਾਰਜ

ਚੰਡੀਗੜ੍ਹ/ਏ.ਟੀ.ਨਿਊਜ਼ :- ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ ਰਿਹਾਈ ਦਾ ਕੇਸ ਸਰਕਾਰ ਵੱਲੋਂ ਖ਼ਾਰਜ ਕਰ ਦਿੱਤਾ ਹੈ। ਇਹ ਜਾਣਕਾਰੀ ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਮੁਖੀ, ਪੰਜਆਬ ਲਾਇਰਜ ਵਲੋਂ ਦਿਤੀ ਗਈ ਹੈ। ਜ਼ਿਕਰਯੋਗ ਹੈ ਕਿ ਭਾਈ ਗੁਰਮੀਤ ਸਿੰਘ ਜੀ ਦੀ ਰਿਹਾਈ ਦੇ ਸਬੰਧ ਵਿੱਚ 5 ਅਕਤੂਬਰ 2021 ਪੰਜਾਬ ਹਰਿਆਣਾ ਹਾਈ ਕੋਰਟ ਨੇ ਫੈਸਲਾ ਲੈਣ ਦਾ ਹੁਕਮ ਜਾਰੀ ਕੀਤਾ ਸੀ. ਜਿਸ ਦੇ ਤਹਿਤ ਸੀ ਆਰ ਡਬਲਯੂ ਪੀ ਹੇਠ ਪਟੀਸ਼ਨ ਦਾਇਰ ਕੀਤੀ ਗਈ ਸੀ ਪਰ ਦੋ ਮਹੀਨਿਆਂ ਵਿੱਚ ਕੋਈ ਫੈਸਲਾ ਨਾ ਲੈਣ ਕਰਕੇ ਮਈ 2022 ਵਿਚ ਦੁਬਾਰਾ CRWP ਦੇ ਹੇਠ CRWM ਪਟੀਸ਼ਨ ਦਾਇਰ ਕਰ ਦਿੱਤੀ ਗਈ ਸੀ ਜਿਸ ਵਿਚ ਪ੍ਰਸ਼ਾਸਨ ਨੇ ਦੱਸਿਆ ਕਿ ਅਸੀਂ ਦੋ ਮਹੀਨਿਆਂ ਵਿੱਚ ਫੈਸਲਾ ਇਸ ਕਰਕੇ ਨਹੀਂ ਲਿਆ ਕਿਉਂਕਿ ਦਸੰਬਰ 2021 ਤੋਂ ਜੁਲਾਈ 2022 ਤੱਕ DM ਪਟਿਆਲਾ ਨੇ ਆਪਣੀ ਰਿਪੋਰਟ ਨਹੀਂ ਭੇਜੀ ਜਦੋਂ ਕਿ ਉਨ੍ਹਾਂ ਨੂੰ ਵਾਰ ਵਾਰ ਰਿਪੋਰਟ ਭੇਜਣ ਲਈ ਪੱਤਰ ਵੀ ਜਾਰੀ ਕੀਤੇ ਸਨ।

ਇਸ ਦੇ ਚਲਦੇ ਹੀ 6 ਅਕਤੂਬਰ 2022 ਨੂੰ ਸਿੱਖ ਜਥੇਬੰਦੀਆਂ ਵਲੋਂ DM ਪਟਿਆਲਾ ਨੂੰ ਸਵਾਲ ਨਾਮਾ ਪੇਸ਼ ਕੀਤਾ



ਗਿਆ ਕਿ ਉਹ ਆਪਣੀ ਰਿਪੋਰਟ ਕਿਉਂ ਨਹੀਂ ਭੇਜ ਰਹੇ ਤਾਂ DM ਪਟਿਆਲਾ ਨੇ ਦੱਸਿਆ ਕਿ 23.09.2022 ਨੂੰ ਭੇਜ ਚੁਕੇ ਹਾਂ।ਬੀਤੇ ਕੱਲ੍ਹ 18 ਨਵੰਬਰ 2022 ਨੂੰ ਇਸ ਕੇਸ ਦੇ ਸੰਬੰਧ ਵਿਚ ਸੁਣਵਾਈ ਸੀ ਤੇ ਇਸ ਸੁਣਵਾਈ ਵਿਚ ਪ੍ਰਸ਼ਾਸਨ ਨੇ ਦੱਸਿਆ ਕਿ DM ਪਟਿਆਲਾ ਦੀ ਭਾਈ ਗੁਰਮੀਤ ਸਿੰਘ ਇੰਜੀਨੀਅਰ ਨੂੰ ਰਿਹਾਅ ਨਾ ਕਰਨ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ ਰਿਹਾਈ ਦਾ ਕੇਸ ਖ਼ਾਰਜ ਕਰ ਦਿਤਾ ਹੈ।

(ਬਾਕੀ ਸਫ਼ਾ 29 ’ਤੇ)

**ਮਾਮਲਾ ਡੇਰਾ ਪ੍ਰੇਮੀ ਹੱਤਿਆ ਕਾਂਡ ਦਾ**

## ਜੈਪੁਰ ’ਚ ਮੁਕਾਬਲੇ ਤੋਂ ਬਾਅਦ 6ਵਾਂ ਸ਼ੂਟਰ 2 ਸਾਥੀਆਂ ਸਮੇਤ ਹਥਿਆਰਾਂ ਨਾਲ ਗ੍ਰਿਫ਼ਤਾਰ

### ਕੇਂਦਰੀ ਏਜੰਸੀਆਂ ਤੇ ਰਾਜਸਥਾਨ ਪੁਲਿਸ ਨੇ ਕੀਤੀ ਸਾਂਝੀ ਕਾਰਵਾਈ : ਗੌਰਵ ਯਾਦਵ

ਚੰਡੀਗੜ੍ਹ/ਏ.ਟੀ.ਨਿਊਜ਼ :- ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਹੱਤਿਆ ਕਰਨ ਵਾਲੇ ਮੁੱਖ ਸ਼ੂਟਰ ਨੂੰ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਰਾਜਸਥਾਨ ਦੇ ਜੈਪੁਰ ਵਿਖੇ ਸੰਖੇਪ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਹੈ। ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਵਲੋਂ ਰਚੀ ਸਾਜ਼ਿਸ਼ ਤਹਿਤ ਡੇਰਾ ਪ੍ਰੇਮੀ ਨੂੰ ਇਸ ਮਹੀਨੇ 10 ਨਵੰਬਰ ਨੂੰ ਕੋਟਕਪੂਰਾ ਵਿਚ ਉਸ ਦੀ ਦੁਕਾਨ ਦੇ ਬਾਹਰ 6 ਸ਼ੂਟਰਾਂ ਨੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਸਬੰਧੀ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਰਮਜਾਨ ਖ਼ਾਨ ਉਰਫ਼ ਰਾਜ ਹੁੱਡਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਉਸ ਦੇ 2 ਸਾਥੀਆਂ ਹੈਪੀ ਮੇਹਲਾ (19) ਤੇ ਸਾਹਿਲ ਮੇਹਲਾ (18) ਦੋਵੇਂ ਵਾਸੀ ਹਨੂਮਾਨਗੜ੍ਹ (ਰਾਜਸਥਾਨ) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਇਨ੍ਹਾਂ ਕੋਲੋਂ ਚੀਨ ਦੇ ਬਣੇ ਸਟਾਰ .30 ਕੈਲੀਬਰ ਤੇ .32 ਕੈਲੀਬਰ ਸਮੇਤ 2





ਪਿਸਤੌਲ ਵੀ ਬਰਾਮਦ ਕੀਤੇ ਹਨ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਅਗਵਾਈ ਵਾਲੀ ਏ.ਜੀ.ਟੀ.ਐਫ. ਨੇ ਏ.ਆਈ.ਜੀ. ਸੰਦੀਪ ਗੋਇਲ ਦੀ ਨਿਗਰਾਨੀ ਹੇਠ ਪੁਲਿਸ ਟੀਮਾਂ ਵਲੋਂ ਮੁਲਜ਼ਮ ਰਮਜਾਨ ਖ਼ਾਨ ਦੀ ਪੈੜ ਪਛਾਨਣ ਤੇ ਅਹਿਮ ਸੁਰਾਗ ਜੁਟਾਉਣ ਤੋਂ ਬਾਅਦ ਡੀ.ਐਸ.ਪੀ. ਬਿਕਰਮ ਬਰਾੜ ਤੇ ਡੀ.ਐਸ.ਪੀ. ਰਾਜਨ ਪਰਮਿੰਦਰ ਦੀ ਅਗਵਾਈ ਵਿਚ ਏ.ਜੀ.ਟੀ.ਐਫ. ਦੀਆਂ ਪੁਲਿਸ ਟੀਮਾਂ ਨੇ ਜੈਪੁਰ ਵਿਖੇ ਵਿਨਾਇਕ ਇਨਕਲੇਵ ਕਾਲੋਨੀ ਦੀ ਇਕ ਇਮਾਰਤ ’ਚ ਉਸ ਦੀ ਲੋਕੇਸ਼ਨ ਦਾ ਪਤਾ ਲਗਾਉਣ ਵਿਚ ਸਫਲਤਾ ਹਾਸਲ ਕੀਤੀ, ਜਿੱਥੇ ਉਹ ਕਿਰਾਏ ਦੇ ਮਕਾਨ ਵਿਚ ਆਪਣੇ ਦੋ ਸਾਥੀਆਂ ਨਾਲ ਛੁਪਿਆ ਹੋਇਆ ਸੀ। ਡੀ.ਜੀ.ਪੀ. ਨੇ ਦੱਸਿਆ ਕਿ ਕੇਂਦਰੀ ਏਜੰਸੀਆਂ ਤੇ ਰਾਜਸਥਾਨ ਪੁਲਿਸ ਦੇ ਤਾਲਮੇਲ ਨਾਲ ਏ.ਜੀ.ਟੀ.ਐਫ. ਨੇ ਰਮਜਾਨ ਖ਼ਾਨ ਨੂੰ ਗ੍ਰਿਫਤਾਰ ਕੀਤਾ ਹੈ। ਡੀ.ਜੀ.ਪੀ. ਨੇ ਕਿਹਾ ਕਿ ਜਦੋਂ ਪੁਲਿਸ ਟੀਮਾਂ ਨੇ ਰਮਜਾਨ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਪੁਲਿਸ ਪਾਰਟੀ ’ਤੇ ਗੋਲੀ ਚਲਾ ਦਿੱਤੀ ਤੇ ਜਵਾਬੀ ਗੋਲੀਬਾਰੀ ਵਿਚ ਉਹ ਜ਼ਖਮੀ ਹੋ ਗਿਆ ਤੇ ਉਸ ਨੂੰ ਜੈਪੁਰ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

*ਮਾਮਲਾ ਦਰਬਾਰ ਸਾਹਿਬ ਉਪਰ ਹਮਲਾ ਕਰਨ ਦੀ ਧਮਕੀ ਦਾ*

## ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਗ੍ਰਿਫ਼ਤਾਰ-ਨਿਆਂਇਕ ਹਿਰਾਸਤ ’ਚ ਭੇਜਿਆ

### ਸੁਰੱਖਿਆ ਲਈ ਮਿਲੇ ਸਨ 26 ਗੰਨਮੈਨ ਤੇ ਬੁਲਟ ਪਰੂਫ਼ ਗੱਡੀ

ਗੁਰਦਾਸਪੁਰ/ਏ.ਟੀ.ਨਿਊਜ਼ :- ਅਕਸਰ ਹੀ ਆਪਣੇ ਵਿਵਾਦਿਤ ਬਿਆਨਾਂ ਨੂੰ ਲੈ ਕੇ ਸੁਰਖ਼ੀਆਂ ਵਿਚ ਰਹਿਣ ਵਾਲੇ ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਨੂੰ ਬੀਤੇ ਦਿਨੀਂ ਪੁਲਿਸ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਅਦਾਲਤ ਵਲੋਂ ਹਰਵਿੰਦਰ ਸੋਨੀ ਨੂੰ 14 ਦਿਨ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਆਪਣੇ-ਆਪ ਨੂੰ ਸ਼ਿਵ ਸੈਨਾ ਬਾਲ ਠਾਕਰੇ ਦਾ ਜ਼ਿਲ੍ਹਾ ਪ੍ਰਧਾਨ ਦੱਸਣ ਵਾਲੇ ਹਰਵਿੰਦਰ ਸੋਨੀ ਨੇ ਕੁਝ ਦਿਨ ਪਹਿਲਾਂ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਨੂੰ ਲੈ ਕੇ ਇਕ ਵਿਵਾਦਿਤ ਘਟੀਆ ਟਿੱਪਣੀ ਕੀਤੀ ਸੀ ਕਿ ਇਸ ਉਪਰ ਅਸੀਂ ਹਮਲਾ



ਕਰਾਂਗੇ, ਜੇਕਰ ਖਾਲਿਸਤਾਨੀ ਬਾਜ ਨਾ ਆਏ। ਇਸ ਤੋਂ ਬਾਅਦ ਆਮ ਲੋਕਾਂ ਤੋਂ ਇਲਾਵਾ ਸਿੱਖ ਜਥੇਬੰਦੀਆਂ ਵਿਚ ਭਾਰੀ ਰੋਸ ਪਾਇਆ ਗਿਆ ਸੀ। ਇਥੋਂ ਤੱਕ ਕਿ ਹਿੰਦੂ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੇ ਵੀ ਸੋਨੀ ਦੀ ਇਸ ਹਰਕਤ ਨੂੰ ਸਮਾਜ ਵਿਰੋਧੀ ਦੱਸਿਆ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਕੋਲੋਂ ਹਰਵਿੰਦਰ ਸੋਨੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਪਰ ਪੁਲਿਸ ਵਲੋਂ ਕੋਈ ਕਾਰਵਾਈ ਨਾ ਕੀਤੇ ਜਾਣ ’ਤੇ ਸਿੱਖ ਜਥੇਬੰਦੀਆਂ ਵਲੋਂ ਦਿੱਤੇ ਧਰਨੇ ਤੋਂ ਬਾਅਦ ਪੁਲਿਸ ਨੇ ਹਰਵਿੰਦਰ ਸੋਨੀ ਖ਼ਿਲਾਫ਼ ਧਾਰਾ 295 ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਤਾਂ ਦਰਜ ਕਰ ਲਿਆ ਪਰ ਉਸ ਨੂੰ

(ਬਾਕੀ ਸਫ਼ਾ 29 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਯੂਨੀਵਰਸਿਟੀ ਬਣੀ ਗੈਂਗਸਟਰਾਂ ਦੀ ਨਰਸਰੀ

## ਵਿਦਿਆਰਥੀ ਰਾਜਨੀਤੀ ਤੋਂ ਨਿਕਲੇ ਗੈਂਗਸਟਰ ਦਿੱਲੀ ਤੋਂ ਪਾਕਿਸਤਾਨ ਤੱਕ ਸਰਗਰਮ







ਪੰਜਾਬ ਯੂਨੀਵਰਸਿਟੀ ਅਤੇ ਸ਼ਹਿਰ ਦੇ ਹੋਰ ਕਾਲਜਾਂ ਵਿੱਚ ਵਿਦਿਆਰਥੀ ਰਾਜਨੀਤੀ ਦੌਰਾਨ ਅਪਰਾਧ ਦੀ ਦੁਨੀਆ ਵਿੱਚ ਦਾਖਲ ਹੋਣ ਤੋਂ ਬਾਅਦ ਹੁਣ ਕਈ ਨੌਜਵਾਨ ਗੈਂਗਸਟਰ ਗਰੁੱਪ ਚਲਾ ਰਹੇ ਹਨ। ਇਹ ਗੈਂਗਸਟਰ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ ਐਨਸੀਆਰ, ਮੁੰਬਈ ਤੋਂ ਪਾਕਿਸਤਾਨ ਤੱਕ ਸਰਗਰਮ ਹਨ। ਪਿਛਲੇ ਕੁਝ ਸਾਲਾਂ ਵਿੱਚ ਸ਼ਹਿਰ ਦੇ ਵਿਦਿਅਕ ਅਦਾਰਿਆਂ ਵਿੱਚੋਂ ਨਿਕਲੇ ਸਾਰੇ ਗੈਂਗਸਟਰ ਹੁਣ ਸਾਰੇ ਰਾਜਾਂ ਦੀ ਪੁਲਿਸ, ਇੰਟੈਲੀਜੈਂਸ, ਸੀਆਈਡੀ ਦੇ ਨਾਲ-ਨਾਲ ਕੌਮੀ ਜਾਂਚ ਟੀਮ (ਐਨਆਈਏ) ਲਈ ਸਿਰਦਰਦੀ ਸਾਬਤ ਹੋ ਰਹੇ ਹਨ।ਵੱਖ-ਵੱਖ ਰਾਜਾਂ ਵਿੱਚ ਫਿਰੌਤੀ, ਅਗਵਾ, ਕਤਲ ਵਰਗੇ ਘਿਨਾਉਣੇ ਅਪਰਾਧ ਕਰਨ ਵਾਲੇ ਕੁਝ ਗੈਂਗਸਟਰ ਅਤੇ ਉਨ੍ਹਾਂ ਦੇ ਸ਼ੂਟਰ ਵੀ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣ ਰਹੇ ਹਨ। ਖੁਫੀਆ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਨਸ਼ਾ ਤਸਕਰੀ, ਹਥਿਆਰਾਂ ਦੀ ਸਪਲਾਈ, ਹਵਾਲਾ ਮਨੀ ਟਰਾਂਸਫਰ ਤੋਂ ਇਲਾਵਾ ਇਨ੍ਹਾਂ ਗੈਂਗਸਟਰਾਂ ਦੇ ਖਾੜਕੂਆਂ ਨਾਲ ਸਬੰਧ ਵੀ ਸਾਹਮਣੇ ਆਉਣ ਲੱਗੇ ਹਨ।

ਬੀਤੇ ਸ਼ਨਿਚਰਵਾਰ ਨੂੰ ਪਾਕਿਸਤਾਨ ਵਿਚ ਗੈਂਗਸਟਰ ਹਰਵਿੰਦਰ ਸਿੰਘ ਰਿੰਦਾ ਦੀ ਮੌਤ ਦਾ ਦਾਅਵਾ ਭਾਰਤੀ ਮੀਡੀਆ ਨੇ ਕੀਤਾ ਸੀ, ਉਹ ਪੰਜਾਬ ਯੂਨੀਵਰਸਿਟੀ ਦਾ ਸਾਬਕਾ ਵਿਦਿਆਰਥੀ ਹੈ। ਭਾਰਤ ਸਰਕਾਰ ਨੇ ਗੈਂਗਸਟਰ ਬਣੇ ਹਰਵਿੰਦਰ ਸਿੰਘ ਰਿੰਦਾ ਨੂੰ ਖਾੜਕੂ ਐਲਾਨਿਆ ਹੋਇਆ ਸੀ। ਖੁਫੀਆ ਏਜੰਸੀਆਂ ਅਨੁਸਾਰ ਪਾਕਿਸਤਾਨ ਵਿੱਚ ਬੈਠ ਕੇ ਉਹ ਭਾਰਤ ਖਾਸ ਕਰਕੇ ਪੰਜਾਬ ਵਿੱਚ ਦਹਿਸ਼ਤ ਫੈਲਾਉਣ ਦਾ ਕੰਮ ਕਰ ਰਿਹਾ ਸੀ। ਇੱਥੇ ਉਹ ਹਿੰਸਕ ਘਟਨਾਵਾਂ, ਹਮਲਿਆਂ ਅਤੇ ਹੱਤਿਆਵਾਂ ਵਰਗੇ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਇਨ੍ਹਾਂ ਵਾਰਦਾਤਾਂ ਲਈ ਉਹ ਪਿੰਡ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਪੈਸੇ ਦਾ ਲਾਲਚ ਦੇ ਕੇ ਵਰਤ ਰਿਹਾ ਸੀ। ਵਾਰਦਾਤ ਲਈ ਉਹ ਪੈਸੇ ਤੇ ਹੋਰ ਚੀਜ਼ਾਂ ਨੂੰ ਹਥਿਆਰ ਮੁਹੱਈਆ ਕਰਵਾ ਰਿਹਾ ਸੀ।

ਬੀਤੇ ਸ਼ਨਿਚਰਵਾਰ ਨੂੰ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਪੀਯੂ ਦੇ ਗਾਂਧੀਅਨ ਸਟੱਡੀਜ਼ ਵਿਭਾਗ ਵਿੱਚ ਐਮਏ ਤੀਜੇ ਸਮੈਸਟਰ ਦੇ ਵਿਦਿਆਰਥੀ ਹਰਸ਼ਵੀਰ ਸਿੰਘ ਨੂੰ ਟੈਰਰ ਫੰਡਿੰਗ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਹਰਸ਼ਵੀਰ ਮੂਲ ਰੂਪ ਵਿੱਚ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਭਵਾਨੀਗੜ੍ਹ ਦਾ ਰਹਿਣ ਵਾਲਾ ਹੈ ਅਤੇ ਵਿਦੇਸ਼ ਵਿੱਚ ਬੈਠੇ ਲਖਬੀਰ ਸਿੰਘ ਲੰਡਾ ਅਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਗੋਲਡੀ ਬਰਾੜ ਦਾ ਅਹਿਮ ਸਾਥੀ ਹੈ।

ਨਾਭਾ ਦੀ ਉੱਚ ਸੁਰੱਖਿਆ ਵਾਲੀ ਜੇਲ ਬ੍ਰੇਕ ਕਾਂਡ ਤੋਂ ਲੈ ਕੇ ਪੰਜਾਬ ਦੇ ਦਰਜਨਾਂ ਵੱਡੇ ਅਪਰਾਧਿਕ ਮਾਮਲਿਆਂ ਨੂੰ ਪੰਜਾਬ ਯੂਨੀਵਰਸਿਟੀ ਦੇ ਗੈਂਗਸਟਰਾਂ ਨੇ ਅੰਜਾਮ ਦਿਤਾ ਸੀ। ਕੈਨੇਡਾ ਵਿਚ ਬੈਠਾ ਗੈਂਗਸਟਰ ਗੋਲਡੀ ਬਰਾੜ ਕਤਲ ਅਤੇ ਫਿਰੌਤੀ ਵਸੂਲੀ ਵਿਚ ਲੱਗਾ ਹੋਇਆ ਹੈ। ਇਸੇ ਤਰ੍ਹਾਂ ਚੰਡੀਗੜ੍ਹ ਦੀ ਵਿਦਿਆਰਥੀ ਰਾਜਨੀਤੀ 'ਚੋਂ ਨਿਕਲੇ ਲਾਰੈਂਸ ਬਿਸ਼ਨੋਈ, ਵਿੱਕੀ ਗੌਂਡਰ, ਰੁਪਿੰਦਰ ਗਾਂਧੀ, ਜਸਵਿੰਦਰ ਰਾਕੀ, ਜੈਪਾਲ ਭੁੱਲਰ, ਸੰਪਤ ਨਹਿਰਾ, ਦਿਲਪ੍ਰੀਤ ਦਾਹਾ, ਦਵਿੰਦਰ ਬੰਬੀਹਾ ਹੁਣ ਬਦਨਾਮ ਗੈਂਗਸਟਰ ਬਣ ਚੁੱਕੇ ਹਨ।ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿਚੋਂ ਕਈ ਗੈਂਗਸਟਰਾਂ ਦੇ ਐਨਕਾਊਂਟਰ 'ਚ ਮਾਰੇ ਜਾਣ ਤੋਂ ਬਾਅਦ ਵੀ ਇਨ੍ਹਾਂ ਦੇ ਨਾਂ 'ਤੇ ਗੈਂਗ ਚੱਲ ਰਹੇ ਹਨ।ਪੰਥਕ ਹਲਕਿਆਂ ਦਾ ਕਹਿਣਾ ਹੈ ਕਿ ਬਹੁਤੇ ਗੈਂਗਸਟਰ ਸਿਆਸਤਦਾਨਾਂ ਦੇ ਪਾਲੇ ਹੋਏ ਹਨ।

## ਕਾਰਪੋਰੇਟ ਅਦਾਰਿਆਂ ਵਲੋਂ ਭਾਰਤ ਵਿਚ ਬੇਰੁਜ਼ਗਾਰ-ਕੀਤਾ ਜਾ ਰਿਹਾ ਨੌਜਵਾਨ ਸ਼ੇਣੀ ਨੂੰ

ਇਸ ਸਾਲ ਬਹੁਤ ਸਾਰੇ ਕਾਰਪੋਰੇਟ ਅਦਾਰਿਆਂ ਨੇ ਆਪਣੇ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਕੱਢਿਆ ਹੈ। ਇੰਟਰਨੈਟ 'ਤੇ ਵਪਾਰ ਕਰਨ ਵਾਲੀ ਸਭ ਤੋਂ ਵੱਡੀ ਕੰਪਨੀ ਐਮੇਜ਼ਨ ਨੇ ਲਗਭਗ 10 ਹਜ਼ਾਰ ਕਾਮਿਆਂ ਦੀ ਛੁੱਟੀ ਕੀਤੀ ਹੈ। ਫੇਸਬੁੱਕ ਅਤੇ ਵੱਟਸਐਪ ਚਲਾਉਣ ਵਾਲੀ ਕੰਪਨੀ ਮੈਟਾ ਨੇ 11000 ਕਾਮਿਆਂ ਨੂੰ ਨੌਕਰੀ ਤੋਂ ਕੱਢਿਆ ਹੈ। ਹੋਰ ਵੱਡੀਆਂ ਸਾਫਟਵੇਅਰ ਕੰਪਨੀਆਂ ਜਿਵੇਂ ਅਲਫਾਬੈਟ (ਗੂਗਲ ਚਲਾਉਣ ਵਾਲੀ ਕੰਪਨੀ), ਐਪਲ, ਮਾਈਕਰੋਸਾਫਟ ਆਦਿ ਨੇ ਵੀ ਕਰਮਚਾਰੀਆਂ ਦੀ ਛਾਂਟੀ ਕੀਤੀ ਹੈ। ਇਨ੍ਹਾਂ ਕੰਪਨੀਆਂ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਨੇ ਆਪਣੇ ਕਰਮਚਾਰੀਆਂ ਦੀ ਗਿਣਤੀ ਨਾ ਘਟਾਈ ਤਾਂ ਉਹ ਘਾਟੇ ਵਿਚ ਚਲੀਆਂ ਜਾਣਗੀਆਂ।ਇੰਟਰਨੈਟ 'ਤੇ ਸੁਨੇਹੇ ਪਹੁੰਚਾਉਣ ਵਾਲੀ ਕੰਪਨੀ 'ਟਵਿੱਟਰ' ਵਿਚ ਘਮਸਾਨ ਮਚਿਆ ਹੋਇਆ ਹੈ। ਅਪਰੈਲ 2022 ਵਿਚ ਖਰਬਪਤੀ ਦੌਲਤਮੰਦ ਐਲਨ ਮਸਕ ਨੇ ਐਲਾਨ ਕੀਤਾ ਸੀ ਕਿ ਉਹ 44 ਬਿਲੀਅਨ ਡਾਲਰ ਨਿਵੇਸ਼ ਕਰ ਕੇ ਇਹ ਕੰਪਨੀ ਖਰੀਦ ਲਵੇਗਾ। ਉਸ ਦਾ ਕਹਿਣਾ ਸੀ ਕਿ ਕੰਪਨੀ ਵਿਚ ਵਿਚਾਰਾਂ ਦੇ ਪ੍ਰਗਟਾਵੇ ਨੂੰ ਵਧਾਉਣ ਦੀਆਂ ਅਸੀਮ ਸੰਭਾਵਨਾਵਾਂ ਹਨ। ਇਸ ਤੋਂ ਬਾਅਦ ਟਵਿੱਟਰ ਕੰਪਨੀ ਤੇ ਮਸਕ ਵਿਚਕਾਰ ਇਲਜ਼ਾਮਤਰਾਸ਼ੀ ਸ਼ੁਰੂ ਹੋਈ, ਮਸਕ ਨੇ ਕਿਹਾ ਕਿ ਟਵਿੱਟਰ 'ਤੇ ਫਰਜ਼ੀ ਖਾਤਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਉਹ ਇਸ ਨੂੰ ਨਹੀਂ ਖਰੀਦੇਗਾ। ਝਗੜਾ ਅਦਾਲਤ ਵਿਚ ਪਹੁੰਚਿਆ ਅਤੇ ਅਦਾਲਤ ਨੇ ਦੋਹਾਂ ਪਾਰਟੀਆਂ ਨੂੰ ਅਕਤੂਬਰ ਦੇ ਅੰਤ ਤਕ ਸਮੱਸਿਆ ਦਾ ਹੱਲ ਲੱਭਣ ਲਈ ਕਿਹਾ। 28 ਅਕਤੂਬਰ ਨੂੰ ਮਸਕ ਨੇ ਟਵਿੱਟਰ ਕੰਪਨੀ ਖਰੀਦ ਲਈ ਅਤੇ ਸਿਖਰਲੇ ਮੈਨੇਜਰਾਂ ਨੂੰ ਨੌਕਰੀ 'ਚੋਂ ਕੱਢ ਦਿੱਤਾ। 16 ਨਵੰਬਰ ਨੂੰ ਉਸ ਨੇ ਸਾਰੇ ਕਰਮਚਾਰੀਆਂ ਨੂੰ ਸੁਨੇਹਾ ਦਿੱਤਾ ਕਿ ਉਹ ਹਰ ਦਿਨ ਜ਼ਿਆਦਾ ਘੰਟੇ ਕੰਮ ਕਰਨ ਲਈ ਸਹਿਮਤੀ ਦੇਣ ਨਹੀਂ ਤਾਂ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਜਾਵੇਗਾ। ਨਿਊਯਾਰਕ ਟਾਈਮਜ਼ ਅਨੁਸਾਰ ਵੀਰਵਾਰ 1200 ਤੋਂ ਵੱਧ ਕਰਮਚਾਰੀਆਂ ਨੇ ਅਸਤੀਫ਼ੇ ਦੇ ਦਿੱਤੇ। ਉਸ ਨੇ ਨਿਗਾਹਬਾਨੀ ਦਾ ਮਹੱਤਵਪੂਰਨ ਕੰਮ ਕਰਨ ਵਾਲੀ 100 ਤੋਂ ਜ਼ਿਆਦਾ ਮੈਂਬਰਾਂ ਵਾਲੀ ਕੇਂਦਰੀ ਟੀਮ ਦੀ ਗਿਣਤੀ ਘਟਾ ਕੇ ਸਿਰਫ਼ 4 ਤਕ ਸੀਮਤ ਕਰ ਦਿੱਤੀ। ਕੁਝ ਲੋਕਾਂ ਨੇ ਅਸਤੀਫ਼ੇ ਦਿੱਤੇ ਅਤੇ ਕੁਝ ਨੂੰ ਜ਼ਬਰਦਸਤੀ ਦਫ਼ਤਰਾਂ ਵਿਚੋਂ ਕੱਢ ਦਿੱਤਾ ਗਿਆ। ਕੁੱਲ ਮਿਲਾ ਕੇ 3000 ਤੋਂ ਵੱਧ ਕਰਮਚਾਰੀਆਂ ਨੇ ਕੰਪਨੀ ਨੂੰ ਅਲਵਿਦਾ ਕਹੀ ਹੈ।ਮਸਕ ਦੀ ਦੌਲਤ 2020 'ਚ ਹੈਰਾਨਕੁਨ ਤਰੀਕੇ ਨਾਲ ਵਧੀ। ਸਾਲ ਦੇ ਸ਼ੁਰੂ 'ਚ ਉਸ ਕੋਲ 27 ਬਿਲੀਅਨ ਡਾਲਰ ਦਾ ਸਰਮਾਇਆ ਸੀ ਜੋ ਸਾਲ ਦੇ ਅੰਤ ਵਿਚ 150 ਬਿਲੀਅਨ ਡਾਲਰ ਹੋ ਗਿਆ। ਜਨਵਰੀ 2021 ਵਿਚ ਉਹ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਬਣਿਆ। ਉਸ ਦੀ ਕਾਰਜਸ਼ੈਲੀ ਵੱਡੀ ਸਰਮਾਏਦਾਰੀ ਜਮਾਤ ਦਾ ਚਰਿੱਤਰ ਪੇਸ਼ ਕਰਦੀ ਹੈ ਜਿਸ ਅਨੁਸਾਰ ਕਾਰਪੋਰੇਟ ਅਦਾਰੇ ਕਰਮਚਾਰੀਆਂ ਨੂੰ ਉਪਲਬਧ ਸਮੇਂ ਦੇ ਵੱਡੇ ਹਿੱਸੇ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈਣਾ ਚਾਹੁੰਦੇ ਹਨ। 16ਵੀਂ ਸਦੀ ਦੇ ਸ਼ੁਰੂ ਵਿਚ ਸਨਅਤੀ ਮਜ਼ਦੂਰਾਂ ਨੇ ਇਹ ਮੰਗ ਕੀਤੀ ਸੀ ਕਿ ਉਨ੍ਹਾਂ ਤੋਂ ਦਿਨ ਵਿਚ ਅੱਠ ਘੰਟੇ ਕੰਮ ਲਿਆ ਜਾਵੇ। ਉਸ ਸਮੇਂ ਮਜ਼ਦੂਰਾਂ ਤੋਂ 10 ਤੋਂ 16 ਘੰਟੇ ਪ੍ਰਤੀ ਦਿਨ ਕੰਮ ਕਰਵਾਇਆ ਜਾਂਦਾ ਸੀ। ਇਸ ਮੰਗ ਪਿੱਛੇ ਦਲੀਲ ਇਹ ਸੀ ਕਿ ਪ੍ਰਤੀ ਦਿਨ ਅੱਠ ਘੰਟੇ ਤੋਂ ਵੱਧ ਕੰਮ ਮਜ਼ਦੂਰਾਂ ਦੀ ਸਰੀਰਕ ਤੇ ਮਾਨਸਿਕ ਸਿਹਤ ਵਿਚ ਵੱਡੇ ਵਿਗਾੜ ਪੈਦਾ ਕਰ ਕੇ ਉਨ੍ਹਾਂ ਨੂੰ ਮੌਤ ਦੀਆਂ ਬਰੂਹਾਂ ਵੱਲ ਧੱਕਦਾ ਹੈ। ਮਜ਼ਦੂਰਾਂ ਨੂੰ ਇਹ ਹੱਕ ਪ੍ਰਾਪਤ ਕਰਨ ਲਈ ਕਈ ਦਹਾਕੇ ਲੱਗ ਗਏ। ਹੁਣ ਨਵ-ਉਦਾਰਵਾਦੀ ਨੀਤੀਆਂ ਅਨੁਸਾਰ ਇਹ ਹੱਕ ਫਿਰ ਖੋਹਿਆ ਜਾ ਰਿਹਾ ਹੈ। ਇਸ ਸਦੀ ਦੇ ਪਹਿਲੇ ਦਹਾਕੇ ਵਿਚ ਇਤਾਲਵੀ ਚਿੰਤਕਾਂ ਅੰਟੋਨੀਓ ਨੇਗਰੀ ਅਤੇ ਮਾਈਕਲ ਹਰਡਟ ਨੇ ਇੰਟਰਨੈਟ ਅਤੇ ਗਿਆਨ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਨੂੰ ਨਵੇਂ ਤਰੀਕੇ ਦੀ ਪ੍ਰੋਲਤਾਰੀ ਕਹਿੰਦਿਆਂ ਉਨ੍ਹਾਂ ਨੂੰ ਮਲਟੀਚਿਊਡ ਦਾ ਨਾਂ ਦਿੱਤਾ। ਮਲਟੀਚਿਊਡ ਦੇ ਸ਼ਾਬਦਿਕ ਅਰਥ 'ਸਮੂਹ', 'ਇਕੱਠ', 'ਭੀੜ' ਆਦਿ ਹਨ। ਇਨ੍ਹਾਂ ਚਿੰਤਕਾਂ ਅਨੁਸਾਰ ਸਨਅਤੀ ਮਜ਼ਦੂਰਾਂ ਦੁਆਰਾ ਸਮਾਜ ਬਦਲਣ ਵਿਚ ਮੋਹਰੀ ਭੂਮਿਕਾ

(ਬਾਕੀ ਸਫ਼ਾ 30 'ਤੇ)

## ਕਿਸਾਨ ਅੰਦੋਲਨ ਦੀਆਂ ਪੰਜ ਨਾਇਕ ਸਖਸ਼ੀਅਤਾਂ ਜਗਸੀਰ ਸਿੰਘ, ਸੁਖਦੇਵ ਸਿੰਘ, ਨਵਦੀਪ ਸਿੰਘ, ਲਾਡੋ ਰਾਣੀ, ਬੇਬੇ ਮਹਿੰਦਰ ਕੌਰ











ਤਿੰਨ ਖੇਤੀ ਕਾਨੂੰਨਾਂ ਨੂੰ ਵਾਪਿਸ ਕਰਵਾਉਣ ਲਈ ਕਿਸਾਨਾਂ ਵੱਲੋਂ ਇੱਕ ਸਾਲ ਤੋਂ ਵੀ ਵੱਧ ਅੰਦੋਲਨ ਚਲਾਇਆ ਗਿਆ ਜਿਸ ਨੂੰ ਖ਼ਤਮ ਹੋਏ ਵੀ ਇੱਕ ਸਾਲ ਹੋ ਗਿਆ।ਆਪਣੇ ਘਰਾਂ ਨੂੰ ਛੱਡ ਕੇ ਸੜਕਾਂ ਉੱਤੇ ਬੈਠੇ ਕਿਸਾਨਾਂ ਨੇ ਜਿੱਤ ਤਾਂ ਦਰਜ ਕਰਵਾਈ ਹੀ ਪਰ ਕੁਝ ਅਜਿਹੇ ਚਿਹਰਿਆਂ ਨੂੰ ਪਛਾਣ ਮਿਲੀ, ਜਿਨ੍ਹਾਂ ਨੂੰ ਅੱਜ ਵੀ ਕਿਸਾਨੀ ਸੰਘਰਸ਼ ਨਾਲ ਜੋੜ ਕੇ ਹੀ ਜਾਣਿਆ ਜਾਂਦਾ ਹੈ। ਇਸ ਰਿਪੋਰਟ ਵਿੱਚ ਅਸੀਂ ਪੰਜ ਨਾਇਕ ਚਿਹਰਿਆਂ ਦੀ ਗੱਲ ਕਰਾਂਗੇ, ਜਿਹਨਾਂ ਇਤਿਹਾਸ ਸਿਰਜਿਆ।

ਭਾਰਤ ਦੀ ਰਾਜਧਾਨੀ ਦਿੱਲੀ ਦੇ ਨਰੇਲਾ ਦੀ ਰਹਿਣ ਵਾਲੀ ਸਮ੍ਰਿਤੀ ਆਰਿਆ ਨੂੰ ਕਿਸਾਨ ਅੰਦੋਲਨ ਸਦਕਾ ਲਾਡੋ ਰਾਣੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕਿਸਾਨ ਅੰਦੋਲਨ ਦੌਰਾਨ ਸਮ੍ਰਿਤੀ ਰੋਜ਼ਾਨਾ ਸਿੰਘੂ ਬਾਰਡਰ ਉੱਤੇ ਕਿਸਾਨਾਂ ਦੇ ਲੰਗਰ ਵਿੱਚ ਆਪਣੇ ਮਾਪਿਆਂ ਦੇ ਨਾਲ ਸੇਵਾ ਕਰਨ ਆਉਂਦੀ ਸੀ।

ਸਮ੍ਰਿਤੀ ਦਾ ਕਿਸਾਨਾਂ ਨਾਲ ਇੱਕ ਖਾਸ ਲਗਾਵ ਹੋ ਗਿਆ ਸੀ। ਕਿਸਾਨ ਵੀ ਉਨ੍ਹਾਂ ਨੂੰ ਲਾਡੋ ਰਾਣੀ ਕਹਿ ਕੇ ਬੁਲਾਉਂਦੇ ਸਨ। ਪਰ ਜਦੋਂ ਸਿੰਘੂ ਬਾਰਡਰ ਉੱਤੋਂ ਕਿਸਾਨਾਂ ਦੇ ਜਾਣ ਦਾ ਵੇਲਾ ਆਇਆ ਤਾਂ ਸਮ੍ਰਿਤੀ ਬਹੁਤ ਭਾਵੁਕ ਹੋ ਗਏ ਸਨ ਤੇ ਕਾਫ਼ੀ ਰੋਏ ਵੀ।

ਇਸ ਪਰਿਵਾਰ ਨੇ ਸਿੰਘੂ ਬਾਰਡਰ ਜਾਣਾ ਉਦੋਂ ਸ਼ੁਰੂ ਕੀਤਾ ਜਦੋਂ 26 ਜਨਵਰੀ 2021 ਤੋਂ ਬਾਅਦ ਕਿਸਾਨਾਂ ਦੀ ਟਰੈਕਟਰ ਰੈਲੀ ਹੋਈ।ਜਦੋਂ ਇਹ ਪਰਿਵਾਰ ਸਿੰਘੂ ਬਾਰਡਰ ਜਾਣ ਲੱਗਿਆ ਤਾਂ ਦਿੱਲੀ ਵਿੱਚ ਇਨ੍ਹਾਂ ਦੇ ਜਾਣਨ ਵਾਲਿਆਂ ਨੇ ਬਹੁਤ ਮੁਖਾਲਫ਼ਤ ਵੀ ਕੀਤੀ। ਪਰਿਵਾਰ ਕਹਿੰਦਾ ਹੈ ਕਿ ਲੋਕ ਇੱਥੋਂ ਤੱਕ ਕਹਿੰਦੇ ਰਹੇ ਕਿ ਤੁਸੀਂ ਉੱਥੇ ਟਾਈਮ ਪਾਸ ਕਰਨ ਜਾਂਦੇ ਹੋ। ਪਰ ਲੋਕਾਂ ਦਾ ਨਜ਼ਰੀਆ ਉਦੋਂ ਬਦਲਿਆ ਜਦੋਂ ਮੀਡੀਆ ਰਾਹੀਂ ਸਮ੍ਰਿਤੀ ਅਤੇ ਉਸ ਦਾ ਪਰਿਵਾਰ ਦੁਨੀਆਂ ਸਾਹਮਣੇ ਆਇਆ।ਸਮ੍ਰਿਤੀ ਕਹਿੰਦੀ ਹੈ, 'ਜਦੋਂ ਮੀਡੀਆ ਦੀ ਖ਼ਬਰ ਪ੍ਰਸਾਰਿਤ ਹੋਈ ਤਾਂ ਲੋਕਾਂ ਦਾ ਅਚਾਨਕ ਨਜ਼ਰੀਆ ਹੀ ਬਦਲ ਗਿਆ। ਮੇਰੇ ਦੋਸਤ ਜੋ ਮਜ਼ਾਕ ਉਡਾਉਂਦੇ ਸੀ ਉਹ ਆ ਕੇ ਲੰਗਰ ਅਤੇ ਅੰਦੋਲਨ ਬਾਰੇ ਪੁੱਛਣ ਲੱਗੇ ਕਿ ਕਿਵੇਂ ਦੇ ਲੋਕ ਹਨ, ਉੱਥੇ ਕੀ-ਕੀ ਹੁੰਦਾ ਹੈ।'

ਕਿਸਾਨ ਅੰਦੋਲਨ ਦਾ ਦੂਸਰਾ ਨਾਇਕ ਨਵਦੀਪ ਸਿੰਘ ਹਰਿਆਣਾ ਦੇ ਅੰਬਾਲਾ ਦੇ ਪਿੰਡ ਜਲਬੇੜਾ ਦੇ ਰਹਿਣ ਵਾਲਾ ਹੈ। ਨਵਦੀਪ ਸਿੰਘ ਨੇ ਕਿਸਾਨ ਅੰਦੋਲਨ ਦੀ ਸ਼ੁਰੂਆਤ ਵੇਲੇ ਵਾਟਰ ਕੈਨਨ ਦਾ ਮੂੰਹ ਮੋੜ ਦਿੱਤਾ ਸੀ। ਇਸੇ ਘਟਨਾ ਤੋਂ ਬਾਅਦ ਨਵਦੀਪ ਕਿਸਾਨ ਸੰਘਰਸ਼ ਦਾ ਨਾਇਕ ਬਣ ਗਿਆ।

ਅੰਬਾਲਾ ਦੇ ਰਹਿਣ ਵਾਲੇ ਨਵਦੀਪ ਸੁਰਖੀਆਂ ਵਿੱਚ ਉਦੋਂ ਆਏ ਜਦੋਂ 25 ਨਵੰਬਰ 2020 ਨੂੰ ਸੰਯੁਕਤ ਕਿਸਾਨ ਮੋਰਚੇ ਦੇ ਕਹਿਣ ਉੱਤੇ ਕਿਸਾਨਾਂ ਨੇ ਦਿੱਲੀ ਨੂੰ ਚਾਲੇ ਪਾਏ।ਇਸ ਮਗਰੋਂ ਪੁਲਿਸ ਨੇ ਨਵਦੀਪ ਉੱਪਰ 307 ਦਾ ਪਰਚਾ ਦਰਜ ਕੀਤਾ ਸੀ। ਇਸ ਸਾਰੀ ਘਟਨਾ ਤੋਂ ਬਾਅਦ ਨਵਦੀਪ ਵੀ ਕਿਸਾਨਾਂ ਨਾਲ ਸਿੰਘੂ ਬਾਰਡਰ ਉੱਤੇ ਪਹੁੰਚ ਗਏ ਸਨ। ਨਵਦੀਪ ਨੇ ਦੱਸਿਆ ਸੀ ਕਿ ਵਾਟਰ ਕੈਨਨ ਦਾ ਮੂੰਹ ਮੋੜਨ ਵਾਲੀ ਘਟਨਾ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਈ ਬਦਲਾਅ ਆਏ, ਜਿਵੇਂ ਕਿ ਨਸ਼ੇ ਕਰਨ ਦੀ ਤੋਹਮਤ, ਜਵਾਨੀ ਉੱਤੇ ਸਵਾਲ ਦੀ ਗੱਲ ਹੁੰਦੀ ਸੀ ਪਰ ਉਨ੍ਹਾਂ ਮੁਤਾਬਕ ਸਰਕਾਰ ਨੂੰ ਦਿਖਾਇਆ ਕਿ ਸਾਡੀ

(ਬਾਕੀ ਸਫ਼ਾ 30 'ਤੇ)

# ਉੱਘੇ ਕਾਲਮਨਵੀਸ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਉਜਾਗਰ ਸਿੰਘ ਦਾ ਮਾਣ-ਮੱਤਾ ਪੱਤਰਕਾਰ ਪੁਰਸਕਾਰ ਨਾਲ ਸਨਮਾਨ



ਫਗਵਾੜਾ/ਏ.ਟੀ.ਨਿਊਜ਼ :- ਪ੍ਰਸਿੱਧ ਲੇਖਕ ਅਤੇ ਕਾਲਮਨਵੀਸ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਉਜਾਗਰ ਸਿੰਘ ਸਾਬਕਾ ਡੀ.ਪੀ.ਆਰ.ਓ. ਦਾ ਉਨ੍ਹਾਂ ਵਲੋਂ ਪੰਜਾਬੀ ਪੱਤਰਕਾਰੀ ਅਤੇ ਸਾਹਿਤ ਨੂੰ ਦਿੱਤੀਆਂ ਸੇਵਾਵਾਂ ਲਈ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ (ਰਜਿ:) ਪੰਜਾਬ ਵਲੋਂ ਸਨਮਾਨਤ ਕੀਤਾ ਗਿਆ। ਲੇਖਕਾਂ, ਪੱਤਰਕਾਰਾਂ, ਸਾਹਿਤ ਪ੍ਰੇਮੀਆਂ ਦੇ ਇੱਕ ਵੱਡੇ ਇਕੱਠ ਵਿੱਚ ਦੋਵਾਂ ਕਾਲਮਨਵੀਸ ਪੱਤਰਕਾਰਾਂ ਨੂੰ ਮਾਣ-ਪੱਤਰ, ਦੁਸ਼ਾਲਾ ਅਤੇ ਸਨਮਾਨ ਚਿੰਨ੍ਹ ਸਤਿਕਾਰ ਨਾਲ ਮੰਚ ਵਲੋਂ ਭੇਟ ਕੀਤਾ ਗਿਆ। ਮੰਚ ਵਲੋਂ ਡਾ. ਸ਼ਿਆਮ ਸੁੰਦਰ ਦੀਪਤੀ ਦੇ ਸਨਮਾਨ 'ਚ ਸਨਮਾਨ ਪੱਤਰ ਰਵਿੰਦਰ ਚੋਟ ਨੇ ਅਤੇ ਉਜਾਗਰ ਸਿੰਘ ਦੇ ਸਨਮਾਨ 'ਚ ਸਨਮਾਨ ਪੱਤਰ ਗਿਆਨ ਸਿੰਘ ਡੀ.ਪੀ.ਆਰ.ਓ. ਨੇ ਪੜ੍ਹਿਆ। ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਦੇ ਇਸ ਸਲਾਨਾ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਰਵਿੰਦਰ ਸਹਿਰਾਅ (ਅਮਰੀਕਾ), ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਉਜਾਗਰ ਸਿੰਘ ਸਾਬਕਾ ਡੀ.ਪੀ.ਆਰ.ਓ., ਡਾ. ਸ਼ਿਆਮ ਸੁੰਦਰ ਦੀਪਤੀ, ਪ੍ਰੋ. ਜਸਵੰਤ ਸਿੰਘ ਗੰਡਮ ਅਤੇ ਮੰਚ ਦੇ ਪ੍ਰਧਾਨ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਪ੍ਰਿੰ. ਕੁਲਵੰਤ ਸਿੰਘ ਅਣਖੀ, ਚਰਨਜੀਤ ਸਿੰਘ ਗੁਮਟਾਲਾ, ਡਾ. ਐਸ.ਐਲ. ਵਿਰਦੀ, ਬੰਸੋ ਦੇਵੀ, ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ., ਬੇਅੰਤ ਕੌਰ ਮੋਗਾ, ਟੀ.ਡੀ. ਚਾਵਲਾ, ਗੁਰਬਿੰਦਰ ਸਿੰਘ ਮਾਣਕ ਹਾਜ਼ਰ ਹੋਏ। ਪ੍ਰੋ. ਜਸਵੰਤ ਸਿੰਘ ਗੰਡਮ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਮੌਜੂਦਾ ਸਮੇਂ ਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਦੇ ਮੱਦੇਨਜ਼ਰ ਪੱਤਰਕਾਰੀ ਨੂੰ ਵੱਡੀਆਂ ਚਣੌਤੀਆਂ ਦਰਪੇਸ਼ ਹਨ ਅਤੇ ਪੰਜਾਬੀ ਪੱਤਰਕਾਰਾਂ ਨੂੰ ਇਨ੍ਹਾਂ ਚਣੌਤੀਆਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਪੰਜਾਬੀ ਕਾਲਮਨਵੀਸ ਪੱਤਰਕਾਰਾਂ ਸਬੰਧੀ ਕਿਹਾ ਕਿ ਇਹ ਅਖ਼ਬਾਰਾਂ, ਮੈਗਜ਼ੀਨਾਂ ਦੀ ਰੂਹ ਹਨ ਅਤੇ ਸਮੇਂ ਦੀ ਮੰਗ ਹੈ ਕਿ ਪੰਜਾਬ ਜਿਸ ਸਮੱਸਿਆਵਾਂ ਦੇ ਦੌਰ ਵਿਚੋਂ ਲੰਘ ਰਿਹਾ ਹੈ, ਉਸ ਵਿੱਚ ਇਹ ਪੱਤਰਕਾਰ ਲੋਕਾਂ ਦੇ ਅੰਗ-ਸੰਗ ਖੜਨ। ਉਜਾਗਰ ਸਿੰਘ ਸਾਬਕਾ ਡੀ.ਪੀ.ਆਰ.ਓ. ਨੇ ਕਿਹਾ ਕਿ ਅੱਜ ਪੱਤਰਕਾਰਾਂ ਸਾਹਮਣੇ ਸਮਾਜ ਦੀ ਦਸ਼ਾ ਸਮਝਕੇ ਦਿਸ਼ਾ ਦੇਣ ਦੇ ਵੱਡੇ ਕਾਰਜ ਹਨ, ਜਿਨ੍ਹਾਂ ਨੂੰ ਖ਼ਾਸ ਕਰਕੇ ਕਾਲਮਨਵੀਸ ਪੱਤਰਕਾਰਾਂ ਨੂੰ ਸਿਰੇ ਚਾੜ੍ਹਨ ਲਈ ਅਣਥੱਕ ਯਤਨਾਂ ਦੀ ਲੋੜ ਹੈ। ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਹਾਜ਼ਰੀਨ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਕਰਵਾਏ ਗਏ ਕਵੀ ਦਰਬਾਰ ਵਿੱਚ ਰਵਿੰਦਰ ਸਹਿਰਾਅ, ਰਵਿੰਦਰ ਚੋਟ, ਬਲਦੇਵ ਰਾਜ ਕੋਮਲ, ਰਵਿੰਦਰ ਸਿੰਘ ਰਾਏ, ਜਸਵਿੰਦਰ ਕੌਰ ਫਗਵਾੜਾ, ਹਰਚਰਨ ਭਾਰਤੀ ਨੇ ਕਵਿਤਾਵਾਂ ਸੁਣਾਈਆਂ। ਸਮਾਗਮ ਦੌਰਾਨ ਐਸ.ਐਲ ਵਿਰਦੀ ਦੀ ਪੁਸਤਕ 'ਭਾਰਤ ਦੇ ਆਜ਼ਾਦੀ ਅੰਦੋਲਨ 'ਚ ਡਾ: ਅੰਬੇਦਕਰ ਤੇ ਕ੍ਰਾਂਤੀਕਾਰੀਆਂ ਦਾ ਯੋਗਦਾਨ' ਅਤੇ ਡਾ. ਸ਼ਿਆਮ ਸੁੰਦਰ ਦੀਪਤੀ ਦਾ ਸੰਪਾਦਿਕ ਮੈਗਜ਼ੀਨ 'ਗੁਫ਼ਤਗੂ' ਰਿਲੀਜ਼ ਕੀਤਾ ਗਿਆ। ਸਮਾਗਮ ਦੀ ਕਾਰਵਾਈ ਸਕੇਪ ਸਾਹਿਤਕ ਸੰਸਥਾਵ ਦੇ ਪ੍ਰਧਾਨ ਪਰਵਿੰਦਰਜੀਤ ਸਿੰਘ ਨੇ ਚਲਾਈ। ਸਮਾਗਮ ਵਿੱਚ ਹੋਰਨਾਂ ਤੋਂ ਬਿਨ੍ਹਾਂ ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਮੈਨੇਜਰ ਜਗਜੀਤ ਸੇਠ, ਡਾ. ਨਰੇਸ਼ ਬਿੱਟੂ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਮਨਦੀਪ ਸਿੰਘ, ਨਰਿੰਦਰ ਸੈਣੀ, ਹਰਵਿੰਦਰ ਸਿੰਘ, ਸਤਪ੍ਰਕਾਸ਼ ਸੱਗੂ, ਮੈਡਮ ਤਨੂੰ, ਮੈਡਮ ਸੁਖਜੀਤ, ਮੈਡਮ ਪੂਜਾ ਸੈਣੀ, ਕਾਮਰੇਡ ਜੈਪਾਲ ਸਿੰਘ, ਪ੍ਰਭਾਤ ਕੁਮਾਰ, ਸੁਖਵਿੰਦਰ ਸਿੰਘ ਸੱਲ, ਗੁਰਨਾਮ ਸਿੰਘ ਸੱਲ ਆਦਿ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਹੋਏ।

## ਭਗਵੇਂਵਾਦੀ ਸਾਵਰਕਰ 'ਤੇ ਟਿੱਪਣੀ ਕਰਨ ਤੋਂ ਬਾਅਦ ਰਾਹੁਲ ਗਾਂਧੀ ਖਿਲਾਫ ਮਾਮਲਾ ਦਰਜ

ਮੁੰਬਈ/ਏ.ਟੀ.ਨਿਊਜ਼ :- ਭਾਰਤ ਜੋੜੋ ਯਾਤਰਾ ਦੌਰਾਨ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਮਹਾਰਾਸ਼ਟਰ ਵਿਚ ਵੀਰ ਸਾਵਰਕਰ 'ਤੇ ਬਿਆਨ ਦਿੱਤਾ ਹੈ। ਹੁਣ ਇਸ 'ਤੇ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਤਾਜ਼ਾ ਖ਼ਬਰ ਇਹ ਹੈ ਕਿ ਵੀਰ ਸਾਵਰਕਰ ਦਾ ਬਿਆਨ ਦੇਣ ਦੇ ਦੋਸ਼ ਵਿਚ ਰਾਹੁਲ ਗਾਂਧੀ 'ਤੇ ਮਹਾਰਾਸ਼ਟਰ ਦੇ ਠਾਣੇ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਪੁਲਿਸ ਕਿਸੇ ਸਮੇਂ ਹਰਕਤ ਵਿੱਚ ਆ ਸਕਦੀ ਹੈ। ਜੇਕਰ ਰਾਹੁਲ ਗਾਂਧੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਭਾਰਤ ਜੋੜੋ ਯਾਤਰਾ ਦੌਰਾਨ ਵੱਡਾ ਹੰਗਾਮਾ ਹੋ ਸਕਦਾ ਹੈ। ਰਾਹੁਲ ਗਾਂਧੀ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਸਾਵਰਕਰ ਜੀ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ।ਉਸ ਨੇ ਅੰਗਰੇਜ਼ਾਂ ਨੂੰ ਚਿੱਠੀ ਲਿਖ ਕੇ ਕਿਹਾ- ਜਨਾਬ, ਮੈਂ ਤੁਹਾਡਾ ਸੇਵਕ ਬਣਨਾ ਚਾਹੁੰਦਾ ਹਾਂ।ਰਾਹੁਲ ਗਾਂਧੀ ਦੇ ਇਸ ਬਿਆਨ 'ਤੇ ਭਾਜਪਾ ਗੁੱਸੇ ਵਿਚ ਆ ਗਈ ਹੈ। ਪਾਰਟੀ ਨੇ ਇਸ ਨੂੰ ਅਜ਼ਾਦੀ ਘੁਲਾਟੀਆਂ ਦਾ ਅਪਮਾਨ ਦੱਸਿਆ ਹੈ। ਪੂਰੇ ਮਾਮਲੇ ਵਿਚ ਖਾਸ ਗੱਲ ਇਹ ਹੈ ਕਿ ਮਹਾ ਵਿਕਾਸ ਅਗਾੜੀ ਸਰਕਾਰ ਵਿਚ ਕਾਂਗਰਸ ਦਾ ਸਾਥ ਦੇਣ ਵਾਲੇ ਊਧਵ ਠਾਕਰੇ ਨੇ ਵੀ ਰਾਹੁਲ ਗਾਂਧੀ ਦੇ ਬਿਆਨ ਦਾ ਵਿਰੋਧ ਕੀਤਾ ਹੈ। ਊਧਵ, ਜੋ ਹੁਣ ਸ਼ਿਵ ਸੈਨਾ ਦੇ ਇੱਕ ਧੜੇ ਦੇ ਮੁਖੀ ਹਨ, ਨੇ ਰਾਹੁਲ ਗਾਂਧੀ ਦੇ ਬਿਆਨ ਦੇ ਸਾਹਮਣੇ ਆਉਣ ਤੋਂ ਬਾਅਦ ਕਿਹਾ, ਉਨ੍ਹਾਂ ਦੀ ਪਾਰਟੀ ਵੀਰ ਸਾਵਰਕਰ ਲਈ ਬਹੁਤ ਸਤਿਕਾਰ ਕਰਦੀ ਹੈ ਅਤੇ ਇਸ ਵਿਸ਼ੇ 'ਤੇ ਰਾਹੁਲ ਗਾਂਧੀ ਦੀਆਂ ਟਿੱਪਣੀਆਂ ਨੂੰ ਮਨਜ਼ੂਰ ਨਹੀਂ ਕਰਦੀ।ਇਸ ਤੋਂ ਪਹਿਲਾਂ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਭਾਜਪਾ ਨੇਤਾ ਦੇਵੇਂਦਰ ਫੜਨਵੀਸ ਨੇ ਕਿਹਾ, ਰਾਹੁਲ ਗਾਂਧੀ ਨੇ ਇਕ ਵਾਰ ਫਿਰ ਹਿੰਦੂਤਵ ਦਾ ਅਪਮਾਨ ਕੀਤਾ ਹੈ। ਇਸ ਦਾ ਜਵਾਬ ਮਹਾਰਾਸ਼ਟਰ ਦੇ ਲੋਕ ਦੇਣਗੇ।ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਵੀ ਸਾਵਰਕਰ 'ਤੇ ਉਨ੍ਹਾਂ ਦੀ ਟਿੱਪਣੀ 'ਤੇ ਕਾਂਗਰਸ ਨੇਤਾ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਰਾਜ ਦੇ ਲੋਕ ਉਨ੍ਹਾਂ ਦਾ ਅਪਮਾਨ ਬਰਦਾਸ਼ਤ ਨਹੀਂ ਕਰਨਗੇ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਰਾਹੁਲ ਗਾਂਧੀ ਨੇ ਵੀਰ ਸਾਵਰਕਰ 'ਤੇ ਵਿਵਾਦਿਤ ਬਿਆਨ ਦਿੱਤਾ ਹੈ। ਭਾਜਪਾ ਜਿੱਥੇ ਵੀਰ ਸਾਵਰਕਰ ਨੂੰ ਆਪਣਾ ਆਦਰਸ਼ ਮੰਨਦੀ ਹੈ, ਉੱਥੇ ਕਾਂਗਰਸ ਅਤੇ ਰਾਹੁਲ ਗਾਂਧੀ ਉਨ੍ਹਾਂ ਦਾ ਅਪਮਾਨ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ।

## ਫਿਰ ਬਣੇ ਕਰੀਮਪੁਰੀ ਪੰਜਾਬ ਬਸਪਾ ਦੇ ਇੰਚਾਰਜ



ਚੰਡੀਗੜ੍ਹ/ਏ.ਟੀ.ਨਿਊਜ਼ :- ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ ਪੰਜਾਬ ਦੀ ਪਾਰਟੀ ਵਿਚ ਫਿਰ ਬਦਲ ਕੀਤਾ ਹੈ ਤੇ 4 ਆਗੂਆਂ ਦੀ ਨਵੀਂ ਨਿਯੁਕਤੀ ਕੀਤੀ ਹੈ। ਯੂ.ਪੀ. ਤੋਂ ਰਾਜ ਸਭਾ ਦੇ ਮੈਂਬਰ ਰਹੇ ਅਵਤਾਰ ਸਿੰਘ ਕਰੀਮਪੁਰੀ ਨੂੰ ਦੁਬਾਰਾ ਪੰਜਾਬ ਦਾ ਇੰਚਾਰਜ ਲਾਇਆ ਗਿਆ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਦਿੱਲੀ ਦੇ 'ਸਿਆਸੀ ਹਲਕਿਆਂ' ਤੋਂ ਸਿੱਖ ਭਾਈਚਾਰੇ ਨੂੰ ਗਾਇਬ ਕਰਨ ਦੀ ਸਾਜਿਸ਼

## ਅਲਾਇੰਸ ਆਫ ਸਿੱਖ ਆਰਗਨਾਈਜੇਸ਼ਨਜ਼ ਨੇ ਵੱਖਵੱਖ ਸਿਆਸੀ ਪਾਰਟੀਆਂ ਉਪਰ ਲਗਾਏ ਦੋਸ਼



ਨਵੀਂ ਦਿੱਲੀ/ਏ.ਟੀ.ਨਿਊਜ਼ :- ਦਿੱਲੀ ਨਗਰ ਨਿਗਮ ਚੋਣਾਂ ਦੇ ਮੱਦੇਨਜ਼ਰ ਚੋਣਵੀਆਂ ਸਿੱਖ ਜਥੇਬੰਦੀਆਂ ਵਲੋਂ ਵੱਖ-ਵੱਖ ਸਿਆਸੀ ਪਾਰਟੀਆਂ 'ਤੇ ਸਿੱਖਾਂ ਨੂੰ ਸਿਆਸਤ ਵਿਚੋਂ ਦਰਕਿਨਾਰ ਕਰਨ ਦੀ ਸਾਜਿਸ਼ ਦਾ ਦੋਸ਼ ਲਾਇਆ ਹੈ। ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਅਲਾਇੰਸ ਆਫ ਸਿੱਖ ਆਰਗਨਾਈਜ਼ੇਸ਼ਨਜ਼ (35 ਜਥੇਬੰਦੀਆਂ ਦਾ ਗਰੁੱਪ) ਅਤੇ ਸਿੱਖ ਅਵੇਅਰਨੈੱਸ ਸੁਸਾਇਟੀ ਨੇ ਐਲਾਨ ਕੀਤਾ ਹੈ ਕਿ ਸਿਆਸੀ ਪਾਰਟੀਆਂ ਖਿਲਾਫ ਨਾਰਾਜ਼ਗੀ ਪ੍ਰਗਟਾਉਣ ਲਈ ਦਿੱਲੀ ਦੇ ਸਿੱਖਾਂ ਨੂੰ ਨਿਗਮ ਚੋਣਾਂ ਦੌਰਾਨ 'ਨੋਟਾ' 'ਤੇ ਵੋਟ ਪਾਉਣ ਲਈ ਵੱਡੀ ਪੱਧਰ 'ਤੇ ਮੁਹਿੰਮ ਚਲਾਈ ਜਾਵੇਗੀ। ਅਲਾਇੰਸ ਦੇ ਚੀਫ ਕੋਆਰਡੀਨੇਟਰ ਪਰਮਪਾਲ ਸਿੰਘ ਸਭਰਾਅ, ਮਨੋਜ ਸਿੰਘ ਦੁਹਾਨ (ਯੂਨੀਨਿਸਟ ਸਿੱਖ ਮਿਸ਼ਨ) ਤੇ ਹੋਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਦਿੱਲੀ ਵਿਚ ਸਿੱਖਾਂ ਦੀ ਆਬਾਦੀ ਤਕਰੀਬਨ 11 ਲੱਖ ਹੋਣ ਦੇ ਬਾਵਜੂਦ ਵੱਖ-ਵੱਖ ਪਾਰਟੀਆਂ ਵਲੋਂ ਸਿੱਖਾਂ ਨੂੰ ਦਿੱਲੀ ਦੇ ਸਿਆਸੀ ਪਰਦੇ ਤੋਂ ਗਾਇਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸੇ ਲਈ ਦਿੱਲੀ ਦੀ ਸਿਆਸਤ 'ਚ ਸਿੱਖਾਂ ਦੀ ਨੁਮਾਇੰਦਗੀ ਲਗਾਤਾਰ ਘਟਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਦਿੱਲੀ ਨਗਰ ਚੋਣਾਂ 'ਚ ਕੁਲ 250 ਵਾਰਡਾਂ ਵਿਚੋਂ ਭਾਜਪਾ ਵਲੋਂ 7, ਆਪ ਵਲੋਂ 6 ਅਤੇ ਕਾਂਗਰਸ ਨੇ ਸਿਰਫ 5 ਸਿੱਖਾਂ ਨੂੰ ਟਿਕਟ ਦਿੱਤੀ ਹੈ। ਜਦਕਿ ਸਿੱਖਾਂ ਨੂੰ ਘੱਟੋ-ਘੱਟ 25 ਸੀਟਾਂ ਦੇਣੀਆਂ ਚਾਹੀਦੀਆਂ ਸਨ। ਉਨ੍ਹਾਂ ਇਹ ਵੀ ਚੇਤਾ ਕਰਵਾਇਆ ਕਿ ਕਦੀ ਦਿੱਲੀ ਦਾ ਮੁੱਖ ਮੰਤਰੀ ਇਕ ਸਿੱਖ ਗੁਰਮੁੱਖ ਨਿਹਾਲ ਸਿੰਘ ਹੁੰਦਾ ਸੀ ਅਤੇ ਇਕ ਸਮੇਂ ਕੁਲ 70 ਵਿਧਾਇਕਾਂ 'ਚੋਂ 9 ਵਿਧਾਇਕ ਸਿੱਖ ਸਨ, ਪ੍ਰੰਤੂ ਉਸ ਤੋਂ ਬਾਅਦ ਲਗਾਤਾਰ ਸਿੱਖਾਂ ਦੀ ਨੁਮਾਇੰਦਗੀ ਘੱਟ ਹੁੰਦੀ ਜਾ ਰਹੀ ਹੈ ਅਤੇ ਮੌਜੂਦਾ ਸਮੇਂ ਦਿੱਲੀ ਦੀ ਕੇਜਰੀਵਾਲ ਸਰਕਾਰ ਵਿਚ ਇੱਕ ਵੀ ਸਿੱਖ ਮੰਤਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਗੰਭੀਰ ਮਸਲਾ ਹੈ, ਇਸੇ ਲਈ ਦਿੱਲੀ ਵਿਚ ਮੁਹਿੰਮ ਚਲਾ ਕੇ ਸਿੱਖਾਂ ਨੂੰ 'ਨੋਟਾ' 'ਤੇ ਵੋਟ ਪਾਉਣ ਦੀ ਮੁਹਿੰਮ ਚਲਾਈ ਜਾਵੇਗੀ।

# ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲਿਆਂ ਉਪਰ ਸਰਕਾਰ ਦੀ ਸਖਤੀ

## ਪੰਜਾਬੀ ਗਾਇਕ, ਪ੍ਰੋਡਿਊਸਰ ਤੇ ਮਿਊਜ਼ਿਕ ਕੰਪਨੀ ਖਿਲਾਫ ਪੁਲਿਸ ਐਕਸ਼ਨ



ਚੰਡੀਗੜ੍ਹ/ਏ.ਟੀ.ਨਿਊਜ਼ :- ਹਥਿਆਰ ਕਲਚਰ ਨੂੰ ਪ੍ਰਮੋਟ ਕਰਨ ਵਾਲਿਆਂ ਦੀ ਸ਼ਾਮਤ ਆ ਗਈ ਹੈ। ਭਗਵੰਤ ਮਾਨ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਮਗਰੋਂ ਪੁਲਿਸ ਹਰਕਤ ਵਿੱਚ ਆ ਗਈ ਹੈ। ਰਾਏਕੋਟ ਥਾਣਾ ਸਦਰ ਪੁਲਿਸ ਵੱਲੋਂ ਹਥਿਆਰ ਕਲਚਰ ਨੂੰ ਸੋਸ਼ਲ ਮੀਡੀਆ 'ਤੇ ਪ੍ਰਮੋਟ ਕਰਨ ਦੇ ਦੋਸ਼ਾਂ ਹੇਠ ਇੱਕ ਪੰਜਾਬੀ ਗਾਇਕ, ਗੀਤ ਦੇ ਪ੍ਰੋਡਿਊਸਰ ਤੇ ਇੱਕ ਮਿਊਜ਼ਿਕ ਕੰਪਨੀ 'ਤੇ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਨੰਬਰ 112 ਦਰਜ ਕੀਤਾ ਗਿਆ ਹੈ। ਜ਼ਿਲ੍ਹਾ ਲੁਧਿਆਣਾ (ਦਿਹਾਤੀ) ਪੁਲਿਸ ਮੁਖੀ ਵੱਲੋਂ ਜਾਰੀ ਪ੍ਰੈੱਸ ਨੋਟ ਮੁਤਾਬਕ ਗੀਤ ਦੇ ਪ੍ਰੋਡਿਊਸਰ ਸੱਤਾ ਡੀਕੇ ਤੇ ਗਾਇਕ ਤਾਰੀ ਕਾਸ਼ਾਪੁਰੀਆ ਵੱਲੋਂ 32 ਬੋਰ ਸਿਰਲੇਖ ਵਾਲਾ ਇਕ ਗੀਤ 'ਡੱਬ ਵਿੱਚ ਰੱਖੀ ਦਾ ਹੈ 32 ਬੋਰ' ਲਵ ਮਿਊਜ਼ਕ ਕੰਪਨੀ ਦੇ ਬੈਨਰ ਹੇਠ ਯੂ-ਟਿਊਬ 'ਤੇ ਜਾਰੀ ਕੀਤਾ ਗਿਆ ਸੀ।

ਜਾਣਕਾਰੀ ਮੁਤਾਬਕ ਗੀਤ ਦਾ ਪ੍ਰੋਡਿਊਸਰ ਸੱਤਾ ਡੀਕੇ ਰਾਏਕੋਟ ਨੇੜਲੇ ਪਿੰਡ ਭੈਣੀ ਦਰੇੜਾਂ ਦਾ ਵਸਨੀਕ ਹੈ। ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਥਾਣਾ ਸਦਰ ਰਾਏਕੋਟ ਵਿਖੇ ਗਾਇਕ ਤਾਰੀ ਕਾਸਾਪੁਰੀਆ, ਪ੍ਰੋਡਿਊਸਰ ਸੱਤਾ ਡੀਕੇ ਤੇ ਲਵ ਮਿਊਜ਼ਕ ਕੰਪਨੀ ਦੇ ਖ਼ਿਲਾਫ਼ ਭਾਰਤੀ ਦੰਡਾਵਲੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ ਇਸ ਬਾਰੇ ਥਾਣਾ ਮੁਖੀ ਇੰਸਪੈਕਟਰ ਮੈਡਮ ਰੁਪਿੰਦਰ ਕੌਰ ਨੇ ਦੱਸਿਆ ਕਿ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲੇ

(ਬਾਕੀ ਸਫ਼ਾ 29 'ਤੇ)

# ਭੇਖੀ ਸਾਧ ਸੁਰਿੰਦਰ ਸਿੰਘ ਉਰਫ਼ ਫ਼ੌਜਾ ਸਿੰਘ ਦੀਆਂ ਕਰਤੂਤਾਂ ਸਾਹਮਣੇ ਆਉਣ ਤੋਂ ਬਾਅਦ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਵੱਲੋਂ ਅਕਾਲ ਬੁੰਗਾ ਗੁਰਦੁਆਰਾ ਸਾਹਿਬ ਅਜ਼ਾਦ ਕਰਵਾ ਨਵੀਂ ਨੀਤੀ ਦਾ ਐਲਾਨ



ਬੀਤੇ ਦਿਨੀਂ 20 ਨਵੰਬਰ ਦਿਨ ਐਤਵਾਰ 2022 ਗੁਰਦੁਆਰਾ ਅਕਾਲ ਬੁੰਗਾ ਬਰਮਿੰਘਮ ਯੂ.ਕੇ. ਵਿਖੇ ਸਮੂਹ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ, ਪੰਥਕ ਜਥੇਬੰਦੀਆਂ ਦੇ ਸੇਵਾਦਾਰ, ਗੁਰਦੁਆਰਾ ਅਕਾਲ ਬੁੰਗਾ ਦੇ ਟ੍ਰਸਟੀ ਅਤੇ ਯੂ.ਕੇ. ਦੀ ਸੰਗਤ ਦਾ ਇਕੱਠ, ਪੰਥ ਦੇ ਸਾਹਮਣੇ ਉਹ ਦੁਰਭਾਗੀ ਘਟਨਾ ਲਿਅਉਣ ਵਾਸਤੇ ਇਕੱਤਰ ਹੋਇਆ ਹੈ, ਜਿਸ ਨਾਲ ਸਿੱਖਾਂ ਦੀ ਸ਼ਰਧਾ, ਇਨ੍ਹਾਂ ਪਾਖੰਡੀ ਲੋਕਾਂ ਕਰਕੇ ਟੁੱਟਦੀ ਜਾ ਰਹੀ ਹੈ। ਭੋਲ਼ੇ ਸਿੱਖ ਕੁਰਾਹੇ ਪੈ ਕੇ ਥਾਂ ਥਾਂ ਡੇਰਿਆਂ 'ਤੇ ਜਾ ਕੇ ਧੋਖੇ ਖਾ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਟੁੱਟ ਕੇ ਜਦੋਂ ਅਸੀਂ ਕਿਸੇ ਸ਼ਖਸੀ ਬੰਦੇ ਦੀ ਪੂਜਾ ਵੀ ਕਰਦੇ ਹਾਂ ਤਾਂ ਸਾਨੂੰ ਅਜਿਹੇ ਦਿਨ ਦੇਖਣੇ ਪੈਂਦੇ ਹਨ ਅਤੇ ਖ਼ੁਆਰ ਵੀ ਹੁੰਦੇ ਹਾਂ, ਜਿਵੇਂ ਅੱਜ ਅਸੀਂ ਹੋ ਵੀ ਰਹੇ ਹਾਂ।

ਭਗਤ ਕਬੀਰ ਜੀ ਨੇ ਇਨ੍ਹਾਂ ਬਾਬਤ ਆਖਦੇ ਹਨ : ਗਜ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨ ਤਗ॥

ਗਲੀ ਜਿਨਾ ਜਪਮਾਲੀਆ ਲੋਟੇ ਹੱਥਿ ਨਿਬਗ॥

ਉਇ ਹਰਿ ਕੇ ਸੰਤ ਨ ਆਖੀਅਾਹ ਬਨਾਰਸ ਕੇ ਠੱਗ॥

ਬਹੁਤਾਤ ਇਸ ਢੌਂਗੀ ਬਾਬੇ ਨੂੰ ਜਾਣ ਦੇ ਵੀ ਹਨ। ਉਹ ਹੈ, ਸਰਿੰਦਰ ਸਿੰਹੁ ਉਰਫ ਬਾਬਾ ਫੌਜਾ ਸਿੰਹੁ। ਜਿਸ ਨੇ ਇੰਡੀਆ ਪਿੰਡ ਸੁਭਾਨਾ ਜ਼ਿਲ੍ਹਾ ਜਲੰਧਰ, ਪਿੰਡ ਕੋਟ ਦੋਨਾ ਅਤੇ ਗੁਰਦੁਆਰਾ ਅਕਾਲ ਬੁੰਗਾ ਯੂ.ਕੇ. ਆਪਣੇ ਡੇਰੇ ਸਥਾਪਿਤ ਕੀਤੇ। ਇਨ੍ਹਾਂ ਡੇਰਿਆਂ 'ਤੇ ਆਉਣ ਵਾਲੀਆਂ ਸੰਗਤਾਂ ਨੂੰ ਗੁੰਮਰਾਹ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੋਨੇ ਦੀ ਲਿਖਾਈ ਦੇ ਬਹਾਨੇ, ਕਈ ਕਰੋੜ ਰੁਪਏ ਅਤੇ ਬਹੁਤ ਭਾਰੀ ਸੋਨਾ, ਲੋਕਾਂ ਕੋਲੋਂ ਠੱਗਦਾ ਰਿਹਾ ਹੈ ਜਿਸ ਦੇ ਸਬੂਤ ਅਕਾਲ ਬੁੰਗਾ ਦੇ ਟਰੱਸਟੀਆਂ ਕੋਲ ਅਤੇ ਹੋਰ ਸੰਗਤਾਂ ਕੋਲ ਮੌਜੂਦ ਵੀ ਹਨ।

ਇੱਥੇ ਹੀ ਵੱਸ ਨਹੀਂ, ਉਸ ਸਮੇਂ ਹੈਰਾਨਗੀ ਦੀ ਹੱਦ ਹੋ ਗਈ, ਜਦੋਂ ਸੁਰਿੰਦਰ ਸਿੰਹੁ ਉਰਫ ਬਾਬਾ ਫੌਜਾ ਸਿੰਹੁ ਦੀ ਵੀਡੀਉ ਸਾਹਮਣੇ ਆਈ, ਜਦੋਂ ਕਿਸੇ (ਸ਼ਰਧਾਵਾਨ) ਬੀਬੀ ਨੂੰ ਆਪਣੇ ਜਾਲ਼ ਵਿੱਚ ਫਸਾਇਆ ਅਤੇ ਅੰਮ੍ਰਿਤਧਾਰੀ ਹੁੰਦਾ ਹੋਇਆ, ਨੰਗੇ ਸਿਰ, ਕਰਾਰਾ ਅਤੇ ਕੱਪੜਿਆਂ ਤੋਂ ਬਿਨਾ, ਸਿਰਫ ਇਕ ਕੱਛੇ ਵਿੱਚ ਸੜਕਾਂ 'ਤੇ ਕਿਸੇ ਬੀਬੀ ਨਾਲ ਘੁੰਮਦਾ ਦਿਖਾਈ ਦੇ ਰਿਹਾ ਹੈ, ਜਿਸ ਨਾਲ ਹਰ-ਇਕ ਦਾ ਸਿਰ ਸ਼ਰਮ ਨਾਲ ਨੀਵਾਂ ਹੋ ਗਿਆ।

ਇਸ ਉਪਰੰਤ 13 ਨਵੰਬਰ ਨੂੰ ਗੁਰਦੁਆਰਾ ਸਾਹਿਬ ਦੇ ਅਤੇ ਜਥੇਬੰਦੀਆਂ ਦੇ ਸੇਵਾਦਾਰਾਂ ਨੇ ਇਸ ਨਕਲੀ ਬਾਬੇ ਫੌਜਾ ਸਿਹੁ ਨਾਲ ਗੁਰਦੁਆਰਾ ਅਕਾਲ ਬੁੰਗਾ ਵਿੱਚ ਹੀ ਮੀਟਿੰਗ ਕੀਤੀ।

ਜਿਸ ਵਿੱਚ ਸੁਰਿੰਦਰ ਸਿੰਹੁ ਉਰਫ ਬਾਬਾ ਫੌਜਾ ਸਿਹੁ ਮੰਨਿਆ ਕਿ ਉਸ ਨੇ ਕਈ ਬੀਬੀਆਂ ਨਾਲ ਸਰੀਰਕ ਸੰਬੰਧ (ਸਰੀਰਕ ਸੋਸ਼ਨ) ਬਣਾਏ। ਜਿਸ ਦਾ ਵੀਡੀਉ ਤੋਂ ਸਾਫ਼ ਸਾਫ਼ ਪਤਾ ਵੀ ਲਗਦਾ ਹੈ।

ਉਸ ਨੇ ਇਸ ਮੀਟਿੰਗ ਵਿਚ ਕੈਮਰੇ ਸਾਹਮਣੇ ਤਿੰਨੇ ਡੇਰਿਆਂ ਵਿੱਚ ਜਾਣਾ ਅਤੇ ਪ੍ਰਚਾਰ ਕਰਨਾ, ਬਿਲਕੁਲ ਬੰਦ ਕਰਨ ਦਾ ਵਾਅਦਾ ਵੀ ਕੀਤਾ।

ਵੀਡੀਉ ਦੀ ਰਿਕਾਰਡਿੰਗ ਵਿਚ ਮੰਨਿਆ ਕਿ ਇਹ ਸਾਰੀ ਜਾਇਦਾਦ ਕਿਸੇ ਪੰਥ ਵੱਲੋਂ ਨਿਯੁਕਤ ਕੀਤੇ ਟ੍ਰਸਟ ਨੂੰ ਸੌਂਪ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਪੁਰਦ ਕੀਤੀ ਜਾਵੇਗੀ। ਬਹੁਤ ਸਾਰੀਆਂ ਸੰਗਤਾਂ ਹੁਣ ਸਾਹਮਣੇ ਵੀ ਆ ਰਹੀਆਂ ਹਨ ਜਿਨ੍ਹਾਂ ਦੇ ਪੈਸੇ, ਸੋਨਾ ਅਤੇ ਇੱਜ਼ਤ ਵੀ ਲੁੱਟਦਾ ਰਿਹਾ।

ਇਸ ਅਸਥਾਨ ਵਿੱਚ ਸੰਗਤਾਂ ਦੇ ਸਾਹਮਣੇ ਆਪਣੀਆਂ ਕਾਲੀਆਂ ਕਰਤੂਤਾਂ ਮੰਨੀਆਂ ਅਤੇ ਪਛਚਾਤਾਪ ਵੀ ਕਰਦਾ ਰਿਹਾ। ਪਰ ਇੰਡੀਆ ਜਾ ਕੇ ਬਿਲਕੁਲ ਮੁਕਰ ਗਿਆ। ਭੇਖੀਆ ਵਾਂਗ ਫਿਰ ਝੂਠ ਬੋਲ ਕੇ, ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਦੀ ਕੋਸ਼ਿਸ਼ ਵੀ ਕੀਤੀ। ਇੰਡੀਆ ਤੋਂ ਵੱਡੇ ਵੱਡੇ ਜਥੇਦਾਰਾਂ ਕੋਲ ਯੂ.ਕੇ. ਵਿੱਚ ਫ਼ੋਨ ਵੀ ਕਰਾਏ, ਕਿ ਇਸ ਮਸਲੇ ਨੂੰ ਦੱਬਿਆ ਜਾ ਸਕੇ। ਫੌਜਾ ਸਿੰਹੁ ਦੀਆਂ ਕਰਤੂਤਾਂ ਅੱਜ ਤੁਹਾਡੇ ਸਾਹਮਣੇ ਸਬੂਤਾਂ ਸਮੇਤ ਹਨ।

ਗੁਰਦੁਆਰਾ ਅਕਾਲ ਬੁੰਗਾ ਬਰਮਿੰਘਮ ਵਿਖੇ ਯੂ.ਕੇ. ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ, ਸਿੱਖ ਜਥੇਬੰਦੀਆਂ ਦੇ ਸੇਵਾਦਾਰ, ਗੁਰਦੁਆਰਾ ਅਕਾਲ ਬੁੰਗਾ ਦੇ ਟ੍ਰਸਟੀ ਅਤੇ ਸਮੂਹ ਸੰਗਤਾਂ ਨੇ, ਇਸ ਗੁਰਦੁਆਰਾ ਸਾਹਿਬ ਨੂੰ, ਜੋ ਫੌਜਾ ਸਿਹੁ ਨੇ ਡੇਰਾ ਬਣਾਇਆ ਸੀ, ਇਹ ਅਜ਼ਾਦ ਕਰਵਾਇਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ, ਸੰਤ ਸਮਾਜ, ਦਮਦਮੀ ਟਕਸਾਲ ਅਖੰਡ ਕੀਰਤਨੀ ਜਥਾ ਸਮੂਹ ਨਿਹੰਗ ਸਿੰਘ, ਪੰਥਕ ਜਥੇਬੰਦੀਆਂ ਸਮੂਹ ਪੰਥ ਨੂੰ ਅਪੀਲ ਕਰਦੇ ਹਾਂ ਇਸ ਪਖੰਡੀ ਸਾਧ ਨੂੰ ਅਕਾਲ ਤਖਤ ਸਾਹਿਬ ਤੋਂ ਢੁਕਵੀਂ ਸਜ਼ਾ ਦਿੱਤੀ ਜਾਵੇ ਅਤੇ ਇਸ ਨੂੰ ਕਿਸੇ ਵੀ ਤਰ੍ਹਾਂ ਦਾ ਪ੍ਰਚਾਰ ਕਰਨ ਤੋਂ ਰੋਕਿਆ ਜਾਵੇ।

ਜਿਵੇਂ ਯੂ.ਕੇ. ਦੀਆਂ ਸੰਗਤਾਂ ਨੇ ਗੁਰਦੁਆਰਾ ਅਕਾਲ ਬੁੰਗਾ ਇਸ ਤੋਂ ਅਜ਼ਾਦ ਕਰਾਇਆ ਹੈ, ਇਸੇ ਤਰ੍ਹਾਂ ਪਿੰਡ ਸੁਭਾਨਾ ਜ਼ਿਲ੍ਹਾ ਜਲੰਧਰ, ਦੂਜਾ ਡੇਰਾ ਪਿੰਡ ਕੋਟ ਦੋਨਾ ਇਸ ਤੋਂ ਅਜ਼ਾਦ ਕਰਾਏ ਜਾਣ।

ਇੱਥੋਂ ਦੀਆਂ ਸਮੂਹ ਸੰਗਤਾਂ ਅਪੀਲ ਕਰਦੀਆਂ ਹਨ, ਜੋ ਵੀ ਫੌਜਾ ਸਿਹੁ ਭਾਰੀ ਮਾਤਰਾ ਵਿੱਚ ਪੈਸੇ ਅਤੇ ਸੋਨਾ ਲੈ ਕੇ ਗਿਆ ਹੈ, ਉਹ ਸ੍ਰੀ ਅਕਾਲ ਤਖਤ ਸਾਹਿਬ ਤੇ ਸਪੁਰਦ ਕਰਵਾਇਆ ਜਾਏ।

(ਬਾਕੀ ਸਫ਼ਾ 29 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

23 ਨਵੰਬਰ ਤੋਂ 29 ਨਵੰਬਰ, 2022

## ਫਿਲਮ 'ਦਾਸਤਾਨ-ਏ-ਸਰਹਿੰਦ' : ਸ਼੍ਰੋਮਣੀ ਕਮੇਟੀ ਦੀ ਭੂਮਿਕਾ ਸਵਾਲਾਂ ਦੇ ਘੇਰੇ 'ਚ

ਗੁਰੂ ਸਾਹਿਬਾਨ ਨੇ ਲੋਕਾਈ ਨੂੰ ਮੂਰਤੀ ਪੂਜਾ ਅਤੇ ਬੁੱਤਪ੍ਰਸਤੀ ਤੋਂ ਵਰਜ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਗੁਰਮਤਿ ਮਨੁੱਖ ਨੂੰ ਸੰਗਤ ਵਿੱਚ ਇਕੱਠਿਆਂ ਕਰਦੀ ਹੈ ਅਤੇ ਦ੍ਰਿਸ਼ਟਮਾਨ ਅਕਾਰਾਂ, ਪੂੰਜੀ ਅਤੇ ਪਦਾਰਥਾਂ ਤੋਂ ਨਿਰਮੋਹ ਕਰਕੇ ਪ੍ਰਮਾਤਮਾ ਦੇ ਨਿਰਾਕਾਰ ਸਰੂਪ ਨਾਲ ਜੋੜਦੀ ਹੈ। ਗੁਰੂ ਸਾਹਿਬ ਵਲੋਂ ਖਿੱਚੀ ਲਕੀਰ ਨੂੰ ਮੇਟਣ ਦੀ ਬਿਪਰ ਦੀ ਹਮੇਸ਼ਾ ਹੀ ਕੋਸਿਸ਼ ਰਹੀ ਹੈ। ਬਿਪਰ ਦ੍ਰਿਸ਼ਟਮਾਨ ਨੂੰ ਸਿਰਮੌਰ ਮੰਨਦਾ ਹੈ। ਪੂੰਜੀ, ਪਦਾਰਥ ਨਾਲ ਜੋੜਦਾ ਹੈ। ਮਨੁੱਖ ਨੂੰ ਮਨੁੱਖ ਤੋਂ ਤੋੜਨ ਦਾ ਹਾਮੀ ਰਿਹਾ ਹੈ। ਅਦ੍ਰਿਸ਼ਟ, ਅਸੀਮ ਨੂੰ ਬੁੱਧੀ ਦੇ ਜ਼ੋਰ ਨਾਲ ਦ੍ਰਿਸ਼ਟ ਅਤੇ ਸੀਮਾ ਵਿੱਚ ਬੰਨਣ ਦੀ ਗਲਤਫਹਿਮੀ ਹੀ ਬੁੱਤ ਜਾਂ ਮੂਰਤੀ ਨੂੰ ਜਨਮ ਦਿੰਦੀ ਹੈ। ਸਦੀਆਂ ਪੁਰਾਣੇ ਬੁੱਤਾਂ, ਮੂਰਤੀਆਂ ਨੂੰ ਤਾਂ ਭਾਵੇਂ ਸਿੱਖ ਸੰਗਤ ਨੇ ਕਦੇ ਪ੍ਰਵਾਨ ਨਹੀਂ ਕੀਤਾ ਪਰ ਨਵੇਂ ਤਕਨੀਕ ਦੇ ਸਹਾਰੇ ਬਣ ਰਹੇ ਬੁੱਤ ਸੰਗਤ ਨੂੰ ਜਰੂਰ ਪ੍ਰਭਾਵਿਤ ਕਰ ਰਹੇ ਹਨ।

ਸਾਲ 2005 ਵਿਚ ਐਨੀਮੇਸ਼ਨ ਦੀ ਤਕਨੀਕ ਨਾਲ ਫਿਲਮ 'ਸਾਹਿਬਜ਼ਾਦੇ' ਆਉਂਦੀ ਹੈ। ਜਿਸ ਵਿਚ ਸਾਹਿਬਜ਼ਾਦਿਆਂ ਅਤੇ ਗੁਰੂ ਪਰਿਵਾਰ ਨੂੰ ਕਾਰਟੂਨ ਵਜੋਂ ਦਿਖਾ ਕੇ ਸੰਗਤਾਂ ਵਿਚ ਇਸਨੂੰ ਪ੍ਰਵਾਨਿਤ ਕਰਵਾਉਣ ਦੀ ਕੋਸਿਸ਼ ਕੀਤੀ ਗਈ। ਇਸ ਦਾ ਆਧਾਰ ਸਾਲਾਂ ਤੋਂ ਆਮ ਮਨੁੱਖਾਂ ਦੁਆਰਾ ਸਾਹਿਬਜ਼ਾਦਿਆਂ, ਗੁਰੂ ਸਾਹਿਬਾਨ ਅਤੇ ਸਿੰਘਾਂ ਦੀ ਕਲਪਨਾ ਦੇ ਅਧਾਰ ਤੇ ਬਣਾਈਆਂ ਜਾ ਰਹੀਆਂ ਤਸਵੀਰਾਂ ਬਣਦੀਆਂ ਹਨ। ਉਨ੍ਹਾਂ ਖਲੋਤੀਆਂ ਤਸਵੀਰਾਂ ਨੂੰ ਐਨੀਮੇਸ਼ਨ ਦੇ ਬਹਾਨੇ ਨਾਲ ਹਰਕਤ ਮਿਲ ਗਈ ਸੀ। ਸਿੱਖਾਂ ਦਾ ਕਾਫੀ ਵੱਡਾ ਹਿੱਸਾ ਇਸ ਮਾਇਆਵੀ ਚਮਕ ਤੋਂ ਪ੍ਰਭਾਵਿਤ ਹੋਇਆ ਸੀ। ਸਿੱਖਾਂ ਦੇ ਸੁਹਿਰਦ ਹਿੱਸੇ ਵਲੋਂ ਉਸ ਵੇਲੇ ਵੀ ਅਗਾਂਹ ਵਾਸਤੇ ਅਜਿਹੀਆਂ ਕੁਰੀਤੀਆਂ ਦਾ ਰਾਹ ਖੁਲ੍ਹ ਜਾਣ ਤੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਗਾਹ ਕੀਤਾ ਗਿਆ ਸੀ। ਸ਼੍ਰੋਮਣੀ ਸੰਸਥਾਵਾਂ ਵਲੋਂ ਚੁੱਪੀ ਧਾਰਨ ਦੇ ਨਤੀਜੇ ਵਜੋਂ ਆਉਂਦਿਆਂ ਸਾਲਾਂ ਵਿਚ ਅਜਿਹੀਆਂ ਗੈਰ-ਸਿਧਾਂਤਕ ਫ਼ਿਲਮਾਂ ਦੀ ਲੜੀ ਲੱਗ ਗਈ, ਜਿਨ੍ਹਾਂ ਵਿਚ ਚਾਰ ਸਾਹਿਬਜ਼ਾਦੇ, ਭਾਈ ਮੂਲਾ ਖੱਤਰੀ, ਭਾਈ ਤਾਰੂ ਸਿੰਘ, ਨਾਨਕ ਸ਼ਾਹ ਫਕੀਰ, ਦਾਸਤਾਨ-ਏ-ਮੀਰੀ ਪੀਰੀ, ਮਦਰਹੁੱਡ ਵਰਗੀਆਂ ਫਿਲਮਾਂ ਸ਼ਾਮਲ ਹਨ। ਤਕਨੀਕ ਦਾ ਨਾਂ ਲੈ ਕੇ ਸਿੱਖਾਂ ਨੂੰ ਬਿਪਰਵਾਦ ਅਤੇ ਬੁੱਤ-ਪ੍ਰਸਤੀ ਦੇ ਰਾਹ ਤੋਰਨ ਦੀ ਕੋਸ਼ਿਸ਼ ਕਰਦੀਆਂ ਇਨ੍ਹਾਂ ਫਿਲਮਾਂ ਵਿਚ ਸਿੱਖ ਪਰੰਪਰਾ ਦੀ ਕੀਤੀ ਜਾ ਰਹੀ ਉਲੰਘਣਾ ਹੈ ਅਗਲੇ ਪੜਾਵਾਂ ਉਪਰ ਪਹੁੰਚਦੀ ਜਾ ਰਹੀ ਹੈ। ਪਹਿਲਾਂ ਅਜਿਹੀਆਂ ਫਿਲਮਾਂ ਬਣਾਉਣ ਵਾਲੇ ਇਹ ਦਲੀਲ ਦਿੰਦੇ ਸੀ ਕਿ ਉਨ੍ਹਾਂ ਕਾਰਟੂਨ/ਐਨੀਮੇਸ਼ਨ ਤਕਨੀਕ ਰਾਹੀਂ ਹੀ ਸਾਹਿਬਜ਼ਾਦਿਆਂ ਦੀਆਂ ਨਕਲਾਂ ਲਾਹੀਆਂ ਹਨ ਅਤੇ ਕਿਸੇ ਮਨੁੱਖ ਵੱਲੋਂ ਉਨ੍ਹਾਂ ਦਾ ਸਵਾਂਗ ਨਹੀਂ ਰਚਿਆ ਗਿਆ। ਹਾਲਾਂਕਿ ਇਨ੍ਹਾਂ ਦੋਹਾਂ ਵਿੱਚ ਕੋਈ ਵੀ ਅੰਤਰ ਨਹੀਂ ਹੈ ਕਿਉਂਕਿ ਦੋਵੇਂ ਹੀ ਤਰੀਕੇ ਨਾਲ ਸੁਆਂਗ ਰਚਨ ਅਤੇ ਨਕਲਾਂ ਲਾਹੁਣ ਦੀ ਸਿਧਾਂਤਕ ਮਨਾਹੀ ਦੀ ਉਲੰਘਣਾ ਤਾਂ ਹੁੰਦੀ ਹੀ ਹੈ। ਪਰ ਹੁਣ 2 ਦਸੰਬਰ ਨੂੰ ਜਾਰੀ ਹੋਣ ਜਾ ਰਹੀ 'ਦਾਸਤਾਨ-ਏ-ਸਰਹਿੰਦ' ਨਾਮੀਂ ਵਿਵਾਦਤ ਫਿਲਮ ਬਾਰੇ ਇਹ ਪੁਖਤਾ ਸਬੂਤ ਹੀ ਸਾਹਮਣੇ ਆ ਗਏ ਹਨ ਕਿ ਇਸ ਫਿਲਮ ਵਿਚ ਬਾਲ ਅਦਾਕਾਰਾਂ ਕੋਲੋਂ ਸਾਹਿਬਜ਼ਾਦਿਆਂ ਦੀਆਂ ਨਕਲਾਂ ਲੁਹਾਈਆਂ ਗਈਆਂ ਹਨ ਤੇ ਬਾਅਦ ਵਿੱਚ ਇਨ੍ਹਾਂ ਨਕਲਾਂ ਨੂੰ ਕਾਰਟੂਨ/ਐਨੀਮੇਸ਼ਨ ਵਿੱਚ ਬਦਲ ਦਿੱਤਾ ਗਿਆ ਹੈ।

ਸਿੱਖ ਸੰਗਤ ਵੱਲੋਂ ਗੁਰੂ ਸਾਹਿਬਾਨ, ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦਿਆਂ, ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੇ ਸਵਾਂਗ ਰਚਦੇ ਨਾਟਕਾਂ ਤੇ ਫਿਲਮਾਂ ਦਾ ਲਗਾਤਾਰ ਵਿਰੋਧ ਕੀਤੇ ਜਾਣ ਦੇ ਬਾਵਜੂਦ ਇਹ ਫਿਲਮਾਂ ਬਣਾਉਣ ਦਾ ਸਿਲਸਿਲਾ ਰੁਕਦਾ ਨਜ਼ਰ ਨਹੀਂ ਆ ਰਿਹਾ। ਫਿਲਮ 'ਦਾਸਤਾਨ-ਏ-ਸਰਹਿੰਦ' ਦੇ ਸਬੰਧ ਵਿੱਚ ਸਿੱਖ ਸੰਗਤ ਦੇ ਜਾਗਰੂਕ ਹਿੱਸੇ ਇਸ ਫਿਲਮ ਨੂੰ ਬੰਦ ਕਰਵਾਉਣ ਲਈ ਅਤੇ ਅਗਾਂਹ ਤੋਂ ਅਜਿਹੀਆਂ ਮਨਮੱਤੀ ਫਿਲਮਾਂ ਬਣਾਉਣ ਉੱਤੇ ਮੁਕੰਮਲ ਰੋਕ ਲਾਉਣ ਵਾਸਤੇ ਲਾਮਬੰਦ ਹੋ ਰਹੇ ਹਨ। ਲੰਘੀ 18 ਨਵੰਬਰ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਵੱਲੋਂ ਦਾਸਤਾਨ-ਏ-ਸਰਹੰਦ ਫਿਲਮ ਰੁਕਵਾਉਣ ਲਈ ਇੱਕ ਸੰਕੇਤਕ ਪ੍ਰਦਰਸ਼ਨ ਕੀਤਾ ਗਿਆ, ਫਿਰ 20 ਨਵੰਬਰ ਨੂੰ ਸਿੱਖ ਸੰਗਤ ਵੱਲੋਂ ਇਤਿਹਾਸਕ ਸ਼ਹਿਰ ਤਲਵੰਡੀ ਸਾਬੋ ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੇੜੇ ਸਥਿਤ ਖਾਲਸਾ ਚੌਂਕ ਵਿਖੇ ਪ੍ਰਦਰਸ਼ਨ ਕੀਤਾ ਗਿਆ। ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਸਮਾਜਿਕ ਸੰਸਥਾਵਾਂ ਵੱਲੋਂ ਲਗਾਤਾਰ ਮਤੇ ਪੈਣੇ ਸ਼ੁਰੂ ਹੋ ਗਏ ਹਨ ਜਿਸ ਵਿੱਚ ਇਸ ਫਿਲਮ ਨੂੰ ਤੁਰੰਤ ਬੰਦ ਕਰਨ ਲਈ ਕਿਹਾ ਜਾ ਰਿਹਾ ਹੈ। ਸੰਗਤ ਦਾ ਕਹਿਣਾ ਹੈ ਕਿ ਅਸੀਂ ਗੁਰ-ਸ਼ਬਦ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਦੇ ਹਾਮੀ ਹਾਂ ਪਰ ਅਸੀਂ ਇਹ ਗੱਲ ਬਿਲਕੁਲ ਸਪੱਸ਼ਟਤਾ ਨਾਲ ਕਹਿਣੀ ਚਾਹੁੰਦੇ ਹਾਂ ਕਿ ਪ੍ਰਚਾਰ-ਪ੍ਰਸਾਰ ਦੇ ਬਹਾਨੇ ਖਾਲਸਾਈ ਰਵਾਇਤਾਂ ਦੀ ਉਲੰਘਣਾ ਕਰਨੀ ਅਤੇ ਸਿੱਖਾਂ ਨੂੰ ਬੁੱਤ-ਪ੍ਰਸਤੀ ਦੇ ਕੁਰਾਹੇ ਉੱਪਰ ਤੋਰਨਾ ਸਰਾਸਰ ਗਲਤ ਹੈ ਅਤੇ ਅਜਿਹਾ ਹਰਗਿਜ਼ ਨਹੀਂ ਹੋਣਾ ਚਾਹੀਦਾ। ਨਾਲ ਹੀ ਸੰਗਤ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਬੇਨਤੀ ਕਰ ਰਹੀ ਹੈ ਕਿ ਇਸ ਸਿਧਾਂਤਕ ਕੁਰਾਹੇ ਨੂੰ ਪੱਕੀ ਠੱਲ੍ਹ ਪਾਉਣ ਲਈ 'ਦਾਸਤਾਨ-ਏ-ਸਰਹਿੰਦ' ਫਿਲਮ 'ਤੇ ਤੁਰੰਤ ਰੋਕ ਲਾਈ ਜਾਵੇ ਅਤੇ ਅਗਾਂਹ ਤੋਂ ਅਜਿਹੀਆਂ ਫਿਲਮਾਂ ਬਣਾਉਣ 'ਤੇ ਮੁਕੰਮਲ ਪਾਬੰਦੀ ਲਈ ਹੁਕਮਨਾਮਾ ਜਾਰੀ ਕੀਤਾ ਜਾਵੇ। ਇਸ ਸਿਧਾਂਤਕ ਕੁਰਾਹੇ ਸਬੰਧੀ ਸੰਗਤ ਆਪਣਾ ਵਿਰੋਧ ਦਰਜ ਕਰਵਾ ਰਹੀ ਹੈ ਅਤੇ ਸੰਗਤ ਦਾ ਵਿਰੋਧ ਲਗਾਤਾਰ ਵਧਦਾ ਜਾ ਰਿਹਾ ਹੈ ਪਰ ਅਜੇ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸਬੰਧੀ ਕੋਈ ਬਿਆਨ ਨਹੀਂ ਆਇਆ।

'ਦਾਸਤਾਨ-ਏ-ਸਰਹੰਦ' ਫਿਲਮ ਦੇ ਗੰਭੀਰ ਮਸਲੇ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਕੰਮਲ ਖਾਮੋਸ਼ੀ ਧਾਰਨ ਕੀਤੀ ਗਈ ਹੈ ਜਿਸ ਕਾਰਨ ਸੰਗਤਾਂ ਵਿੱਚ ਕਈ ਤਰ੍ਹਾਂ ਦੇ ਸਵਾਲ ਉਪਜ ਰਹੇ ਹਨ। ਜ਼ਿਕਰਯੋਗ ਹੈ ਕਿ ਫਿਲਮ ਨਾਲ ਸੰਬੰਧਤ ਇੱਕ ਪੰਜਾਬੀ ਅਦਾਕਾਰ ਗੁਰਪ੍ਰੀਤ ਘੁੱਗੀ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਇਹ ਫਿਲਮ ਬਣਾਉਣ ਵੇਲੇ ਸਭ ਕੁਝ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਹੀ ਕੀਤਾ ਗਿਆ ਹੈ। ਸਿੱਖ ਸੰਗਤਾਂ ਵੱਲੋਂ ਇਹ ਸਵਾਲ ਪੁੱਛੇ ਜਾ ਰਹੇ ਹਨ ਕਿ ਕੀ ਸ਼੍ਰੋਮਣੀ ਕਮੇਟੀ ਨੇ ਇਹ ਫਿਲਮ ਬਣਾਉਣ ਵਾਲਿਆਂ ਨੂੰ ਬਾਲ ਅਦਾਕਾਰਾਂ ਕੋਲੋਂ ਸਾਹਿਬਜ਼ਾਦਿਆਂ ਦੀਆਂ ਨਕਲਾਂ ਲਹਾਉਣ ਦੀ ਇਜਾਜ਼ਤ ਵੀ ਦਿੱਤੀ ਸੀ ? ਕਿਉਂਕਿ ਇਕ ਬਾਲ ਕਲਾਕਾਰ ਦੇ ਪਿਤਾ ਨੇ ਇਹ ਇੰਕਸ਼ਾਫ ਕੀਤਾ ਹੈ ਕਿ ਉਸ ਦੇ ਪੁੱਤਰ ਨੇ ਹੀ ਇਸ ਫਿਲਮ ਵਾਸਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਦੀ ਨਕਲ ਲਾਹੀ ਹੈ ਜਿਸ ਨੂੰ ਬਾਅਦ ਵਿਚ ਐਨੀਮੇਸ਼ਨ ਵਿਚ ਬਦਲ ਦਿੱਤਾ ਗਿਆ ਹੈ। ਅਜਿਹੇ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਦੇ ਸਮੂਹ ਅਹੁਦੇਦਾਰਾਂ ਵੱਲੋਂ ਧਾਰਨ ਕੀਤੀ ਗਈ ਖਾਮੋਸ਼ੀ ਉਨ੍ਹਾਂ ਦੀ ਭੂਮਿਕਾ ਨੂੰ ਸ਼ੱਕ ਦੇ ਘੇਰੇ ਵਿਚ ਖੜ੍ਹਾ ਕਰ ਰਹੀ ਹੈ। ਜੇਕਰ ਇਸ ਵਿਰੋਧ ਦੇ ਬਾਵਜੂਦ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਇਹ ਇਤਿਹਾਸ ਦਾ ਸਭ ਤੋਂ ਭਿਆਨਕ ਸਮਾਂ ਸਿੱਧ ਹੋਵੇਗਾ ਜਿਸ ਦੌਰਾਨ ਇਨ੍ਹਾਂ ਸੰਸਥਾਵਾਂ ਵੱਲੋਂ ਵੱਟੀ ਚੁੱਪ ਦੇ ਖਤਰਨਾਕ ਨਤੀਜੇ ਸਾਡੀਆਂ ਆਉਂਦੀਆਂ ਪੀੜ੍ਹੀਆਂ ਭੁਗਤਣਗੀਆਂ।

-ਸੰਪਾਦਕ

# ਭਾਰਤ-ਪਾਕਿਸਤਾਨ ਰਾਜਨੀਤੀ ਛੱਡ ਕੇ ਆਪਸੀ ਵਪਾਰ 'ਤੇ ਕੇਂਦਰਿਤ ਹੋਣ



ਡਾ. ਸ.ਸ. ਛੀਨਾ

ਭਾਰਤ ਅਤੇ ਪਾਕਿਸਤਾਨ ਜਿੰਨੀ ਆਸਾਨੀ ਨਾਲ ਸੜਕ, ਰੇਲ ਅਤੇ ਸਮੁੰਦਰੀ ਜਹਾਜ਼ਾਂ ਨਾਲ ਆਪਸ ਵਿਚ ਵਪਾਰ ਕਰ ਸਕਦੇ ਹਨ, ਉਹ ਦੁਨੀਆਂ ਦੇ ਕਿਸੇ ਹੋਰ ਦੇਸ਼ ਨਾਲ ਨਹੀਂ ਕਰ ਸਕਦੇ। ਦੋਵਾਂ ਦੇਸ਼ਾਂ ਵਿਚ ਦੁਨੀਆਂ ਦਾ ਤਕਰੀਬਨ ਪੰਜਵਾਂ ਹਿੱਸਾ ਜਾਂ 20 ਫੀਸਦੀ ਦੇ ਬਰਾਬਰ ਵਸੋਂ ਹੈ ਅਤੇ ਵਿਸ਼ਾਲ ਦੇਸ਼ ਹੋਣ ਕਰ ਕੇ ਅਤੇ ਦੋਵਾਂ ਹੀ ਮੁਲਕਾਂ ਵਿਚ ਭੂਗੋਲਿਕ ਵਖਰੇਵਾਂ ਹੋਣ ਕਰ ਕੇ ਵੱਖ-ਵੱਖ ਵਸਤੂਆਂ ਦਾ ਉਤਪਾਦਨ ਹੋ ਰਿਹਾ ਹੈ। ਵਿਸ਼ਵ ਬੈਂਕ ਦੀ ਇਕ ਰਿਪੋਰਟ ਅਨੁਸਾਰ ਦੋਵਾਂ ਦੇਸ਼ਾਂ ਵਿਚ 37 ਅਰਬ ਡਾਲਰ ਤੱਕ ਦੀ ਵਪਾਰ ਸਮਰੱਥਾ ਹੈ ਜਦੋਂ ਕਿ ਹੁਣ ਤਕ ਸਿਰਫ਼ 2 ਅਰਬ ਡਾਲਰ ਤਕ ਹੀ ਵਪਾਰ ਹੁੰਦਾ ਰਿਹਾ ਹੈ। ਇਹ ਵੀ ਦਿਲਚਸਪ ਤੱਥ ਹੈ ਕਿ ਜਿੰਨਾ ਵਪਾਰ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਪ੍ਰਤੱਖ ਤੌਰ 'ਤੇ ਹੁੰਦਾ ਹੈ, ਉਸ ਤੋਂ ਤਕਰੀਬਨ ਦੁੱਗਣਾ ਜਾ 3.9 ਅਰਬ ਡਾਲਰ ਦਾ ਵਪਾਰ ਅਪ੍ਰਤੱਖ ਤੌਰ 'ਤੇ ਯੂਏਈ, ਸਿੰਗਾਪੁਰ, ਥਾਈਲੈਂਡ ਆਦਿ ਦੇਸ਼ਾਂ ਰਾਹੀਂ ਹੁੰਦਾ ਹੈ, ਪਰ ਇਸ ਸੂਰਤ ਵਿਚ ਦੋਵਾਂ ਹੀ ਦੇਸ਼ਾਂ ਦੇ ਖਪਤਕਾਰਾਂ ਨੂੰ ਇਸ ਤਰ੍ਹਾਂ ਅਪ੍ਰਤੱਖ ਵਪਾਰ ਵਾਲੀਆਂ ਵਸਤੂਆਂ ਬਹੁਤ ਮੰਹਿਗੀਆਂ ਮਿਲਦੀਆਂ ਹਨ। ਭਾਰਤ ਅਤੇ ਪਾਕਿਸਤਾਨ ਦੇ ਸ਼ਹਿਰੀ ਅਤੇ ਵਪਾਰੀ ਇਸ ਗੱਲ ਵਿਚ ਦਿਲਚਸਪੀ ਰੱਖਦੇ ਹਨ ਕਿ ਉਨ੍ਹਾਂ ਵਿਚ ਵਪਾਰ ਵਧਣਾ ਚਾਹੀਦਾ ਹੈ ? ਕਿਉਂ ਜੋ ਇਹ ਦੋਵਾਂ ਦੇਸ਼ਾਂ ਦੇ ਸ਼ਹਿਰੀਆਂ ਦੇ ਹਿੱਤ ਦੀ ਗੱਲ ਹੈ।

ਪਰ ਸਿਆਸੀ ਤਣਾਅ ਉਹ ਰੁਕਾਵਟ ਹੈ, ਜਿਸ ਨਾਲ ਸ਼ਹਿਰੀਆਂ ਦੀ ਖਾਹਿਸ਼ ਦੇ ਉਲਟ ਇਸ ਵਪਾਰ ਵਿਚ ਵਾਰ-ਵਾਰ ਰੁਕਾਵਟਾਂ ਪਾਈਆਂ ਜਾਂਦੀਆਂ ਹਨ ਅਤੇ ਇਹ ਵਪਾਰ ਵਧਣ ਦੀ ਬਜਾਏ ਘਟਦਾ ਗਿਆ ਹੈ। ਸਾਲ 1985 ਵਿਚ 'ਸਾਰਕ' ਨਾਂ ਦੀ ਸੰਸਥਾ ਬਣਾਈ ਗਈ ਸੀ ਤਾਂ ਕਿ ਦੱਖਣੀ ਏਸ਼ੀਆ ਦੇ 7 ਦੇਸ਼ਾਂ ਵਿਚ ਵਪਾਰ ਨੂੰ ਯੂਰੋਪੀਅਨ ਯੂਨੀਅਨ ਦੀ ਤਰਜ਼ 'ਤੇ ਵਧਾਇਆ ਜਾਵੇ। ਬਾਅਦ ਵਿਚ ਇਸ ਵਿਚ ਅਫਗਾਨਿਸਤਾਨ ਅੱਠਵੇਂ ਦੇਸ਼ ਵਜੋਂ ਸ਼ਾਮਿਲ ਹੋ ਗਿਆ ਸੀ। ਇਸ ਸੰਸਥਾ ਵਿਚ 92 ਫੀਸਦੀ ਵਸੋਂ ਅਤੇ ਖੇਤਰ ਸਿਰਫ਼ ਭਾਰਤ ਅਤੇ ਪਾਕਿਸਤਾਨ ਦਾ ਹੈ, ਪਰ ਦੋਵਾਂ ਵਿਚ ਹੀ ਵਪਾਰ ਬਹੁਤ ਹੀ ਘੱਟ ਹੋਇਆ ਹੈ ਅਤੇ ਇਸ ਸੰਸਥਾ ਦੇ ਉਦੇਸ਼ ਅਨੁਸਾਰ ਇਸ ਵਿਚ ਕੋਈ ਵਾਧਾ ਨਹੀਂ ਹੋਇਆ। 1947 ਤੋਂ ਪਹਿਲਾਂ ਭਾਰਤ ਦੇ ਇਕ ਖੇਤਰ ਜਾਂ ਇਕ ਸ਼ਹਿਰ ਤੋਂ ਪਾਕਿਸਤਾਨ ਬਣੇ ਕਿਸੇ ਵੀ ਸ਼ਹਿਰ ਜਾਂ ਖੇਤਰ ਵਿਚ ਵਪਾਰ ਵਿਚ ਕੋਈ ਰੁਕਾਵਟ ਨਹੀਂ ਸੀ ਅਤੇ ਉਹ ਵੱਡੀ ਮਾਤਰਾ ਵਿਚ ਹੋ ਰਿਹਾ ਸੀ। 1947 ਵਿਚ ਵੀ 70 ਫੀਸਦੀ ਵਪਾਰ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਹੁੰਦਾ ਰਿਹਾ ਸੀ। 1948 ਵਿਚ ਵੀ ਪਾਕਿਸਤਾਨ ਭਾਰਤ ਤੋਂ 70 ਫੀਸਦੀ ਵਸਤੂਆਂ ਮੰਗਵਾਉਂਦਾ ਸੀ ਜਦੋਂ ਕਿ ਭਾਰਤ ਪਾਕਿਸਤਾਨ ਤੋਂ 63 ਫੀਸਦੀ ਵਸਤੂਆਂ ਦੀ ਦਰਾਮਦ ਕਰਦਾ ਸੀ। 1948-49 ਵਿਚ ਭਾਰਤ ਪਾਕਿਸਤਾਨ ਵਿਚ 184.06 ਕਰੋੜ ਰੁਪਏ ਦਾ ਵਪਾਰ ਹੋਇਆ ਪਰ ਉਸ ਤੋਂ ਬਾਅਦ ਇਹ ਲਗਾਤਾਰ ਘਟਦਾ ਗਿਆ ਅਤੇ 1960 ਵਿਚ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਸਿਰਫ਼ 10.53 ਕਰੋੜ ਰੁਪਏ ਦਾ ਵਪਾਰ ਹੋਇਆ ਜਿਹੜਾ 1965 ਵਿਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਲੱਗੀ ਜੰਗ ਤੋਂ ਬਾਅਦ ਬਿਲਕੁਲ ਠੱਪ ਹੋ ਗਿਆ।

1974 ਵਿਚ ਫਿਰ ਦੋਵਾਂ ਦੇਸ਼ਾਂ ਵਿਚ ਦੁਬਾਰਾ ਵਪਾਰ ਸ਼ੁਰੂ ਕੀਤਾ ਗਿਆ ਅਤੇ ਕੌਮਾਂਤਰੀ ਪੱਧਰ 'ਤੇ ਇਸ ਆਪਸੀ ਵਪਾਰ ਦੇ ਮਿਲਣ ਵਾਲੇ ਲਾਭਾਂ ਕਰ ਕੇ ਇਸ ਨੂੰ ਵਧਾਉਣ ਦੀਆਂ ਕੋਸ਼ਿਸ਼ਾਂ ਤਾਂ ਕੀਤੀਆਂ ਗਈਆਂ ਪਰ ਸਿਆਸੀ ਤਣਾਅ ਫਿਰ ਵੱਡੀ ਰੁਕਾਵਟ ਬਣਦੀ ਰਹੀ। 1995 ਵਿਚ 'ਸਾਰਕ' ਦੇਸ਼ਾਂ ਵਿਚ 'ਸਾਫਟਾ' ਨਾਂ ਦਾ ਇਕ ਹੋਰ ਸਮਝੌਤਾ ਹੋਇਆ ਜਿਸ ਵਿਚ ਇਹ ਤਜਵੀਜ਼ ਕੀਤਾ ਗਿਆ ਕਿ 'ਸਾਰਕ' ਮੈਂਬਰ ਦੇਸ਼ ਆਪਣੇ ਮੈਂਬਰ ਦੇਸ਼ਾਂ ਦੇ ਵਪਾਰ ਨੂੰ ਤਰਜੀਹ ਦੇਣ। ਭਾਰਤ ਨੇ ਤਾਂ ਪਾਕਿਸਤਾਨ ਨੂੰ ਇਕ ਦਮ 'ਬਹੁਤ ਤਰਜੀਹੀ ਦੇਸ਼' ਦਾ ਦਰਜਾ ਦੇ ਦਿੱਤਾ, ਜਿਸ ਲਈ 'ਸਾਫਟਾ' ਸਮਝੌਤੇ ਵਿਚ ਵਿਵਸਥਾ ਕੀਤੀ ਗਈ ਸੀ ਪਰ ਪਾਕਿਸਤਾਨ ਨੇ ਭਾਰਤ ਨੂੰ ਉਹ ਦਰਜਾ ਸਿਰਫ਼ 2013 ਵਿਚ ਆ ਕੇ ਦਿੱਤਾ। ਉਂਝ 2019 ਵਿਚ ਜਦੋਂ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰ ਦਿੱਤਾ ਗਿਆ ਤਾਂ ਪਾਕਿਸਤਾਨ ਨੇ ਫਿਰ ਇਹ ਦਰਜਾ ਵਾਪਿਸ ਲੈ ਲਿਆ ਅਤੇ ਵਪਾਰ ਫਿਰ ਠੱਪ ਹੋ ਗਿਆ।

ਇਸ ਵਪਾਰ ਦੇ ਬੰਦ ਹੋਣ ਨਾਲ ਜਿੱਥੇ ਭਾਰਤ ਨੂੰ 4.2 ਕਰੋੜ ਡਾਲਰ ਦਾ ਨੁਕਸਾਨ ਹੋਇਆ, ਉੱਥੇ 50 ਹਜ਼ਾਰ ਵਿਅਕਤੀਆਂ ਦਾ ਰੁਜ਼ਗਾਰ ਪ੍ਰਭਾਵਿਤ ਹੋਇਆ। ਇਸ ਤੋਂ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਇਹੋ ਵਪਾਰ 37 ਅਰਬ ਡਾਲਰ 'ਤੇ ਪਹੁੰਚ ਜਾਵੇ ਕਿ ਕਿੰਨੀ ਵੱਡੀ ਮਾਤਰਾ ਵਿਚ ਰੁਜ਼ਗਾਰ ਪੈਦਾ ਹੋ ਸਕਦਾ ਹੈ ਅਤੇ ਕਿੰਨੀ ਆਸਾਨੀ ਨਾਲ ਸਸਤੀਆਂ ਵਸਤੂਆਂ ਇਕ ਦੂਜੇ ਦੇਸ਼ ਵਿਚ ਆ ਤੇ ਜਾ ਸਕਦੀਆਂ ਹਨ, ਜਿਨ੍ਹਾਂ ਨੂੰ ਦੁਨੀਆਂ ਦੇ ਹੋਰ ਕਿਸੇ ਵੀ ਦੇਸ਼ ਤੋਂ ਲਿਆਉਣ ਲਈ ਕਿੰਨੀ ਉੱਚੀ ਲਾਗਤ ਦੇਣੀ ਪੈਂਦੀ ਹੈ, ਖਾਸ ਕਰ ਕੇ ਖੇਤੀ ਆਧਾਰਿਤ ਵਸਤੂਆਂ ਜਿਨ੍ਹਾਂ ਵਿਚ ਦੋਵਾਂ ਹੀ ਦੇਸ਼ਾਂ ਦੀ ਖਾਸ ਵਿਸ਼ੇਸ਼ਤਾਈ ਹੈ ਅਤੇ ਵੱਖ-ਵੱਖ ਖੇਤਰਾਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ਮਿਲਦੀਆਂ ਹਨ।

ਕੁਝ ਸਮਾਂ ਪਹਿਲਾਂ ਪਾਕਿਸਤਾਨ ਦੇ ਪਿਛਲੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਇਕ ਬਿਆਨ ਵਿਚ ਇਹ ਗੱਲ ਕਹੀ ਸੀ ਕਿ ਪਾਕਿਸਤਾਨ ਭਾਰਤ ਤੋਂ ਖੰਡ ਨਹੀਂ ਖਰੀਦੇਗਾ। ਇਸ ਖੰਡ ਨੂੰ ਭਾਰਤ ਤੋਂ ਨਾ ਖਰੀਦਣ ਨਾਲ ਭਾਵੇਂ ਇਮਰਾਨ ਖ਼ਾਨ ਜਾਂ ਉਸ ਦੀ ਕੈਬਨਿਟ ਦੇ ਮੰਤਰੀਆਂ ਦਾ ਤਾਂ ਕੋਈ ਨੁਕਸਾਨ ਨਹੀਂ ਹੋਵੇਗਾ ਜਾਂ ਉਹ ਉੱਚੀਆਂ ਕੀਮਤਾਂ ਉਨ੍ਹਾਂ ਨੂੰ ਤਾਂ ਪ੍ਰਭਾਵਿਤ ਨਹੀਂ ਕਰਨਗੀਆਂ ਪਰ ਆਮ ਵਿਅਕਤੀ ਜਿਸ ਨੂੰ ਉਹੋ ਖੰਡ 50 ਰੁਪਏ ਕਿਲੋ ਦੀ ਬਜਾਏ 100 ਰੁਪਏ ਕਿਲੋ ਖਰੀਦਣੀ ਪਵੇਗੀ, ਉਹ ਕਿੰਨਾ ਜ਼ਿਆਦਾ ਪ੍ਰਭਾਵਿਤ ਹੋਵੇਗਾ ਕਿਉਂ ਜੋ ਉਸ ਸਰਕਾਰ ਦਾ ਭਾਰਤ ਤੋਂ ਖੰਡ ਨਾ ਖਰੀਦਣ ਦਾ ਫੈਸਲਾ ਕਿਸੇ ਆਰਥਿਕ ਆਧਾਰ 'ਤੇ ਨਹੀਂ ਸਗੋਂ ਰਾਜਨੀਤਕ ਤਣਾਅ ਦੀ ਵਜ੍ਹਾ ਕਰ ਕੇ ਲਿਆ ਗਿਆ ਸੀ। ਇਸ ਤਰ੍ਹਾਂ ਹੀ ਹੋਰ ਵਸਤੂਆਂ ਦੀਆਂ ਕੀਮਤਾਂ ਵਿਚ ਵਾਧਾ ਇਸ ਵਪਾਰ ਦੀ ਅਣਹੋਂਦ ਕਰਕੇ ਉੱਥੋਂ ਦੇ ਖਰੀਦਦਾਰਾਂ ਨੂੰ ਪ੍ਰਭਾਵਿਤ ਕਰਦਾ ਹੈ।

1995 ਵਿਚ ਜਦੋਂ ਵਿਸ਼ਵ ਵਪਾਰ ਸੰਸਥਾ ਹੋਂਦ ਵਿਚ ਆਈ ਤਾਂ ਭਾਰਤ ਦੇ ਬਹੁਤ ਸਾਰੇ ਨੀਤੀਵਾਨ ਇਸ ਦਾ ਮੈਂਬਰ ਬਣਨ ਦੇ ਹੱਕ ਵਿਚ ਨਹੀਂ ਸਨ ਕਿਉਂ ਜੋ ਉਹ ਮਹਿਸੂਸ ਕਰਦੇ ਸਨ ਕਿ ਭਾਰਤ ਵਿਕਸਤ ਦੇਸ਼ਾਂ ਨੂੰ ਮਿਲੀਆਂ ਖੁੱਲ੍ਹਾਂ ਕਰਕੇ ਪ੍ਰਭਾਵਿਤ ਹੋਵੇਗਾ ਅਤੇ ਇਸ ਨਾਲ ਖੇਤੀ ਅਤੇ ਉਦਯੋਗਿਕ ਵਿਕਾਸ ਵਿਚ ਰੁਕਾਵਟਾਂ ਆਉਣਗੀਆਂ ਕਿਉਂ ਜੋ ਵਿਕਸਤ ਦੇਸ਼ਾਂ ਦੀਆਂ ਉਦਯੋਗਿਕ ਅਤੇ ਖੇਤੀ ਵਸਤੂਆਂ ਜੇ ਭਾਰਤ ਆ ਕੇ ਵਿਕਣ ਲੱਗ ਪਈਆਂ ਤਾਂ ਭਾਰਤ ਦੀਆਂ ਵਸਤੂਆਂ ਕਿਥੇ ਵਿਕਣਗੀਆਂ। ਫਿਰ ਭਾਰਤ ਇਸ ਸੰਸਥਾ ਦਾ ਮੈਂਬਰ ਬਣ ਗਿਆ ਕਿਉਂ ਜੋ ਜੇ ਉਹ ਮੈਂਬਰ ਨਾ ਬਣਦਾ ਤਾਂ ਉਸ ਨੇ ਦੁਨੀਆਂ ਦੇ ਕਰੀਬ 125 ਦੇਸ਼ਾਂ, ਜਿਨ੍ਹਾਂ ਨਾਲ ਉਸ ਦਾ ਵਪਾਰ ਚੱਲ ਰਿਹਾ ਸੀ, ਤੋਂ ਅਲੱਗ-ਥਲੱਗ ਹੋ ਜਾਣਾ ਸੀ। ਦੂਸਰੀ ਤਰਫ਼ ਪਾਕਿਸਤਾਨ ਵੀ ਇਸ ਸੰਸਥਾ ਦਾ ਮੈਂਬਰ ਬਣ ਗਿਆ ਪਰ ਸਮੇਂ ਨਾਲ ਇਹ ਸਾਬਤ ਹੋਇਆ ਕਿ ਇਸ ਸੰਸਥਾ ਦਾ ਮੈਂਬਰ ਬਣਨ ਨਾਲ ਭਾਰਤ ਦਾ ਵਪਾਰ ਵੱਡੀ ਮਾਤਰਾ ਵਿਚ ਵਧਿਆ।

1996 ਵਿਚ ਭਾਰਤ ਦਾ ਦੁਨੀਆਂ ਦੇ ਕੌਮਾਂਤਰੀ ਵਪਾਰ ਵਿਚ ਸਿਰਫ਼ 0.64 ਫੀਸਦੀ ਹਿੱਸਾ ਸੀ ਪਰ 2013 ਵਿਚ ਇਹ ਵਧਦਾ ਹੋਇਆ 2.06 ਫੀਸਦੀ ਹੋ ਗਿਆ ਪਰ ਇਸ ਵਿਚ ਭਾਵੇਂ ਭਾਰਤ ਦੀ ਬਰਾਮਦ ਵਿਚ ਵੀ ਵੱਡਾ ਵਾਧਾ ਹੋਇਆ ਪਰ ਦਰਾਮਦ ਵਿਚ ਵਾਧਾ ਬਰਾਮਦ ਤੋਂ ਬਹੁਤ ਜ਼ਿਆਦਾ ਸੀ ਜਿਸ ਕਰ ਕੇ ਇਸ ਦਾ ਵਪਾਰ ਸੰਤੁਲਨ ਭਾਰਤ ਦੇ ਹੋਰ ਉਲਟ ਹੋ ਗਿਆ। ਦੁਨੀਆਂ ਦੇ ਵਪਾਰ ਵਿਚ ਡਾਲਰ ਦੀ ਕਰੰਸੀ ਨੂੰ 82 ਦੇਸ਼ਾਂ ਵਿਚ ਵਪਾਰ ਦੀ ਕਰੰਸੀ ਵਜੋਂ ਵਰਤਿਆ ਜਾਂਦਾ ਹੈ, ਡਾਲਰ ਦੀ ਕੀਮਤ ਭਾਰਤ ਦੇ ਰੁਪਏ ਦੇ ਮੁਕਾਬਲੇ 'ਤੇ ਬਹੁਤ ਵਧ ਗਈ ਹੈ ਪਰ ਪਾਕਿਸਤਾਨ ਨੂੰ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਬਣਨ ਤੋਂ ਬਾਅਦ ਵੀ ਕੋਈ ਲਾਭ ਨਾ ਹੋਇਆ ਜਦੋਂ ਉਸ ਦਾ ਕੌਮਾਂਤਰੀ ਵਪਾਰ ਵਿਚ ਹਿੱਸਾ ਹੋਰ ਘਟ ਗਿਆ। 1996 ਵਿਚ ਪਾਕਿਸਤਾਨ ਦਾ ਕੌਮਾਂਤਰੀ ਵਪਾਰ ਵਿਚ ਹਿੱਸਾ 0.19 ਫੀਸਦੀ ਸੀ ਪਰ 2013 ਵਿਚ ਉਹ ਘਟ ਕੇ 0.17 ਫੀਸਦੀ ਰਹਿ ਗਿਆ ਜਿਸ ਵਿਚ ਉਸ ਦੀ ਬਰਾਮਦ ਘਟ ਕੇ ਸਿਰਫ਼ 0.13 ਫੀਸਦੀ ਰਹਿ ਗਈ। ਉਸ ਦਾ ਵਪਾਰ ਸੰਤੁਲਨ ਉਸ ਦੇ ਉਲਟ ਹੋਣ ਕਰ ਕੇ ਡਾਲਰ ਦੀ ਕਰੰਸੀ ਭਾਰਤੀ ਰੁਪਏ ਤੋਂ ਕਿਤੇ ਜ਼ਿਆਦਾ ਮਹਿੰਗੀ ਹੋ ਗਈ ਪਰ ਭਾਵੇਂ ਭਾਰਤ ਅਤੇ ਪਾਕਿਸਤਾਨ ਦੋਵੇਂ ਸਾਰਕ ਅਤੇ ਵਿਸ਼ਵ ਵਪਾਰ ਸੰਸਥਾ ਦੇ ਮੈਂਬਰ ਹਨ ਜਿਨ੍ਹਾਂ ਸੰਸਥਾਵਾਂ ਦਾ ਮੁੱਖ ਉਦੇਸ਼ ਹੀ ਮੈਂਬਰ ਦੇਸ਼ਾਂ ਵਿਚ ਵਪਾਰ ਦਾ ਵਾਧਾ ਕਰਨਾ ਹੈ ਪਰ ਇਨ੍ਹਾਂ ਦੋਵਾਂ ਦੇਸ਼ਾਂ ਦਾ ਵਪਾਰ ਵਧਣ ਦੀ ਬਜਾਏ ਘਟਦਾ ਗਿਆ।

ਦੋਵਾਂ ਦੇਸ਼ਾਂ ਵਿਚ ਕੌਮਾਂਤਰੀ ਵਪਾਰ ਦੇ ਲਾਭ ਨਾ ਲਏ ਜਾਣ ਕਰਕੇ ਦੋਵਾਂ ਦੇਸ਼ਾਂ ਦੇ ਵਿਕਾਸ ਵਿਚ ਰੁਕਾਵਟਾਂ, ਖਪਤਕਾਰਾਂ ਨੂੰ ਮਹਿੰਗੀਆਂ ਵਸਤੂਆਂ ਦਾ ਮਿਲਣਾ ਅਤੇ ਬੇਰੁਜ਼ਗਾਰੀ ਦਾ ਵਧਣਾ ਉਹ ਸਿੱਟੇ ਹਨ, ਜਿਨ੍ਹਾਂ ਨੂੰ ਵਪਾਰ ਵਧਾਉਣ ਨਾਲ ਕਾਫ਼ੀ ਹੱਦ ਤੱਕ ਸੁਧਾਰਿਆ ਜਾ ਸਕਦਾ ਹੈ। ਜੇ ਯੂਰੋਪੀਅਨ ਦੇਸ਼ਾਂ ਦੀ ਸੰਸਥਾ ਦਾ ਅਧਿਐਨ ਕਰੀਏ ਤਾਂ ਉਨ੍ਹਾਂ ਦੇਸ਼ਾਂ ਦਾ 70 ਫੀਸਦੀ ਵਪਾਰ ਯੂਰੋਪੀਅਨ ਯੂਨੀਅਨ ਦੇ ਦੇਸ਼ਾਂ ਵਿਚ ਹੁੰਦਾ ਹੈ। ਉਸ ਸੰਸਥਾ ਦੇ ਕਈ ਦੇਸ਼ਾਂ ਵਿਚ ਵੀ ਸਿਆਸੀ ਤਣਾਅ ਤਾਂ ਹਨ ਪਰ ਉਨ੍ਹਾਂ ਦਾ ਉਨ੍ਹਾਂ ਦੇਸ਼ਾਂ ਦੇ ਵਪਾਰ 'ਤੇ ਕੋਈ ਪ੍ਰਭਾਵ ਨਹੀਂ। ਅਮਰੀਕਾ ਅਤੇ ਚੀਨ ਵਿਚ ਵੱਡੇ ਰਾਜਨੀਤਿਕ ਤਣਾਅ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੇ ਹਨ ਪਰ ਜਿੰਨਾ ਵਪਾਰ ਅਮਰੀਕਾ ਅਤੇ ਚੀਨ ਵਿਚ ਹੋ ਰਿਹਾ ਹੈ, ਓਨਾ ਵਪਾਰ ਹੋਰ ਕਿਸੇ ਵੀ ਦੇਸ਼ ਵਿਚ ਨਹੀਂ ਹੁੰਦਾ।

ਪਾਕਿਸਤਾਨ ਭਾਰਤ ਤੋਂ ਕਪਾਹ ਮੰਗਵਾ ਕੇ ਆਪਣੇ ਕਾਰਖਾਨਿਆਂ ਵਿਚ ਵਰਤਦਾ ਹੈ, ਜੇ ਵਪਾਰ ਵਧਦਾ ਹੈ ਤਾਂ ਉਨ੍ਹਾਂ ਕਾਰਖਾਨਿਆਂ ਦੇ ਕਿਰਤੀਆਂ ਦਾ ਰੁਜ਼ਗਾਰ ਵਧਦਾ ਹੈ। ਇਸ ਤਰ੍ਹਾਂ ਹੀ ਭਾਰਤ ਪਾਕਿਸਤਾਨ ਤੋਂ ਸੀਮੈਂਟ ਮੰਗਵਾ ਕੇ ਉਸਾਰੀ ਦੇ ਕੰਮਾਂ ਵਿਚ ਵਰਤਦਾ ਹੈ। ਦੋਵੇਂ ਹੀ ਖੇਤੀ ਆਧਾਰਿਤ ਦੇਸ਼ ਹਨ ਪਰ ਭੂਗੋਲਿਕ ਵਖਰੇਵਾਂ ਹੋਣ ਕਰ ਕੇ ਉਪਜਾਂ ਦਾ ਫ਼ਰਕ ਹੈ, ਦੋਵੇਂ ਦੇਸ਼ ਸਬਜ਼ੀਆਂ ਵਰਗੀਆਂ ਵਸਤੂਆਂ ਦੀ ਬਰਾਮਦ-ਦਰਾਮਦ ਕਰ ਕੇ ਜਿੰਨੀਆਂ ਸਸਤੀਆਂ ਵਸਤਾਂ ਮੰਗਵਾ ਸਕਦੇ ਹਨ ਹੋਰ ਕਿਸੇ ਦੇਸ਼ ਤੋਂ ਨਹੀਂ ਕਰ ਸਕਦੇ। ਉਮੀਦ ਕੀਤੀ ਜਾਂਦੀ ਹੈ ਕਿ ਧਿਆਨ ਰਾਜਨੀਤੀ ਛੱਡ ਕੇ ਵਪਾਰ 'ਤੇ ਕੇਂਦਰਿਤ ਕੀਤਾ ਜਾਵੇਗਾ।

# 'ਸਰਬਤ ਦੇ ਭਲੇ' ਵਾਲੀ ਹਲੇਮੀ ਬਾਦਸ਼ਾਹਤ ਦੀ ਤਾਂਘ ਦਾ ਸ਼ੈਦਾਈ ਅਤੇ ਸਿੱਖ ਜਜ਼ਬਿਆਂ ਨਾਲ ਲਬਰੇਜ਼ ਭਾਈ ਅੰਮ੍ਰਿਤਪਾਲ ਸਿੰਘ



ਬਘੇਲ ਸਿੰਘ ਧਾਲੀਵਾਲ
99142-58142



ਅਕਾਲ ਤਖਤ ਸਾਹਿਬ ਵੱਲੋਂ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਦਾ ਰੁਤਬਾ ਪਾਉਣ ਵਾਲੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਤੋਂ ਬਾਅਦ ਭਾਵੇਂ ਦਹਾਕਾ ਭਰ ਸਿੱਖ ਖਾੜਕੂ ਨੌਜਵਾਨਾਂ ਨੇ ਦਿੱਲੀ ਤਖਤ ਨਾਲ ਜਾਨ ਹੂਲਵਾਂ ਸੰਘਰਸ਼ ਲੜਿਆ, ਪ੍ਰੰਤੂ ਖਾੜਕੂ ਸਿੱਖ ਸੰਘਰਸ਼ ਖਤਮ ਹੋ ਜਾਣ ਤੋਂ ਬਾਅਦ ਲੰਮਾ ਅਰਸਾ ਸਿੱਖ ਕੌਮ, ਖਾਸ ਕਰਕੇ ਸਿੱਖ ਨੌਜਵਾਨੀ ਨੂੰ ਕੋਈ ਆਦਰਸ਼ ਆਗੂ ਨਹੀਂ ਮਿਲਿਆ, ਜਿਸ ਦੀ ਬਦੌਲਤ ਸਿੱਖ ਨੌਜਵਾਨੀ ਵਿਰੋਧੀ ਤਾਕਤਾਂ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਹੋ ਕੇ ਲੱਚਰਤਾ ਅਤੇ ਨਸ਼ਿਆਂ ਦੇ ਰਾਹ ਪੈ ਗਈ, ਲਿਹਾਜਾ ਪੰਜਾਬ ਦੇ ਘਰ ਘਰ ਵਿਚ ਸੱਥਰ ਵਿਛਣੇ ਆਮ ਵਰਤਾਰਾ ਬਣ ਗਿਆ। ਦਹਾਕਿਆਂ ਤੋਂ ਵੱਧ ਪੰਜਾਬ ਦੀ ਜਵਾਨੀ ਧਰਮ ਕਰਮ ਨੂੰ ਅਸਲੋਂ ਹੀ ਵਿਸਾਰ ਕੇ ਸਿਵਿਆਂ ਦੇ ਰਾਹ ਤੁਰਦੀ ਰਹੀ। ਨਸ਼ਿਆਂ ਅਤੇ ਲੱਚਰਤਾ ਦੇ ਮਾਰੂ ਅਸਰ ਤੋਂ ਦੂਰ ਰਹਿਣ ਵਾਲੇ ਪੜ੍ਹਾਕੂ ਕਿਸਮ ਦੇ ਨੌਜਵਾਨਾਂ ਨੇ ਪੰਜਾਬ ਨੂੰ ਛੱਡ ਜਾਣ ਦਾ ਮਨ ਬਣਾ ਲਿਆ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਪਾੜ੍ਹੇ ਉੱਚ ਵਿਦਿਆ ਦਾ ਮੋਹ ਤਿਆਗ ਕੇ ਬਾਰਾਂ ਜਮਾਤਾਂ ਪਾਸ ਕਰਨ ਤੋਂ ਬਾਅਦ ਆਈਲੈਟਸ ਦਾ ਟੈਸਟ ਪਾਸ ਕਰਕੇ ਬਾਹਰਲੇ ਮੁਲਕਾਂ ਵੱਲ ਨੂੰ ਨਿਕਲ ਤੁਰੇ। ਦੇਖਦੇ ਹੀ ਦੇਖਦੇ ਪੰਜਾਬ ਖਾਲੀ ਹੁੰਦਾ ਪ੍ਰਤੀਤ ਹੋਣ ਲੱਗਾ। ਇਹ ਸਾਰਾ ਕੁੱਝ ਕੁਦਰਤੀ ਨਹੀਂ ਵਾਪਰਿਆ, ਬਲਕਿ ਇਹ ਪੰਜਾਬ ਦੀਆਂ ਦੁਸ਼ਮਣ ਤਾਕਤਾਂ ਦਾ ਪੰਜਾਬ ਦੀ ਹੋਂਦ ਨੂੰ ਮਿਟਾਉਣ ਵਾਲਾ ਬਹੁਤ ਹੀ ਸਾਜਿਸ਼ੀ ਵਰਤਾਰਾ ਹੈ, ਜਿਸ ਵਿੱਚ ਪੰਜਾਬ ਦੀ ਸਿਆਸੀ ਜਮਾਤ ਬਰਾਬਰ ਦੀ ਜ਼ਿੰਮੇਵਾਰ ਹੈ। ਇਸ ਵਰਤਾਰੇ ਦਾ ਦੁਖਦਾਇਕ ਪਹਿਲੂ ਇਹ ਵੀ ਹੈ ਕਿ ਪੰਜਾਬ ਦੀ ਜਨਤਾ ਨੇ ਕਦੇ ਵੀ ਪੰਜਾਬ ਦੀ ਜਵਾਨੀ ਦੀ ਨਸਲਕੁਸ਼ੀ ਅਤੇ ਬਰਬਾਦੀ ਲਈ ਕਠਪੁਤਲੀ ਬਣੇ ਇੱਥੋਂ ਦੇ ਸਿਆਸੀ ਲੋਕਾਂ ਦੀ ਭੂਮਿਕਾ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਭੋਲ਼ੇ ਭਾਲ਼ੇ ਲੋਕ ਵਾਰ ਵਾਰ ਸਿਆਸਤ ਦੇ ਚੰਗੇਰੇ ਭਵਿੱਖ ਦੇ ਝਾਂਸੇ ਵਿੱਚ ਫਸਦੇ ਰਹੇ ਅਤੇ ਵਾਰ ਵਾਰ ਧੋਖਾ ਖਾਂਦੇ ਰਹੇ। ਪੰਜਾਬ ਦੀ ਕੁਰਾਹੇ ਪਈ ਜੁਆਨੀ ਨੂੰ ਪਹਿਲੀ ਵਾਰ ਕਿਸਾਨੀ ਅੰਦੋਲਨ ਦੌਰਾਨ ਸ਼ੰਭੂ ਮੋਰਚੇ ਤੋਂ ਕਿਸੇ ਨੌਜਵਾਨ ਤੋਂ ਅਗਵਾਈ ਦੀ ਉਮੀਦ ਜਾਗੀ। ਮਰਹੂਮ ਸੰਦੀਪ ਸਿੰਘ ਦੀਪ ਸਿੱਧੂ ਦੇ ਗੈਰਤ ਨੂੰ ਹਲੂਣਾ ਦੇਣ ਵਾਲੇ ਜੱਟਕੇ ਪ੍ਰਚਾਰ ਦੀ ਬਦੌਲਤ ਨੌਜਵਾਨੀ ਇਸ ਕਦਰ ਮੁਰੀਦ ਬਣ ਗਈ, ਕਿ ਉਨ੍ਹਾਂ ਦੀ ਬੇਬਕਤੀ ਮੌਤ ਤੇ ਪੰਜਾਬ ਦੀ ਜੁਆਨੀ ਭੁੱਬਾਂ ਮਾਰ ਮਾਰ ਕੇ ਰੋਂਦੀ ਦੇਖੀ ਗਈ। ਮਰਹੂਮ ਦੀਪ ਸਿੱਧੂ ਦੀ ਬਣਾਈ ਜਥੇਬੰਦੀ 'ਵਾਰਿਸ ਪੰਜਾਬ ਦੇ' ਨੌਜਵਾਨਾਂ ਲਈ ਇੱਕੋ ਇੱਕ ਆਸ ਦੀ ਕਿਰਨ ਬਣ ਗਈ। ਇਸ ਜਥੇਬੰਦੀ ਨਾਲ ਜੁੜੇ ਮੁਢਲੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਦੁਬਈ ਰਹਿੰਦੇ ਨੌਜਵਾਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਆਪਣਾ ਆਗੂ ਮੰਨ ਲਿਆ। ਇਹ ਵੀ ਗੁਰੂ ਦੀ ਕਲਾ ਵਰਤਣ ਵਰਗਾ ਵਰਤਾਰਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਪੰਜਾਬ ਆ ਕੇ ਖੁਦ ਹੀ ਗੁਰੂ ਦੇ ਲੜ ਨਹੀਂ ਲੱਗਿਆ, ਬਲਕਿ ਉਸਨੇ ਗੁਰੂ ਤੋਂ ਬੇਮੁੱਖ ਹੋ ਕੇ ਕੁਰਾਹੇ ਪਈ ਜਵਾਨੀ ਨੂੰ ਮੁੜ ਗੁਰੂ ਨਾਲ ਜੋੜਨ ਦਾ ਪਵਿੱਤਰ ਕਾਰਜ ਐਸਾ ਅਰੰਭਿਆ ਕਿ ਹਜਾਰਾਂ ਨੌਜਵਾਨ ਨਸ਼ਿਆਂ ਨੂੰ ਤੋਬਾ



ਕਹਿ ਕੇ ਗੁਰੂ ਵਾਲੇ ਬਣ ਕੌਮੀ ਕਾਫਲੇ ਵਿਚ ਸ਼ਾਮਲ ਹੋ ਤੁਰੇ। ਜੇਕਰ ਗੱਲ ਭਾਰੀ ਅੰਮ੍ਰਿਤਪਾਲ ਸਿੰਘ ਦੀ ਸ਼ਖਸੀਅਤ ਦੀ ਕਰਨੀ ਹੋਵੇ ਤਾਂ ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ ਇਹ ਨੌਜਵਾਨ ਕੋਈ ਆਮ ਨਹੀਂ ਹੈ। ਇਹਦੇ (ਅੰਮ੍ਰਿਤਪਾਲ ਸਿੰਘ) ਦੇ ਚਿਹਰੇ ਵੱਲ ਝਾਤੀ ਮਾਰੋ, ਚਿਹਰੇ ਨੂੰ ਪੜ੍ਹਨ ਦਾ ਯਤਨ ਕਰੋ, ਤੁਹਾਨੂੰ ਖੁਦ ਮਹਿਸੂਸ ਹੋਵੇਗਾ ਕਿ ਇਹ ਨੌਜਵਾਨ ਆਮ ਨਹੀਂ ਹੈ। ਥੋੜ੍ਹਾ ਹੋਰ ਸੰਜੀਦਗੀ ਨਾਲ ਚਿਹਰੇ ਰਾਹੀਂ ਅੰਦਰ ਉਤਰਨ ਦਾ ਯਤਨ ਕਰੋਗੇ ਤਾਂ ਕੌਮੀ ਜਜ਼ਬਿਆਂ ਨਾਲ ਲਬਰੇਜ਼ ਉੱਚੀ ਸੁੱਚੀ ਸੋਚ ਦਾ ਠਾਠਾਂ ਮਾਰਦਾ ਸਮੁੰਦਰ ਹੜ੍ਹਿਆ ਜਾਪੇਗਾ। ਦੁਨਿਆਵੀ ਵਿਦਿਆ ਘੱਟ ਹੋਣ ਦੇ ਬਾਵਜੂਦ ਵੀ ਇਸ ਨੌਜਵਾਨ ਦੇ ਅੰਦਰ, ਦੁਨੀਆਂ ਭਰ ਦੇ ਗਿਆਨ ਦਾ ਅਥਾਹ ਭੰਡਾਰ ਹੈ। ਇਹ ਨੌਜਵਾਨ ਜਬਰ ਜੁਲਮ, ਵਿਤਕਰੇਬਾਜੀ ਅਤੇ ਭ੍ਰਿਸ਼ਟਾਚਾਰ ਦੀ ਬੁਨਿਆਦ ਤੇ ਖੜ੍ਹੇ ਸਿਸਟਮ ਨੂੰ ਵੰਗਾਰਦੀ ਸਿੱਖ ਸੋਚ ਦਾ ਪ੍ਰਤੀਕ ਹੋ ਨਿੱਬੜਿਆ ਹੈ। ਗੁਰੂ ਦੇ ਮੁਢਲੇ ਸਿਧਾਂਤ ਸਰਬਤ ਦੇ ਭਲੇ ਵਾਲੀ ਹਲੇਮੀ ਬਾਦਸ਼ਾਹਤ ਦੀ ਤਾਂਘ ਨੇ ਇਸ ਨੌਜਵਾਨ ਨੂੰ ਨਿੱਜਤਾ ਵਿਚੋਂ ਬਾਹਰ ਕੱਢ ਲਿਆ ਹੈ। ਉਹ ਨਿੱਜੀ ਵਿਕਾਰਾਂ ਦੇ ਮੋਹ ਜਾਲ ਤੋਂ ਬਾਹਰ ਹੋਇਆ ਜਾਪਦਾ ਹੈ। ਉਹਦੇ ਅੰਦਰ 'ਖੇਤੁ ਜੁ ਮਾਡਿਓ ਸੂਰਮਾ ਅਬ ਜੂਝਣ ਕੋ ਦਾਉ'॥ ਦੇ ਸੰਕਲਪ ਦਾ ਅਨਹਤ ਨਾਦ ਚੱਲਦਾ ਮਹਿਸੂਸ ਹੁੰਦਾ ਹੈ ਜੋ ਕੰਨਾਂ ਨਾਲ ਨਹੀਂ ਬਲਕਿ ਮਨ ਦੀ ਉਹ ਅਵਸਥਾ ਹੀ ਸੁਣ ਸਕਦੀ ਹੈ ਜਿਸ ਦੇ ਅੰਦਰ 'ਲਰੈ ਦੀਨ ਕੇ ਹੇਤੁ' ਦੀ ਭਾਵਨਾ ਪ੍ਰਵਲ ਹੋ ਰਹੀ ਹੋਵੇ ਅਤੇ ਕਦਮ 'ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ'॥ ਦੀ ਪਵਿੱਤਰ ਭਾਵਨਾ ਵੱਲ ਵਧ ਰਹੇ ਹੋਣ। ਇਹ ਅਵਸਥਾ ਹੀ 80 ਸਾਲਾ ਬਾਬੇ ਦੀਪ ਸਿੰਘ

(ਬਾਕੀ ਸਫ਼ਾ 29 'ਤੇ)

## ਬੀਬੀ ਚਾਵਲਾ ਵਲੋਂ ਅੰਮ੍ਰਿਤਪਾਲ ਸਿੰਘ ਨੂੰ ਚੈਲਿੰਜ, ਅਖੇ ਹਿੰਮਤ ਹੈ ਤਾਂ ਅੰਮ੍ਰਿਤਸਰ ਆ ਕੇ ਤਿੰਨ ਸਵਾਲਾਂ ਦਾ ਜਵਾਬ ਦੇਵੇ

ਅੰਮ੍ਰਿਤਸਰ : ਪੰਜਾਬ ਵਿਚ ਆਏ ਦਿਨ ਅੰਮ੍ਰਿਤਪਾਲ ਸਿੰਘ ਵਲੋਂ ਕੀਤੀ ਜਾ ਰਹੀ ਬਿਆਨਬਾਜੀ ਨੂੰ ਦੇਖਦੇ ਹੋਏ ਸ਼੍ਰੀ ਦੁਰਗਿਆਣਾ ਕਮੇਟੀ ਦੀ ਪ੍ਰਧਾਨ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਸੋਸ਼ਲ ਮੀਡੀਆ 'ਤੇ ਬਿਆਨ ਜਾਰੀ ਕਰਦਿਆਂ ਅੰਮ੍ਰਿਤਪਾਲ ਸਿੰਘ ਨੂੰ ਵਿਦੇਸ਼ੀ ਏਜੰਟ ਕਹਿੰਦੇ ਹੋਏ ਕਿਹਾ ਕਿ ਅੰਮ੍ਰਿਤਪਾਲ ਸਿੰਘ ਰੋਜ ਕੁਫਰ ਤੋਲਦਾ ਹੈ ਅਤੇ ਭੜਕਾਊ ਬਿਆਨਬਾਜ਼ੀ ਕਰਕੇ ਮਾਹੌਲ ਖਰਾਬ ਕਰ ਰਿਹਾ ਹੈ, ਜੇਕਰ ਉਸ ਵਿਚ ਹਿੰਮਤ ਹੈ ਤਾਂ ਅੰਮ੍ਰਿਤਸਰ ਆ ਜਾਵੇ। ਇੱਥੇ ਉਸ ਦਾ ਮਹਿਮਾਨਾਂ ਵਾਂਗ ਹੀ ਸਵਾਗਤ ਕੀਤਾ ਜਾਵੇਗਾ ਅਤੇ ਉਹ ਇਕੱਲੇ ਮੀਡੀਆ ਨੂੰ ਨਾਲ ਲੈ ਕੇ ਇਕ ਸਾਂਝੀ ਜਗ੍ਹਾ ਤੇ ਅੰਮ੍ਰਿਤਪਾਲ ਸਿੰਘ ਨੂੰ ਤਿੰਨ ਸਵਾਲ ਪੁੱਛਣਗੇ, ਜੇਕਰ ਸਵਾਲਾਂ ਦਾ ਜਵਾਬ ਸਹੀ ਦਿੱਤਾ ਤਾਂ ਉਸ ਨੂੰ ਵਿਦਵਾਨ ਸਮਝਣਗੇ, ਜੇਕਰ ਜਵਾਬ ਨਾ ਦੇ ਸਕਿਆ ਤਾਂ ਅੰਮ੍ਰਿਤਪਾਲ ਸਿੰਘ ਨੂੰ ਵਾਪਸ ਦੁਬਈ ਜਾਣਾ ਹੋਵੇਗਾ, ਜਿਥੋਂ ਆਇਆ ਸੀ। ਪ੍ਰੋ. ਚਾਵਲਾ ਨੇ ਕਿਹਾ ਕਿ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਵਾਲੀ ਬਿਆਨਬਾਜ਼ੀ ਬੰਦ ਕੀਤੀ ਜਾਵੇ ਅਤੇ ਭਾਈਚਾਰਕ ਸਾਂਝ ਨੂੰ ਬਣਾਏ ਰੱਖਣ ਵੱਲ ਧਿਆਨ ਦਿੱਤਾ ਜਾਵੇ।

# ਨਾਜਾਇਜ਼ ਸ਼ਰਾਬ ਮਾਮਲਿਆਂ ਵਿਚ ਪੰਜਾਬ ਦੀ ਢਿੱਲੀ ਕਾਰਗੁਜ਼ਾਰੀ ਤੇ ਸੁਪਰੀਮ ਕੋਰਟ

ਰਜਿੰਦਰ ਸਿੰਘ ਪੁਰੇਵਾਲ

ਸੁਪਰੀਮ ਕੋਰਟ ਨੇ ਬੀਤੇ ਸੋਮਵਾਰ ਨੂੰ ਪੰਜਾਬ 'ਚ ਸ਼ਰਾਬ ਦੇ ਨਾਜਾਇਜ਼ ਕਾਰੋਬਾਰ ਦੇ ਕੁਝ ਮਾਮਲਿਆਂ ਦੀ ਜਾਂਚ ਵਿਚ ਹੋਈ ਪ੍ਰਗਤੀ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਤੇ ਕਿਹਾ ਕਿ ਸੂਬਾ ਇਸ ਮੁੱਦੇ ਨੂੰ ਬਚਕਾਨਾ ਹਰਕਤਾਂ ਵਾਂਗ ਪੇਸ਼ ਕਰ ਰਿਹਾ ਹੈ। ਸੁਪਰੀਮ ਕੋਰਟ ਜਿਸ ਨੇ ਪਾਇਆ ਕਿ ਗਰੀਬ ਅਤੇ ਦੱਬੇ-ਕੁਚਲੇ ਲੋਕ ਅਜਿਹੇ ਦੁਖਾਂਤ ਦੇ ਪੀੜਤ ਹਨ, ਨੇ ਪੰਜਾਬ ਆਬਕਾਰੀ ਵਿਭਾਗ ਨੂੰ ਇਸ ਸੰਬੰਧ 'ਵਿਚ ਦਰਜ ਕੀਤੀਆਂ ਕੁਝ ਐਫ.ਆਈ.ਆਰਜ਼ ਦੇ ਵੇਰਵਿਆਂ ਬਾਰੇ ਜਾਣੂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਐਮ. ਆਰ. ਸ਼ਾਹ ਅਤੇ ਐਮ. ਐਮ. ਸੁੰਦਰੇਸ਼ ਦੇ ਬੈਂਚ ਨੇ ਕਿਹਾ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਅਸਲ ਦੋਸ਼ੀਆਂ ਤੱਕ ਪਹੁੰਚਣ ਲਈ ਕੋਈ ਗੰਭੀਰ ਯਤਨ ਨਹੀਂ ਕੀਤੇ ਜਾ ਰਹੇ, ਜੋ ਗੈਰ-ਕਾਨੂੰਨੀ ਸ਼ਰਾਬ ਬਣਾਉਣ ਅਤੇ ਲਿਜਾਣ ਦੇ ਕਾਰੋਬਾਰ ਵਿਚ ਹਨ। ਸੁਪਰੀਮ ਕੋਰਟ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਤੰਬਰ 2020 ਦੇ ਹੁਕਮ ਤੋਂ ਪੈਦਾ ਇਕ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ, ਜਿਸ ਨੇ ਨਕਲੀ ਸ਼ਰਾਬ, ਇਸ ਦੀ ਵਿਕਰੀ ਅਤੇ ਅੰਤਰਰਾਜੀ ਤਸਕਰੀ ਦੇ ਸੰਬੰਧ ਵਿਚ ਪੰਜਾਬ 'ਚ ਦਰਜ ਕੁਝ ਐਫ.ਆਈ.ਆਰਜ਼. ਨੂੰ ਸੀ.ਬੀ.ਆਈ. ਨੂੰ ਤਬਦੀਲ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਸੀ। ਸੁਪਰੀਮ ਕੋਰਟ ਵਿਚ ਸੁਣਵਾਈ ਦੌਰਾਨ ਪਟੀਸ਼ਨਰਾਂ ਵਲੋਂ ਪੇਸ਼ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਆਬਕਾਰੀ ਵਿਭਾਗ ਵਲੋਂ ਦਾਇਰ ਜਵਾਬੀ ਹਲਫ਼ਨਾਮੇ ਅਨੁਸਾਰ ਕੁਝ ਡਿਸਟਿਲਰੀਆਂ ਖਿਲਾਫ਼ ਲਾਇਸੈਂਸ ਮੁਅੱਤਲ ਕਰਨ, ਜੁਰਮਾਨੇ ਲਾਉਣ ਸਮੇਤ ਕੁਝ ਕਾਰਵਾਈਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਮਾਮੂਲੀ ਮਜ਼ਦੂਰਾਂ ਨੂੰ ਹੀ ਅਜਿਹੇ ਮਾਮਲਿਆਂ 'ਚ ਚਾਰਜਸ਼ੀਟ ਕੀਤਾ ਗਿਆ ਹੈ ਅਤੇ ਕਿਸੇ ਵੀ ਸਿਆਸਤਦਾਨ ਜਾਂ ਪੁਲਿਸ ਅਧਿਕਾਰੀ ਖਿਲਾਫ਼ ਕਾਰਵਾਈ ਨਹੀਂ ਕੀਤੀ ਗਈ। ਸੂਬੇ ਦੇ ਵਕੀਲ ਨੇ ਕਿਹਾ ਸੀ ਕਿ ਇਨ੍ਹਾਂ ਐਫ.ਆਈ.ਆਰਜ਼ ਦੇ ਸੰਬੰਧ 'ਚ ਉਹ ਇਕ ਵਿਸਥਾਰਤ ਰਿਪੋਰਟ ਦਾਖਲ ਕਰਨਗੇ। ਬੈਂਚ ਨੇ ਜ਼ਿਕਰ ਕੀਤਾ ਕਿ ਪਟੀਸ਼ਨ ਵਿਚ ਪੰਜਾਬ ਵਿਚ ਵੱਡੇ ਪੱਧਰ 'ਤੇ ਨਾਜਾਇਜ਼ ਸ਼ਰਾਬ ਨਿਰਮਾਣ ਅਤੇ



ਇਸ ਦੀ ਵਿਕਰੀ ਨਾਲ ਸੰਬੰਧਿਤ ਦੋਸ਼ ਹਨ। ਅਦਾਲਤ ਮਾਮਲੇ ਦੀ ਅਗਲੀ ਸੁਣਵਾਈ 5 ਦਸੰਬਰ ਨੂੰ ਕਰੇਗੀ।

ਯਾਦ ਰਹੇ ਕਿ ਆਪ ਪਾਰਟੀ ਵਾਲੇ ਜਿਹੜੇ ਦੂਸਰੀਆਂ ਸਰਕਾਰਾਂ ਨੂੰ ਇਸ ਮਸਲੇ 'ਤੇ ਭੰਡਦੇ ਸਨ ਅਤੇ ਉਨ੍ਹਾਂ ਦੀ ਆਲੋਚਨਾ ਕਰਦੇ ਸਨ, ਅੱਜ ਉਹ ਆਪ ਵੀ ਕਈ ਵਿਵਾਦਾਂ ਵਿਚ ਘਿਰ ਚੁਕੇ ਹਨ। ਗੱਲ ਇਥੋਂ ਤੱਕ ਹੀ ਸੀਮਤ ਨਹੀਂ, ਸਗੋਂ ਇਸ ਤੋਂ ਵੀ ਅੱਗੇ ਨਾਜਾਇਜ਼ ਸ਼ਰਾਬ ਕੱਢਣ ਅਤੇ ਉਸ ਦੀ ਵਿਕਰੀ ਦੀ ਵੀ ਹੈ। ਅੰਦਾਜ਼ਾ ਇਹ ਵੀ ਲਗਾਇਆ ਜਾਂਦਾ ਹੈ ਕਿ ਜਿੰਨੀ ਸ਼ਰਾਬ ਸੰਬੰਧਿਤ ਦੁਕਾਨਾਂ 'ਤੇ ਵਿਕਦੀ ਹੈ ਉਸ ਤੋਂ ਕਿਤੇ ਵੱਧ ਇਸ ਦਾ ਨਾਜਾਇਜ਼ ਧੰਦਾ ਪੰਜਾਬ ਵਿਚ ਜਾਰੀ ਹੈ। ਪਿਛਲੀ ਕਾਂਗਰਸ ਸਰਕਾਰ ਦੇ ਸਮੇਂ ਅਜਿਹੇ ਨਾਜਾਇਜ਼ ਧੰਦੇ ਨੂੰ ਨੱਥ ਨਾ ਪਾਉਣ ਕਾਰਨ ਕਈ ਮੌਤਾਂ ਹੋ ਚੁੱਕੀਆਂ ਸਨ। ਤਰਨ ਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਸਾਲ 2020 ਵਿਚ ਨਕਲੀ ਰਸਾਇਣ ਯੁਕਤ ਸ਼ਰਾਬ ਪੀਣ ਨਾਲ 120 ਬੰਦੇ ਮਾਰੇ ਗਏ ਸਨ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਅਤੇ ਮੌਜੂਦਾ ਸੱਤਾਧਾਰੀ ਪਾਰਟੀ 'ਆਪ' ਦੇ ਕਈ ਉੱਘੇ ਆਗੂ ਉਸ ਵਕਤ ਇਸ ਦੁਖਦਾਈ ਘਟਨਾਕ੍ਰਮ ਦੇ ਖ਼ਿਲਾਫ਼ ਲਗਾਤਾਰ ਬਿਆਨਬਾਜ਼ੀ ਕਰਦੇ ਰਹੇ ਸਨ। ਜਨਤਕ ਦਬਾਅ ਹੇਠ ਉਸ ਸਮੇਂ ਨਾਜਾਇਜ਼ ਸ਼ਰਾਬ ਸੰਬੰਧੀ ਦਰਜਨ ਤੋਂ ਵੱਧ ਕੇਸ ਵੀ ਦਰਜ ਕੀਤੇ ਗਏ ਸਨ। ਕਈ ਥਾਵਾਂ ਤੋਂ ਨਕਲੀ ਸ਼ਰਾਬ ਬਣਾਉਣ ਦੀਆਂ ਫੈਕਟਰੀਆਂ ਵੀ ਫੜੀਆਂ ਗਈਆਂ ਸਨ। ਪਰ ਇਹ ਨਾਜਾਇਜ਼ ਧੰਦਾ ਆਪ ਸਰਕਾਰ ਵੇਲੇ ਵੀ ਜਾਰੀ ਹੈ।ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਸੀ ਕਿ ਪੰਜਾਬ ਤੋਂ ਬਣੀ ਸ਼ਰਾਬ ਗੁਜਰਾਤ ਦੇ ਨਾਲ-ਨਾਲ ਗੁਆਂਢੀ ਰਾਜ ਹਰਿਆਣਾ ਤੇ ਬਿਹਾਰ ਵਿੱਚ ਵੀ ਤਸਕਰੀ ਕੀਤੀ ਜਾ ਰਹੀ ਹੈ। ਹਾਲ ਹੀ ਵਿੱਚ ਪੰਜਾਬ ਪੁਲਿਸ ਨੇ ਇੱਕ ਗਠਜੋੜ ਦਾ ਪਰਦਾਫਾਸ਼ ਕੀਤਾ ਸੀ ਜਿਸ ਵਿੱਚ ਰਾਜ ਦੇ ਠੇਕਿਆਂ 'ਤੇ ਵੇਚੀ ਜਾਣ ਵਾਲੀ ਸ਼ਰਾਬ ਨੂੰ ਕਥਿਤ ਤੌਰ 'ਤੇ 'ਚੋਣ ਵਾਲੇ ਗੁਜਰਾਤ' ਵਿੱਚ ਤਸਕਰੀ ਕੀਤੀ ਜਾ ਰਹੀ ਸੀ। ਬਾਜਵਾ ਅਨੁਸਾਰ ਪਟਿਆਲਾ ਪੁਲਿਸ ਦੀ ਟੀਮ ਨੇ ਇੱਕ ਟਰੱਕ ਵਿੱਚੋਂ 600 ਦੇ ਕਰੀਬ ਨਜਾਇਜ਼ ਸ਼ਰਾਬ ਬਰਾਮਦ ਕੀਤੀ ਸੀ। ਇਸੇ ਤਰ੍ਹਾਂ ਖੋਂਦਾ ਪੁਲਿਸ ਨੇ ਲੱਖਾਂ ਰੁਪਏ ਦੀ ਨਜਾਇਜ਼ ਸ਼ਰਾਬ ਬਰਾਮਦ ਕੀਤੀ ਹਸੀ। 54 ਲੱਖ ਇਹ ਖੇਪ ਪੰਜਾਬ ਉੱਤਰ ਪ੍ਰਦੇਸ਼ ਤੋਂ ਸਪਲਾਈ ਕੀਤੀ ਜਾ ਰਹੀ ਸੀ। ਕਰੀਬ ਦੋ ਮਹੀਨੇ ਪਹਿਲਾਂ ਹਰਿਆਣਾ ਦੀ ਜੀਂਦ ਪੁਲਿਸ ਦੇ ਸੀਆਈਏ ਵਿੰਗ ਨੇ ਪੰਜਾਬ ਤੋਂ ਗੁਜਰਾਤ ਨੂੰ ਗੈਰ-ਕਾਨੂੰਨੀ ਢੰਗ ਨਾਲ ਸ਼ਰਾਬ ਸਪਲਾਈ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਸੀ।ਬਾਜਵਾ ਨੇ ਭਾਰਤੀ ਚੋਣ ਕਮਿਸ਼ਨ ਨੂੰ ਵੀ ਇਸ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਸੀ ਤਾਂ ਜੋ ਗੁਜਰਾਤ ਵਿੱਚ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਈਆਂ ਜਾ ਸਕਣ। ਇਸ ਨਾਜਾਇਜ਼ ਧੰਦੇ ਦਾ ਕਾਰਣ ਸਤਾਧਾਰੀ ਤੇ ਪੁਲਿਸ ਪ੍ਰਸ਼ਾਸਨ ਦਾ ਨਾਜਾਇਜ਼ ਗੱਠਜੋੜ ਹੈ। ਇਸੇ ਕਰਕੇ ਪੰਜਾਬ ਚਿਟੇ ਤੇ ਨਾਜਾਇਜ਼ ਸ਼ਰਾਬ ਦੀ ਰਾਜਧਾਨੀ ਬਣ ਚੁਕਾ ਹੈ।ਇਸ ਕਰਕੇ ਗੰਭੀਰ ਤੋਂ ਗੰਭੀਰ ਮਾਮਲੇ ਨੂੰ ਵੀ ਠੰਢੇ ਬਸਤੇ ਵਿਚ ਪਾ ਦਿੱਤੇ ਜਾਂਦੇ ਹਨ। ਇਸ ਸੰਬੰਧ ਵਿਚ ਹੀ ਪਿਛਲੇ ਦਿਨੀ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਝਾੜ ਪਾਈ ਹੈ, ਉਹ ਕੌੜਾ ਸੱਚ ਹੈ ਕਿ ਸਤਾ ਲੋਕ ਹਿਤਾਂ ਦੀ ਪਹਿਰੇਦਾਰੀ ਨਹੀਂ ਕਰ ਰਹੀ, ਸਗੋਂ ਲੋਕ ਉਜਾੜਾ ਕਰ ਰਹੀ ਹੈ। ਲੋਕਾਂ ਦੀਆਂ ਜਾਨਾਂ ਨਾਲ ਖੇਡ ਰਹੀ ਹੈ। ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਉਹ ਲੋਕ ਹਿਤਾਂ ਲਈ ਅਜਿਹੀਆਂ ਸਰਕਾਰਾਂ ਨਾਲ ਸਖਤੀ ਨਾਲ ਨਿਪਟਣ।

# ਸ਼੍ਰੋਮਣੀ ਕਮੇਟੀ ਵਲੋਂ ਯੂ-ਟਿਊਬ ਚੈਨਲ ਸ਼ੁਰੂ ਕਰਨ ਦਾ ਐਲਾਨ

- ਬੰਦੀ ਸਿੰਘਾਂ ਦੀ ਰਿਹਾਈ ਲਈ ਦੇਸ਼ ਵਿਆਪੀ ਦਸਤਖ਼ਤੀ ਮੁਹਿੰਮ ਚਲਾਏਗੀ ਸ਼੍ਰੋਮਣੀ ਕਮੇਟੀ
- ਕੇਵਲ ਪੰਥਕ ਕਾਰਜਾਂ ਲਈ ਯੋਗਦਾਨ ਪਾਉਣ ਵਾਲਿਆਂ ਨੂੰ ਹੀ ਮਿਲੇਗਾ ਸਿਰੋਪਾਓ
- ਸ਼੍ਰੋਮਣੀ ਕਮੇਟੀ ਵਿਚ ਅਗਲੇ 6 ਮਹੀਨਿਆਂ ਲਈ ਭਰਤੀ 'ਤੇ ਮੁਕੰਮਲ ਰੋਕ
- ਸਿੱਖ ਧਾਰਮਿਕ ਚਿੰਨ੍ਹਾਂ ਵਾਲੇ ਟੈਟੂ ਬਣਵਾਉਣ ਤੋਂ ਵਰਜਿਆ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਦੇਸ਼ ਵਿਆਪੀ ਦਸਤਖ਼ਤੀ ਮੁਹਿੰਮ ਦੀ ਰੂਪ-ਰੇਖਾ ਉਲੀਕਦਿਆਂ ਇਸ ਲਹਿਰ ਨੂੰ ਦੇਸ਼ ਦੇ ਕੋਨੇ ਕੋਨੇ ਤੱਕ ਫੈਲਾਉਣ ਦਾ ਫੈਸਲਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 1 ਦਸੰਬਰ 2022 ਤੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਰਗਰਮ ਮੁਹਿੰਮ ਅੱਗੇ ਵਧਾਈ ਜਾਵੇਗੀ। ਇਸ ਤਹਿਤ ਬੰਦੀ ਸਿੰਘਾਂ ਦੇ ਕੇਸਾਂ ਅਤੇ ਭੁਗਤੀਆਂ ਸਜ਼ਾਵਾਂ ਬਾਰੇ ਸੰਗਤ ਨੂੰ ਜਾਗਰੂਕਤਾ ਦੇ ਨਾਲ-ਨਾਲ ਪ੍ਰੋਫਾਰਮੇ ਭਰਵਾਏ ਜਾਣਗੇ। ਇਸ ਲਹਿਰ ਨੂੰ ਦੇਸ਼ ਵਿਆਪੀ ਬਣਾਉਣ ਲਈ ਪੰਜਾਬ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨਾਂ ਅਤੇ ਗੁਰਦੁਆਰਾ ਕਮੇਟੀਆਂ ਰਾਹੀਂ ਵੱਖ-ਵੱਖ ਸੂਬਿਆਂ ਤੱਕ ਪਹੁੰਚ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਕੇਂਦਰ ਸ਼੍ਰੋਮਣੀ ਕਮੇਟੀ ਦਫ਼ਤਰ ਹੋਵੇਗਾ, ਜਦਕਿ ਪੰਜਾਬ ਦੇ ਹਰ ਜ਼ਿਲ੍ਹੇ ਅਤੇ ਪੰਜਾਬ ਤੋਂ ਬਾਹਰ ਸਿੱਖ ਮਿਸ਼ਨਾਂ ਵਿਖੇ ਸਬ-ਕੇਂਦਰ ਸਥਾਪਤ ਕੀਤੇ ਜਾਣਗੇ।

ਖ਼ਾਸਕਰ ਪੰਜਾਬ ਅੰਦਰ ਗੁਰਦੁਆਰਾ ਸਾਹਿਬਾਨਾਂ, ਵਿੱਦਿਅਕ ਅਦਾਰਿਆਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਸ਼ਹਿਰਾਂ-ਕਸਬਿਆਂ ਦੇ ਅਹਿਮ ਚੌਰਾਹਿਆਂ 'ਤੇ ਕੈਂਪ ਲਗਾ ਕੇ ਪ੍ਰੋਫਾਰਮੇ ਭਰੇ ਜਾਣਗੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਪ੍ਰੋਫਾਰਮੇ ਭਰਵਾਉਣ ਦਾ ਕੰਮ ਮੁਕੰਮਲ ਕਰਨ ਬਾਅਦ ਚੰਡੀਗੜ੍ਹ ਵਿਖੇ ਸਮੁੱਚੇ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਇਕ ਦਿਨਾਂ ਰੋਸ ਧਰਨਾ ਹੋਵੇਗਾ ਅਤੇ ਸਾਰੇ ਪ੍ਰੋਫਾਰਮੇ ਗਵਰਨਰ ਪੰਜਾਬ ਨੂੰ ਸੌਂਪੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰੋਫਾਰਮੇ ਭਰਵਾਉਣ ਦੌਰਾਨ ਨਾਲੋ-ਨਾਲ ਸਾਰਾ ਰਿਕਾਰਡ ਲਿਖਤੀ ਤੇ ਡਿਜੀਟਲ ਰੂਪ ਵਿਚ ਸੰਭਾਲਣ ਦਾ ਕਾਰਜ ਵੀ ਕੀਤਾ ਜਾਵੇਗਾ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਕਾਰਜਾਂ ਨੂੰ ਨਿਯਮਤ ਰੂਪ ਵਿਚ ਸੰਗਤ ਤੱਕ ਲਿਜਾਣ ਲਈ 24 ਘੰਟੇ ਦੀਆਂ ਸੇਵਾਵਾਂ ਵਾਲਾ ਯੂ-ਟਿਊਬ ਚੈਨਲ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਗੁਰਬਾਣੀ ਦੇ ਸਿੱਧੇ ਪ੍ਰਸਾਰਨ ਵਾਲਾ ਚੈਨਲ ਸ਼ੁਰੂ ਕਰਨ ਬਾਰੇ ਵੀ ਕਾਰਵਾਈ ਜਾਰੀ ਹੈ।



ਐਡਵੋਕੇਟ ਧਾਮੀ ਨੇ ਹੋਰ ਫੈਸਲਿਆਂ ਦੀ ਤਫਸੀਲ ਦਿੰਦਿਆਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਦੀ ਥਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਮਨਾਉਣ ਲਈ ਭਾਰਤ ਸਰਕਾਰ ਨੂੰ ਅਪੀਲ ਕੀਤੀ ਸੀ, ਜਿਸ ਨੂੰ ਲੈ ਕੇ ਅੱਜ ਮੁੜ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹ ਫੈਸਲਾ ਲਾਗੂ ਕਰਨ ਲਈ ਕਿਹਾ ਗਿਆ ਹੈ।ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸਿੱਖ ਇਤਿਹਾਸ ਦਾ ਅਹਿਮ ਪੰਨਾ ਹੈ, ਜਿਸ ਨੂੰ ਸਿੱਖ ਵਿਰਸੇ ਅਤੇ ਗੁਰਮਤਿ ਦੀ ਭਾਵਨਾ ਅਨੁਸਾਰ ਹੀ ਮਨਾਇਆ ਜਾਣਾ ਚਾਹੀਦਾ ਹੈ। ਇਸ ਲਈ ਭਾਰਤ ਸਰਕਾਰ ਇਸ ਦਿਹਾੜੇ ਦਾ ਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਤ ਕੀਤੀ ਕਮੇਟੀ ਦੇ ਸੁਝਾਅ ਅਨੁਸਾਰ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਦੇ ਤੌਰ 'ਤੇ ਮਨਾਉਣ ਦਾ ਐਲਾਨ ਕਰੇ। ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਵੀ ਕਿਹਾ ਕਿ ਉਹ ਆਪਣੇ ਤੌਰ 'ਤੇ ਵੀ ਇਸੇ ਭਾਵਨਾ ਅਨੁਸਾਰ ਹੀ ਸਮਾਗਮ ਉਲੀਕਣ, ਨਾ ਕਿ 'ਵੀਰ ਬਾਲ ਦਿਵਸ' ਵਜੋਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਭਵਿੱਖ ਵਿਚ ਸਿਰੋਪਾਓ ਦੀ ਸੁਚੱਜੀ ਵਰਤੋਂ ਲਈ ਵੀ ਨਿਯਮ ਨਿਰਧਾਰਤ ਕੀਤੇ ਗਏ ਹਨ। ਹੁਣ ਹਰ ਵਿਦਿਅਕ ਅਦਾਰੇ ਅੰਦਰ ਸਿਰੋਪਾਓ, ਲੋਈ ਅਤੇ ਸਨਮਾਨ ਚਿੰਨ੍ਹ ਦੀ ਥਾਂ ਕੇਵਲ ਪੁਸਤਕਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਗੁਰਦੁਆਰਾ ਸਾਹਿਬਾਨ ਵਿਖੇ ਵੀ ਸਿਰੋਪਾਓ ਦੇ ਸੰਕੋਚ ਕੇ ਗੁਰਮਤਿ ਭਾਵਨਾਵਾਂ ਅਨੁਸਾਰ ਵਰਤੋਂ ਲਾਜ਼ਮੀ ਕਰਨ ਲਈ ਆਦੇਸ਼ ਜਾਰੀ ਕੀਤੇ ਗਏ ਹਨ।

ਉਨ੍ਹਾਂ ਆਖਿਆ ਕਿ ਕੇਵਲ ਪੰਥਕ ਕਾਰਜਾਂ ਲਈ ਯੋਗਦਾਨ ਪਾਉਣ ਵਾਲਿਆਂ ਨੂੰ ਸਿਰੋਪਾਓ ਦਿੱਤਾ ਜਾਵੇਗਾ, ਜਦਕਿ ਬਾਕੀ ਸਤਿਕਾਰਤ ਸ਼ਖ਼ਸੀਅਤਾਂ ਨੂੰ ਪੁਸਤਕਾਂ ਭੇਟ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਸ਼੍ਰੋਮਣੀ ਕਮੇਟੀ ਅੰਦਰ ਅਗਲੇ 6 ਮਹੀਨਿਆਂ ਲਈ ਭਰਤੀ 'ਤੇ ਮੁਕੰਮਲ ਰੋਕ ਲਗਾਉਣ ਦਾ ਫੈਸਲਾ ਲਿਆ ਹੈ।ਸਰੀਰ 'ਤੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਅਤੇ ਗੁਰਬਾਣੀ ਦੀਆਂ ਤੁਕਾਂ ਵਾਲੇ ਟੈਟੂ ਬਣਵਾਉਣ ਵਾਲਿਆਂ ਨੂੰ ਵਰਜਦਿਆਂ ਸ਼੍ਰੋਮਣੀ ਕਮੇਟੀ ਨੇ ਅਜਿਹੀ ਬੇਅਦਬੀ ਨਾ ਕਰਨ ਦੀ ਚਿਤਾਵਨੀ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਜੂਨ 2013 ਵਿੱਚ ਇਸ ਸਬੰਧੀ ਇੱਕ ਹੁਕਮਨਾਮਾ ਜਾਰੀ ਕਰਦਿਆਂ ਸਰੀਰ 'ਤੇ ਸਿੱਖ ਧਾਰਮਿਕ ਚਿੰਨ੍ਹਾਂ ਵਾਲੇ ਟੈਟੂ ਬਣਾਉਣ ਤੋਂ ਵਰਜਿਆ ਗਿਆ ਸੀ। ਹਾਲ ਹੀ ਵਿੱਚ ਸ਼੍ਰੋਮਣੀ ਕਮੇਟੀ ਨੂੰ ਮੁੜ ਅਜਿਹੀਆਂ ਕਈ ਸ਼ਿਕਾਇਤਾਂ ਮਿਲੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਸ਼ਿਕਾਇਤ ਬ੍ਰਾਜ਼ੀਲ ਦੀ ਇੱਕ ਲੜਕੀ ਖ਼ਿਲਾਫ਼ ਹੈ, ਜਿਸ ਨੇ ਆਪਣੀ ਲੱਤ 'ਤੇ ਸਿੱਖ ਧਾਰਮਿਕ ਚਿੰਨ੍ਹ ਦਾ ਟੈਟੂ ਬਣਵਾਇਆ ਹੋਇਆ ਹੈ। ਇਸ ਤੋਂ ਇਲਾਵਾ ਇੱਕ ਸ਼ਿਕਾਇਤ ਅਮਰੀਕਾ ਵਸਦੇ ਭਾਰਤੀ ਮੂਲ ਦੇ ਵਿਅਕਤੀ ਖ਼ਿਲਾਫ਼ ਹੈ, ਜਿਸ ਨੇ ਆਪਣੇ ਸਰੀਰ 'ਤੇ ਗੁਰਬਾਣੀ ਦੀ ਤੁਕ ਵਾਲਾ ਟੈਟੂ ਬਣਵਾਇਆ ਹੈ। ਸ਼੍ਰੋਮਣੀ ਕਮੇਟੀ ਨੇ ਉਕਤ ਦੋਵਾਂ ਖ਼ਿਲਾਫ਼ ਭਾਰਤ ਅਤੇ ਸਬੰਧਤ ਮੁਲਕਾਂ ਦੇ ਸਫ਼ਾਰਤਖ਼ਾਨਿਆਂ ਕੋਲ ਸ਼ਿਕਾਇਤ ਕੀਤੀ ਹੈ। ਇਸ ਦੇ ਨਾਲ ਹੀ ਦੋਵਾਂ ਕੋਲ ਨਿੱਜੀ ਤੌਰ 'ਤੇ ਵੀ ਇਨ੍ਹਾਂ ਟੈਟੂਆਂ ਪ੍ਰਤੀ ਨਾਰਾਜ਼ਗੀ ਜ਼ਾਹਿਰ ਕੀਤੀ ਗਈ ਹੈ। ਇਹ ਸ਼ਿਕਾਇਤਾਂ ਮਿਲਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਜਾਰੀ ਕੀਤਾ ਹੁਕਮਨਾਮਾ ਸੋਸ਼ਲ ਮੀਡੀਆ 'ਤੇ ਸਾਂਝਾ ਕਰਦਿਆਂਅਜਿਹੇ ਟੈਟੂ ਨਾ ਬਣਵਾਉਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਪੰਜਾਬੀ ਅਦਾਕਾਰਾ ਨੀਰੂ ਬਾਜਵਾ ਵੱਲੋਂ ਵੀ ਗੁਰਬਾਣੀ ਦੀ ਇਕ ਤੁਕ ਵਾਲਾ ਟੈਟੂ ਬਣਵਾਉਣ ਦਾ ਮਾਮਲਾ ਸਾਹਮਣੇ ਆ ਚੁੱਕਾ ਹੈ। ਇਸੇ ਤਰ੍ਹਾਂ ਅਦਾਕਾਰਾ ਮੰਦਿਰਾ ਬੇਦੀ ਨੇ ਵੀ ਅਜਿਹਾ ਇੱਕ ਟੈਟੂ ਬਣਵਾਇਆ ਸੀ, ਜਿਸ ਦਾ ਵਿਰੋਧ ਹੋਣ ਮਗਰੋਂ ਉਸ ਨੇ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਸੀ।

**ਧਾਰਮਿਕ ਭਾਵਨਾਵਾਂ ਨੂੰ ਪੁੱਜਦੀ ਹੈ ਠੇਸ : ਧਾਮੀ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਅਜਿਹੇ ਲੋਕਾਂ ਨੂੰ ਸਿੱਖ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਨਾ ਕਰਨ ਲਈ ਕਿਹਾ ਗਿਆ ਹੈ।

## ਸ਼੍ਰੋਮਣੀ ਕਮੇਟੀ : ਨਿਯੁਕਤੀਆਂ 'ਤੇ ਵਿਰੋਧੀ ਸਿੱਖ ਧਿਰ ਨੂੰ ਇਤਰਾਜ਼

ਅੰਮ੍ਰਿਤਸਰ :- ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਨੇ ਸਿੱਖ ਸੰਸਥਾ ਦੇ ਵੱਖ-ਵੱਖ ਵਿਭਾਗਾਂ ਦੇ ਇੰਚਾਰਜ ਕੁਝ ਮੈਂਬਰਾਂ ਨੂੰ ਲਾਏ ਜਾਣ ਦੇ ਫੈਸਲੇ ਦਾ ਵਿਰੋਧ ਕੀਤਾ ਹੈ ਅਤੇ ਇਸ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਵਿਰੋਧੀ ਧਿਰ ਦੇ ਮੈਂਬਰਾਂ ਨੇ ਆਪਣੀਆਂ ਮੰਗਾਂ ਨੂੰ ਏਜੰਡੇ ਵਿੱਚ ਸ਼ਾਮਲ ਕਰਨ ਲਈ ਮੰਗ ਪੱਤਰ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ।ਇਨ੍ਹਾਂ ਮੈਂਬਰਾਂ ਵਿੱਚ ਗੁਰਪ੍ਰੀਤ ਸਿੰਘ ਰੰਧਾਵਾ, ਮਲਕੀਤ ਸਿੰਘ ਚੰਗਾਲ, ਭੁਪਿੰਦਰ ਸਿੰਘ ਅਸੰਧ ਸ਼ਾਮਲ ਸਨ। ਵਿਰੋਧੀ ਧਿਰ ਦੇ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੱਖ ਵੱਖ ਵਿਭਾਗਾਂ ਦੇ ਇੰਚਾਰਜ ਲਾਉਣ ਦਾ ਫੈਸਲਾ ਸਿੱਖ ਗੁਰਦੁਆਰਾ ਐਕਟ ਦੀ ਉਲੰਘਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਸ਼੍ਰੋਮਣੀ ਅਕਾਲੀ ਦਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਲਿਆ ਹੈ। ਵਿਰੋਧੀ ਧਿਰ ਦੇ ਮੈਂਬਰਾਂ ਨੇ ਇਸ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਇਹ ਗ਼ੈਰਕਾਨੂੰਨੀ ਫੈਸਲਾ ਹੈ, ਇਸ ਲਈ ਕਿਸੇ ਵੀ ਮੈਂਬਰ ਇੰਚਾਰਜ ਨੂੰ ਵਾਹਨ ਦੀ ਸਹੂਲਤ ਤੇ ਗੁਰੂ-ਘਰ ਦੇ ਸਰਮਾਏ ਨੂੰ ਵਰਤਣ ਦੀ ਸਹੂਲਤ ਨਾ ਦਿੱਤੀ ਜਾਵੇ।ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਨਿੱਜੀ ਚੈਨਲ ਸ਼ੁਰੂ ਨਾ ਕੀਤੇ ਜਾਣ 'ਤੇ ਇਤਰਾਜ਼ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ-ਘਰ ਵਿੱਚ ਲੰਗਰ ਤਾਂ ਮੁਫ਼ਤ ਹਨ ਪਰ ਗੁਰਬਾਣੀ ਦੇ ਪ੍ਰਸਾਰਨ ਦਾ ਮੁੱਲ ਵੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਪਣਾ ਨਿੱਜੀ ਚੈਨਲ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ ਸੀ ਪਰ ਸਿੱਖ ਸੰਸਥਾ ਜਥੇਦਾਰ ਦਾ ਆਦੇਸ਼ ਮੰਨਣ ਤੋਂ ਇਨਕਾਰੀ ਹੈ।

# ਗੈਂਗਸਟਰ ਰਿੰਦਾ ਦੀ ਪਾਕਿਸਤਾਨ ਵਿਚ ਓਵਰਡੋਜ਼ ਕਾਰਨ ਮੌਤ ਦਾ ਭੰਬਲਭੂਸਾ ਬਰਕਰਾਰ

- ਮੁਹਾਲੀ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਹਮਲੇ ਦੀ ਸਾਜ਼ਿਸ਼ ਦੇ ਲੱਗੇ ਸਨ ਦੋਸ਼
- ਰਿੰਦਾ ਨੇ ਮੌਤ ਦੀਆਂ ਖ਼ਬਰਾਂ ਦਾ ਕੀਤਾ ਖੰਡਨ, ਫੇਸਬੁੱਕ 'ਤੇ ਕਿਹਾ 'ਮੈਂ ਪੂਰੀ ਚੜ੍ਹਦੀ ਕਲਾ ਵਿੱਚ ਹਾਂ'
- ਇਟਲੀ ਵਿੱਚ ਹੈਪੀ ਦੇ ਕਤਲ ਦੀ ਜ਼ਿੰਮੇਵਾਰੀ ਲੰਡਾ ਵੱਲੋਂ ਲੈਣ ਦੀ ਖ਼ਬਰ ਤੋਂ ਬਾਅਦ ਕੈਨੇਡਾ ਬੈਠੇ ਗੈਂਗਸਟਰ ਡੱਲਾ ਨੇ ਕਿਹਾ ਕਿ ਜੇਕਰ ਰਿੰਦਾ ਜ਼ਿੰਦਾ ਹੈ ਤਾਂ ਲਾਈਵ ਇੰਟਰਵਿਊ ਦੇਵੇ

ਅੰਮ੍ਰਿਤਸਰ/ਏ.ਟੀ.ਨਿਊਜ਼ :- ਪਾਕਿਸਤਾਨ ਲਾਹੌਰ ਵਿੱਚ ਰਹਿ ਰਹੇ ਗੈਂਗਸਟਰ ਹਰਵਿੰਦਰ ਸਿੰਘ ਰਿੰਦਾ ਦੀ ਉੱਥੇ ਇੱਕ ਹਸਪਤਾਲ ਵਿੱਚ ਓਵਰਡੋਜ਼ ਕਾਰਨ ਮੌਤ ਹੋ ਗਈ ਹੈ। ਕੁਝ ਮੀਡੀਆ ਹਲਕਿਆਂ ਦੀ ਜਾਣਕਾਰੀ ਅਨੁਸਾਰ ਰਿੰਦਾ ਗੁਰਦਿਆਂ ਦੀ ਬਿਮਾਰੀ ਦੇ ਇਲਾਜ ਲਈ ਲਾਹੌਰ ਦੇ ਜਿੰਦਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੋਂ ਉਸ ਨੂੰ ਮਿਲਟਰੀ ਹਸਪਤਾਲ ਤਬਦੀਲ ਕਰ ਦਿੱਤਾ ਗਿਆ ਸੀ। ਇੱਥੇ ਇਲਾਜ ਦੌਰਾਨ ਦਵਾਈਆਂ ਦੀ ਓਵਰਡੋਜ਼ ਕਾਰਨ ਰਿੰਦਾ ਦੀ ਮੌਤ ਹੋ ਗਈ। ਪਰ ਉਸ ਦੀ ਮੌਤ ਦਾ ਰਹੱਸ ਬਰਕਰਾਰ ਹੈ।ਪੰਜਾਬ ਦੇ ਡੀਜੀਪੀ ਨੇ ਵੀ ਇਸ ਮੌਤ ਦੀ ਪੁਸ਼ਟੀ ਨਹੀਂ ਕੀਤੀ। ਹਾਲਾਂ ਕਿ ਪਾਕਿਸਤਾਨ ਤੋਂ ਵੀ ਉਸ ਦੀ ਮੌਤ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਕੁਝ ਮੀਡੀਆ ਦੇ ਸੂਤਰਾਂ ਅਨੁਸਾਰ ਫ਼ਰਜ਼ੀ ਪਛਾਣ ਰਾਹੀਂ ਲਗਭਗ 4-5 ਸਾਲ ਪਹਿਲਾਂ ਨਿਪਾਲ ਰਸਤੇ ਪਾਕਿਸਤਾਨ ਪਹੁੰਚੇ ਹਰਵਿੰਦਰ ਸਿੰਘ ਸੰਧੂ ਰਿੰਦਾ ਉਰਫ਼ ਰੌਕੀ ਉਰਫ਼ ਸ਼ੈਰੀ ਦੀ ਲੰਘੇ ਦਿਨ ਵਧੇਰੇ ਮਾਤਰਾ ਵਿਚ ਡਰੱਗ ਲੈਣ ਨਾਲ ਹੋਈ





ਕਥਿਤ ਮੌਤ ਦੀਆਂ ਅਫ਼ਵਾਹਾਂ ਤੋਂ ਬਾਅਦ ਉਸ ਦੇ ਰਾਏਵਿੰਡ ਰੋਡ ਸਥਿਤ ਡਿਫੈਂਸ ਹਾਊਸਿੰਗ ਅਥਾਰਿਟੀ ਲਾਹੌਰ ਵਿਚਲੇ ਘਰ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਵਲੋਂ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਸਰਹੱਦ ਪਾਰ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਈ.ਐਸ.ਆਈ. ਵਲੋਂ ਰਿੰਦਾ ਨੂੰ ਆਪਣੀ ਪਤਨੀ ਤੇ ਬੱਚੀ ਸਮੇਤ ਅਗਲੇ ਕੁਝ ਦਿਨਾਂ ਲਈ ਘਰ ਵਿਚ ਹੀ ਨਜ਼ਰਬੰਦ ਰਹਿਣ ਦੀ ਹਦਾਇਤ ਕੀਤੀ ਗਈ ਹੈ। ਇਸੇ ਸਭ ਦੇ ਚਲਦਿਆਂ ਲੰਡਾ ਹਰੀਕੇ ਵਲੋਂ ਅਤੇ 'ਰਿੰਦਾ ਸੰਧੂ' ਨਾਂ ਹੇਠ ਬਣਾਏ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਰਿੰਦਾ ਦੀ ਮੌਤ ਦੀਆਂ ਅਫ਼ਵਾਹਾਂ ਦਾ ਖੰਡਨ ਕਰਦਿਆਂ ਦਾਅਵਾ ਕੀਤਾ ਗਿਆ ਕਿ ਹਰਵਿੰਦਰ ਸਿੰਘ ਸੰਧੂ ਲਾਹੌਰ ਵਿਚ ਪੂਰੀ ਤਰ੍ਹਾਂ ਤੰਦਰੁਸਤ ਹੈ। ਉਧਰ ਬੰਬੀਹਾ ਗੈਂਗ ਦੇ ਜਸਪ੍ਰੀਤ ਜੱਸੀ ਤੇ ਕੁਝ ਹੋਰਾਂ ਨੇ ਸੋਸ਼ਲ ਮੀਡੀਆ 'ਤੇ ਰਿੰਦਾ ਦੀ ਹੱਤਿਆ ਦੀ ਜ਼ਿੰਮੇਵਾਰੀ ਵੀ ਲੈ ਲਈ ਹੈ।

ਸਰਹੱਦ ਪਾਰ ਸੂਤਰਾਂ ਨੇ ਇਹ ਵੀ ਦਾਅਵਾ ਕੀਤਾ ਕਿ ਭਾਰਤ ਤੋਂ ਗਿਆ ਇਕ ਹੋਰ ਪ੍ਰਦੀਪ ਸਿੰਘ (ਬਦਲਿਆ ਨਾਂ) ਨਾਮੀ ਨੌਜਵਾਨ ਖਾੜਕੂ ਬੀਤੇ ਦਿਨੀਂ ਆਪਸੀ ਲੜਾਈ ਵਿਚ ਮਾਰਿਆ ਗਿਆ ਸੀ ਅਤੇ ਉਸ ਦੀ ਲਾਸ਼ ਨੂੰ ਲਾਹੌਰ ਦੇ ਸਰਕਾਰੀ ਮੈਆਓ ਹਸਪਤਾਲ ਵਿਚ ਰੱਖਿਆ ਗਿਆ ਹੈ। ਸੂਤਰਾਂ ਮੁਤਾਬਕ ਭਾਰਤੀ ਮੀਡੀਆ ਵਲੋਂ ਰਿੰਦਾ ਦੀ ਕਥਿਤ ਮੌਤ ਦੀਆਂ ਉਡਾਈਆਂ ਅਫ਼ਵਾਹਾਂ ਦੇ ਚਲਦਿਆਂ ਸੁਰੱਖਿਆ ਕਾਰਨਾਂ ਕਰਕੇ ਮਾਰੇ ਗਏ ਨੌਜਵਾਨ ਦਾ ਅਜੇ ਤੱਕ ਅੰਤਿਮ ਸਸਕਾਰ ਨਹੀਂ ਹੋ ਸਕਿਆ । ਰਿੰਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਸਾਬਕਾ ਵਿਦਿਆਰਥੀ ਹੈ। ਹਰਵਿੰਦਰ ਸਿੰਘ ਰਿੰਦਾ ਖ਼ਿਲਾਫ਼ ਚੰਡੀਗੜ੍ਹ ਵਿੱਚ ਚਾਰ ਅਪਰਾਧਿਕ ਮਾਮਲੇ ਦਰਜ ਹਨ। ਦੂਸਰੇ ਪਾਸੇ ਹਰਿੰਦਰ ਸਿੰਘ ਰਿੰਦਾ ਨੇ ਫੇਸਬੁੱਕ ਅਕਾਊਂਟ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਭਾਰਤੀ ਮੀਡੀਆ ਵੱਲੋਂ

(ਬਾਕੀ ਸਫ਼ਾ 31 'ਤੇ)

## ਗੈਂਗਸਟਰ ਗੋਲਡੀ ਬਰਾੜ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ

**ਸਾਡੇ ਕੋਲ ਨਹੀਂ ਰਿੰਦਾ ਬਾਰੇ ਕੋਈ ਜਾਣਕਾਰੀ: ਡੀ.ਜੀ.ਪੀ.**

**ਕਿਹਾ ਕਿ ਖਾੜਕੂ ਫੰਡਿੰਗ ਲਈ ਮੰਚ ਬਣਿਆ ਸੋਸ਼ਲ ਮੀਡੀਆ ਅੰਮ੍ਰਿਤਪਾਲ ਸਿੰਘ ਉਪਰ ਵੀ ਪੰਜਾਬ ਪੁਲਿਸ ਦੀਆਂ ਨਜ਼ਰਾਂ**

ਮਾਨਸਾ/ਏ.ਟੀ.ਨਿਊਜ਼ :- ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਗੈਂਗਸਟਰ ਸਤਿੰਦਰ ਸਿੰਘ ਉਰਫ਼ ਗੋਲਡੀ ਬਰਾੜ ਨੂੰ ਭਾਰਤ ਲਿਆਉਣ ਲਈ ਪੰਜਾਬ ਪੁਲਿਸ ਵੱਲੋਂ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਇਆ ਗਿਆ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਟਵੀਟ ਕਰ ਕੇ ਦੱਸਿਆ ਕਿ ਗੋਲਡੀ ਬਰਾੜ ਅਮਰੀਕਾ ਵਿਚ ਹੈ ਤੇ ਉਸ ਨੂੰ ਭਾਰਤ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਜਾਰੀ ਕਰਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਨੂੰ ਭਾਰਤ ਲਿਆਉਣ ਲਈ ਇੰਟਰਪੋਲ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ।



ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਕਤਲ ਕੇਸ ਤੋਂ ਇਲਾਵਾ ਕਈ ਹੋਰ ਕੇਸਾਂ ਵਿਚ ਵੀ ਪੰਜਾਬ ਸਣੇ ਉੱਤਰੀ ਭਾਰਤ ਦੇ ਕਈ ਰਾਜਾਂ ਨੂੰ ਉਸ ਦੀ ਭਾਲ ਹੈ। ਵੇਰਵਿਆਂ ਮੁਤਾਬਕ ਪੰਜਾਬ ਪੁਲਿਸ ਕੋਲ ਇਹ ਪੱਕੀ ਜਾਣਕਾਰੀ ਹੈ ਕਿ ਸਤਿੰਦਰ ਸਿੰਘ ਗੋਲਡੀ ਬਰਾੜ ਇਸ ਵੇਲੇ ਅਮਰੀਕਾ ਵਿਚ ਹੈ। ਪੰਜਾਬ ਪੁਲੀਸ ਤੇ ਹੋਰ ਰਾਜਾਂ ਦੀ ਪੁਲੀਸ ਲਗਾਤਾਰ ਉਸ ਦੇ ਟਿਕਾਣੇ ਬਾਰੇ ਪਤਾ

(ਬਾਕੀ ਸਫ਼ਾ 31 'ਤੇ)

# ਅਨੰਦਪੁਰ ਸਾਹਿਬ ਦਾ ਮਤਾ ਜਿਸਨੇ ਪੰਜਾਬ ਦਾ ਏਜੰਡਾ ਤੇ ਸਿਆਸਤ ਤੈਅ ਕੀਤੀ

ਜਗਤਾਰ ਸਿੰਘ
ਸੀਨੀਅਰ ਪੱਤਰਕਾਰ






28 ਅਕਤੂਬਰ 2022 ਅਜ਼ਾਦ ਭਾਰਤ ਵਿੱਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 'ਅਨੰਦਪੁਰ ਸਾਹਿਬ ਦਾ ਮਤਾ' ਹੈ। ਕਾਂਗਰਸ ਪਾਰਟੀ ਨੇ ਦਸੰਬਰ 1984 ਦੀਆਂ ਲੋਕ ਸਭਾ ਚੋਣਾਂ 404 ਸੀਟਾਂ ਦੇ ਭਾਰੀ ਬਹੁਮਤ ਨਾਲ ਜਿੱਤੀਆਂ, ਜਿਨ੍ਹਾਂ ਵਿੱਚ ਕਾਂਗਰਸ ਦਾ ਵੋਟ ਪ੍ਰਤੀਸ਼ਤ 49.10 ਸੀ।

ਕਾਂਗਰਸ ਤੋਂ ਬਾਅਦ ਦੂਜੇ ਨੰਬਰ 'ਤੇ ਦੱਖਣੀ ਭਾਰਤ ਵਿੱਚੋਂ 30 ਸੀਟਾਂ ਲੈਣ ਵਾਲੀ ਤੇਲਗੂ ਦੇਸਮ ਪਾਰਟੀ ਰਹੀ ਸੀ। ਕਾਂਗਰਸ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕਰਕੇ ਇਹ ਬਹੁਮਤ ਹਾਸਲ ਕੀਤਾ ਸੀ। ਅਜ਼ਾਦ ਭਾਰਤ ਵਿੱਚ ਸ਼ਾਇਦ ਹੋਰ ਕੋਈ ਲੋਕ ਸਭਾ ਚੋਣ ਕਿਸੇ ਖੇਤਰੀ ਪਾਰਟੀ ਦੇ 'ਪਾਲਿਸੀ ਪ੍ਰੋਗਰਾਮ' 'ਤੇ ਨਹੀਂ ਲੜੀ ਗਈ।

ਅਨੰਦਪੁਰ ਸਾਹਿਬ ਦਾ ਮਤਾ ਸਾਲ 1973 ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਇਆ ਪਾਲਿਸੀ ਪ੍ਰੋਗਰਾਮ ਸੀ, ਜਿਸ 'ਤੇ ਲੋਕ ਸਭਾ ਚੋਣ ਲੜੀ ਗਈ।

ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ 'ਤੇ ਬਲਕਿ ਪੰਜਾਬ ਪੱਧਰ 'ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।ਅਨੰਦਪੁਰ ਸਾਹਿਬ ਦੇ ਮਤੇ ਦਾ ਪਿਛੋਕੜ

ਇਹ ਉਹ ਦੌਰ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀਆਂ ਮੀਟਿੰਗਾਂ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਹੁੰਦੀਆਂ ਸਨ।

ਪਾਰਟੀ ਦੀ ਵਰਕਿੰਗ ਕਮੇਟੀ ਨੇ 11 ਦਸੰਬਰ, 1972 ਨੂੰ ਹੋਈ ਮੀਟਿੰਗ ਵਿੱਚ ਨਵੀਂ ਨੀਤੀ ਯਾਨੀ ਪਾਲਿਸੀ ਪ੍ਰੋਗਰਾਮ ਉਲੀਕਣ ਲਈ ਇੱਕ ਸਬ-ਕਮੇਟੀ ਦਾ ਗਠਨ ਕੀਤਾ ਸੀ।ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇਹ ਅਜਿਹਾ ਪਹਿਲਾ ਕਦਮ ਸੀ। ਇਤਿਹਾਸ ਵਿੱਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ, ਭਾਵੇਂ ਇੱਕ ਵੇਲੇ ਸਿੱਖ ਰਾਜ ਸਤਲੁਜ ਦਰਿਆ ਤੋਂ ਖ਼ੈਬਰ ਦੱਰੇ ਅਤੇ ਤਿੱਬਤ ਤੱਕ ਫੈਲਿਆ ਹੋਇਆ ਸੀ।

ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਦੀ ਮੀਟਿੰਗ ਵਿੱਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ 'ਅਨੰਦਪੁਰ ਸਾਹਿਬ' ਦਾ ਮਤਾ ਕਿਹਾ ਜਾਣ ਲੱਗਾ।ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ 'ਤੇ ਬਲਕਿ ਪੰਜਾਬ ਪੱਧਰ 'ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।

ਇਤਿਹਾਸ ਵਿੱਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ। ਅੰਮ੍ਰਿਤਸਰ ਵਿੱਚ 23 ਦਸੰਬਰ, 1972 ਨੂੰ ਹੋਈ ਅਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ।

ਸ਼੍ਰੋਮਣੀ ਅਕਾਲੀ ਦਲ ਦੁਆਰਾ ਗਠਿਤ ਸਬ-ਕਮੇਟੀ ਦੇ ਮੁਖੀ ਪਾਰਟੀ ਦੇ ਜਨਰਲ ਸਕੱਤਰ ਤੇ ਪੇਸ਼ੇ ਵਜੋਂ ਵਕੀਲ ਸੁਰਜੀਤ ਸਿੰਘ ਬਰਨਾਲਾ ਸੀ। ਮੈਂਬਰਾਂ ਵਿੱਚ ਗੁਰਚਰਨ ਸਿੰਘ ਟੌਹੜਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਤੋਂ ਵੱਧ ਸਮਾਂ ਪ੍ਰਧਾਨ ਰਹੇ), ਜੀਵਨ ਸਿੰਘ ਉਮਰਾਨੰਗਲ, ਸਾਬਕਾ ਮੰਤਰੀ ਗੁਰਮੀਤ ਸਿੰਘ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪ੍ਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਸਾਬਕਾ ਵਿਧਾਇਕ ਭਾਗ ਸਿੰਘ, ਰਿਟਾਇਰਡ ਮੇਜਰ ਜਨਰਲ ਗੁਰਬਖ਼ਸ਼ ਸਿੰਘ ਬੱਧਨੀ ਅਤੇ ਅਮਰ ਸਿੰਘ ਅੰਬਾਲਵੀ ਸ਼ਾਮਿਲ ਸਨ।

ਅੰਮ੍ਰਿਤਸਰ ਵਿੱਚ 23 ਦਸੰਬਰ, 1972 ਨੂੰ ਹੋਈ ਅਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ। ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਗੱਲ-ਬਾਤ ਤੋਂ ਬਾਅਦ ਨਵਾਂ ਨੀਤੀ ਪ੍ਰੋਗਰਾਮ ਤਿਆਰ ਕੀਤਾ ਗਿਆ।ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਮੀਟਿੰਗ ਵਿੱਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ 'ਅਨੰਦਪੁਰ ਸਾਹਿਬ' ਦਾ ਮਤਾ ਕਿਹਾ ਜਾਣ ਲੱਗਾ।

28 ਅਗਸਤ 1977 ਨੂੰ ਅੰਮ੍ਰਿਤਸਰ ਵਿੱਚ ਹੋਈ ਪਾਰਟੀ ਦੇ ਜਨਰਲ ਹਾਊਸ ਦੀ ਮੀਟਿੰਗ ਵਿਚ ਚਰਚਾ ਤੋਂ ਬਿਨ੍ਹਾਂ ਅਪਣਾਏ ਜਾਣ ਤੱਕ ਇਹ ਨੀਤੀ ਪ੍ਰੋਗਰਾਮ ਠੰਡੇ ਬਸਤੇ ਵਿੱਚ ਪਿਆ ਰਿਹਾ।

ਇੱਥੋਂ ਤੱਕ ਕਿ ਜਨਰਲ ਹਾਊਸ ਵੱਲੋਂ ਅਪਣਾਏ ਜਾਣ ਦੇ ਬਾਵਜੂਦ ਇਸ ਨਾਲ ਹਿਲ-ਜੁਲ ਨਹੀਂ ਹੋਈ, ਜਿਸ ਤਰ੍ਹਾਂ ਬਾਅਦ ਦੇ ਸਾਲਾਂ ਵਿਚ ਹੋਈ। ਅਕਾਲੀ ਦਲ ਜੂਨ 1977 ਵਿੱਚ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਵਿੱਚ ਆਇਆ ਸੀ।

ਪੰਜ ਸਾਲ ਬਾਅਦ ਅਨੰਦਪੁਰ ਸਾਹਿਬ ਦੇ ਮਤੇ ਦੇ 'ਰਾਜਸੀ ਨਿਸ਼ਾਨੇ' ਯਾਨੀ ਸਿਆਸੀ ਮੰਤਵ ਨੂੰ ਵੱਖਵਾਦੀ ਅਤੇ ਰਾਸ਼ਟਰ ਵਿਰੋਧੀ ਦੱਸ ਕੇ ਉਦੋਂ ਬਿਰਤਾਂਤ ਸਿਰਜਿਆ ਗਿਆ।

ਜਦੋਂ ਅਕਾਲੀ ਦਲ ਨੇ 4 ਅਗਸਤ, 1982 ਨੂੰ ਸ੍ਰੀ ਅਕਾਲ ਤਖ਼ਤ ਤੋਂ ਸ਼ੁਰੂ ਕੀਤੇ ਧਰਮ-ਯੁੱਧ ਮੋਰਚੇ ਦੀਆਂ ਮੰਗਾਂ ਵਿੱਚ ਇਸ ਨੂੰ ਸ਼ਾਮਲ ਕੀਤਾ। ਉਦੋਂ ਤੱਕ ਪੰਜਾਬ ਦੇ ਸਿਆਸੀ ਪਿੜ ਵਿੱਚ ਖਾੜਕੂਵਾਦ ਨੇ ਪੈਰ ਧਰ ਲਏ ਸਨ।

ਅਨੰਦਪੁਰ ਸਾਹਿਬ ਦੇ ਮਤੇ ਵਿਚ ਅਕਾਲੀ ਨੇ ਜੋ ਉਦੇਸ਼ ਮਿੱਥਿਆ ਸੀ ਉਸਦਾ ਵੇਰਵਾ ਇਸ ਤਰ੍ਹਾਂ ਹੈ : -

> THE
> **ANANDPUR SAHIB**
> RESOLUTION
>
> **The Sikhs demand that an autonomous region in the north of India should be set up forthwith wherein the Sikh interests are constitutionally recognized as the fundamental State policy.**

ਮਤੇ ਵਿੱਚ ਲਿਖਿਆ ਗਿਆ ਹੈ, 'ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ, ਨਿਸ਼ਚਿਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ' ਹੈ।'

ਇਸ ਮਤੇ ਵਿਚ ਅੱਗੇ ਲਿਖਿਆ ਗਿਆ ਹੈ, 'ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।'

ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਸੀ ਜਿਸ ਨੂੰ ਵੱਖਵਾਦੀ ਕਹਿੰਦਿਆਂ ਨਿਸ਼ਾਨਾ ਬਣਾਇਆ ਗਿਆ, ਹਾਲਾਂਕਿ ਇਸ ਵਿਚ ਫੈਡਰਲਿਜ਼ਮ ਦੀ ਗੱਲ ਕੀਤੀ ਗਈ ਸੀ, ਪਰ ਸਿੱਖਾਂ 'ਤੇ ਖਾਸ ਜ਼ੋਰ ਦਿੱਤਾ ਗਿਆ ਸੀ।

ਇਹ ਮਤਾ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿੱਚ ਅਕਾਲੀ ਸਿਆਸਤ ਤੋਂ ਦੂਰ ਹੋ ਗਿਆ। ਇਹ ਮਤਾ ਉਹ ਭੂਗੋਲਿਕ ਖੇਤਰ ਪਰਭਾਸ਼ਿਤ ਕਰਦਾ ਹੈ, ਜੋ ਇਸ ਪੰਜਾਬ ਦਾ ਹਿੱਸਾ ਹੋਣਾ ਸੀ।

ਮਤੇ ਅਨੁਸਾਰ, 'ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਜਾਣਬੁਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿੱਚੋਂ ਡਲਹੌਜ਼ੀ, ਅੰਬਾਲਾ ਜ਼ਿਲੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ, ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ ।'

'ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਦੇ ਹਿਸਾਰ ਜ਼ਿਲ੍ਹੇ ਦੀ ਟੋਹਾਨਾ ਸਬ-ਤਹਿਸੀਲਾਂ, ਰਤੀਆਂ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਸਥਾਨ ਤੇ ਗੰਗਾ ਨਗਰ ਦੇ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ ਅਤੇ ਇਨ੍ਹਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇੱਕੋ ਇੰਤਜ਼ਾਮੀਆ ਇਕਾਈ ਬਣ ਜਾਣ, ਜਿਸ ਵਿੱਚ ਸਿੱਖੀ ਤੇ ਸਿੱਖਾਂ ਦੇ ਹਿਤ ਵਿਸ਼ੇਸ਼ ਸੁਰਖਿਅਤ ਰਹਿਣ।'

ਹਾਲਾਂਕਿ ਇਸ ਮਤੇ ਵਿੱਚ ਪ੍ਰਭਾਸ਼ਿਤ ਫੈਡਰਲਿਜ਼ਮ ਦੇ ਮਾਪਦੰਡ, ਸੂਬਿਆਂ ਦੀ ਖ਼ੁਦਮੁਖਤਿਆਰੀ ਦੇ ਸੰਦਰਭ ਵਿੱਚ ਅਹਿਮ ਹਨ।

ਇਹ ਮਤਾ ਕੇਂਦਰ ਅਤੇ ਸੂਬਿਆਂ ਦੇ ਅਧਿਕਾਰ ਖੇਤਰ ਅੰਦਰ ਖੇਤਰਾਂ ਦੀਆਂ ਹੱਦਾਂ ਪ੍ਰਭਾਸ਼ਿਤ ਕਰਦਾ ਹੈ।

'ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ, ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ।' ਇਨ੍ਹਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿਚ ਆਪਣੇ ਨੁਮਾਇੰਦਿਆ ਦੀ ਗਿਣਤੀ ਦੇ ਤਨਾਸਬ ਅਨੁਸਾਰ ਖ਼ੁਦ ਆਪ ਹੀ ਅਦਾ ਕੀਤਾ ਕਰੇ।'

'ਪੰਜਾਬੋਂ ਬਾਹਰ ਵਸਣ ਵਾਲੀ ਸਿੱਖ ਵਸੋਂ ਅਤੇ ਹੋਰ ਧਾਰਮਿਕ ਘਟ-ਗਿਣਤੀਆਂ ਦੀ ਮੁਅਸਰ ਤਹੱਫ਼ਜ਼ਾਰ (ਸੁਰਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।'

'ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿੱਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।'

ਇਸ ਤਰ੍ਹਾਂ ਇਹ ਮਤਾ 'ਖਾਲਸਾ ਜੀ ਦੇ ਬੋਲ-ਬਾਲੇ' ਦੇ ਸੰਦਰਭ ਵਿਚ ਸਿਰਫ਼ ਫੈਡਰਲ ਢਾਂਚੇ ਦੀ ਮਜ਼ਬੂਤੀ ਅਤੇ ਸੂਬੇ ਦੀ ਖ਼ੁਦਮੁਖਤਿਆਰੀ ਦੀ ਗੱਲ ਕਰਦਾ ਹੈ, ਜੋ ਕਿ ਮਦਰਾਸ (ਅੱਜ ਕੱਲ੍ਹ ਤਾਮਿਲਨਾਡੂ) ਸੂਬੇ ਦੀ ਵੀ ਮੰਗ ਰਹੀ ਹੈ।ਦਿਲਚਸਪ ਗੱਲ ਇਹ ਹੈ ਕਿ, ਆਰਥਿਕ ਨੀਤੀ ਸਬੰਧੀ ਇਸ ਮਤੇ ਦੇ ਹਿੱਸੇ ਸਮਕਾਲੀ ਵੇਲਿਆਂ ਦੇ ਸੰਦਰਭ ਵਿੱਚ ਅਗਾਂਹਵਧੂ ਸੀ, ਸ਼੍ਰੋਮਣੀ ਅਕਾਲੀ ਦਲ ਦੇ ਸਮਾਜਿਕ ਭਲਾਈ ਸਟੇਟ ਵਜੋਂ ਦਾਰਸ਼ਨਿਕਤਾ 'ਤੇ ਚਾਨਣ ਪਾਉਂਦੇ ਸੀ।ਮਤੇ ਦੇ ਇਸ ਹਿੱਸੇ ਬਾਰੇ ਜ਼ਿਆਦਾ ਚਰਚਾ ਨਹੀਂ ਹੋਈ ਹੈ। ਉਸ ਵੇਲੇ ਪੈਦਾ ਹੋ ਰਹੇ ਹਾਲਾਤ ਦੇ ਸੰਦਰਭ ਵਿੱਚ ਇਸ ਦਿਸ਼ਾ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਇਹ ਮੰਨਦਾ ਹੈ ਕਿ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਅਮੀਰ ਅਤੇ ਗਰੀਬ ਵਿਚਾਲੇ ਦਾ ਵਧ ਰਿਹਾ ਅੰਤਰ ਘਟਾਇਆ ਜਾਵੇ। ਹਾਲਾਂਕਿ, ਪਾਰਟੀ ਦੀ ਇਹ ਰਾਏ ਹੈ ਕਿ ਪਹਿਲੀ ਸੱਟ ਵਿੱਤੀ ਤਾਕਤ ਦੀ ਲਗਾਮ ਧੱਕੇ ਨਾਲ ਆਪਣੇ ਹੱਥਾਂ ਵਿੱਚ ਫੜੀ ਬੈਠੇ ਧਨਾਢਾਂ 'ਤੇ ਹੋਵੇ।

ਪੇਂਡੂ ਖੇਤਰਾਂ ਵਿੱਚ ਅਕਾਲੀ ਦਲ ਕਮਜ਼ੋਰ ਵਰਗਾਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਭੌਂ-ਰਹਿਤ ਲੋਕਾਂ, ਮਜ਼ਦੂਰਾਂ ਅਤੇ ਗਰੀਬ ਤੇ ਮੱਧ ਵਰਗੀ ਕਿਸਾਨਾਂ ਦੀ ਮਦਦ ਲਈ ਦ੍ਰਿੜ੍ਹ ਹੈ।

ਇਸ ਮੰਤਵ ਲਈ, ਭੌਂ-ਸੁਧਾਰਾਂ ਦੀ ਵਕਾਲਤ ਕਰਦਾ ਹੈ, ਜਿਨ੍ਹਾਂ ਮੁਤਾਬਕ ਹੱਦਬੰਦੀ ਨੂੰ 30 ਏਕੜ ਪ੍ਰਤੀ ਪਰਿਵਾਰ ਦੇ ਲਿਹਾਜ਼ ਨਾਲ ਪੱਕਾ ਨਿਯਤ ਕੀਤਾ ਜਾਵੇ ਅਤੇ ਵਾਧੂ ਜ਼ਮੀਨ ਗਰੀਬ ਕਿਸਾਨਾਂ ਵਿੱਚ ਵੰਡੀ ਜਾਵੇ।

ਅਕਾਲੀ ਦਲ ਦਾ ਮੰਤਵ ਹਰ ਕਿਸੇ ਲਈ ਰੁਜ਼ਗਾਰ ਮੁਹੱਈਆ ਕਰਵਾਉਣਾ, ਸਭ ਲਈ ਭੋਜਨ ਤੇ ਕੱਪੜੇ ਅਤੇ ਰਹਿਣ ਨੂੰ ਘਰ, ਅਨੁਕੂਲ ਆਵਾਜਾਈ ਅਤੇ ਇਕ ਚੰਗੇ ਜੀਵਨ ਲਈ ਲੋੜਾਂ ਪੂਰੀਆਂ ਕਰਨ ਲਈ ਸਾਧਨ ਤਿਆਰ ਕਰਨੇ, ਜਿਨ੍ਹਾਂ ਬਿਨ੍ਹਾਂ ਜ਼ਿੰਦਗੀ ਅਧੂਰੀ ਹੈ।ਇਹ ਮਤਾ ਪੂਰੇ ਰੁਜ਼ਗਾਰ ਅਤੇ ਬੇਰੁਜ਼ਗਾਰਾਂ ਦੇ ਹਰ ਵਰਗ ਲਈ ਭੱਤੇ, 65 ਸਾਲ ਤੋਂ ਵਧ ਉਮਰ ਵਾਲਿਆਂ ਦੀ ਬੁਢਾਪਾ ਪੈਨਸ਼ਨ, ਵਿਗਿਆਨ ਅਤੇ ਤਕਨੀਕੀ ਸਿੱਖਿਆ ਤੇ ਖਾਸ ਧਿਆਨ ਨਾਲ ਦਸਵੀਂ ਜਮਾਤ ਤੱਕ ਮੁਫ਼ਤ ਤੇ ਲਾਜ਼ਮੀ ਸਿੱਖਿਆ ਤੇ ਜ਼ੋਰ ਦਿੰਦਾ ਹੈ।

ਅਨੰਦਪੁਰ ਸਾਹਿਬ ਮਤਾ ਤੇ ਭਿੰਡਰਾਂਵਾਲੇ ਦਾ ਏਜੰਡਾ

ਖਾੜਕੂ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਮਤੇ ਨੂੰ ਆਪਣੇ ਏਜੰਡੇ ਵਜੋਂ ਇਹ ਕਹਿੰਦਿਆਂ ਅਪਣਾਇਆ ਸੀ ਕਿ ਇਹ ਮੰਗਾਂ ਉਨ੍ਹਾਂ ਦੀਆਂ ਨਹੀਂ, ਅਕਾਲੀ ਦਲ ਦੀਆਂ ਹਨ ਅਤੇ ਉਹ ਦੇਖਣਗੇ ਕਿ ਪਾਰਟੀ ਸਰਕਾਰ ਨਾਲ ਸਮਝੌਤਾ ਕਰਕੇ ਇਨ੍ਹਾਂ ਮੰਗਾਂ ਤੋਂ ਪਿੱਛੇ ਨਾ ਹਟ ਜਾਵੇ।

ਹਾਲਾਂਕਿ ਉਹ ਇਸ ਮਤੇ ਦੇ ਇੱਕ ਬਿੰਦੂ ਦਾ ਹਵਾਲਾ ਦਿੰਦਿਆਂ ਲੋਕਾਂ ਨੂੰ ਹਥਿਆਰਬੰਦ ਹੋਣ ਲਈ ਕਹਿੰਦੇ ਸੀ ਅਤੇ ਪੁਲਿਸ ਦੇ ਲਾਈਸੈਂਸ ਬਾਰੇ ਪੁੱਛਣ 'ਤੇ ਇਹ ਮਤਾ ਦਿਖਾਉਣ ਲਈ ਕਹਿੰਦੇ ਸੀ।

ਮਤੇ ਦਾ ਉਹ ਬਿੰਦੂ ਕਹਿੰਦਾ ਹੈ, 'ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤ੍ਰੀ ਜਾਂ ਪੁਰਸ਼ ਲਈ ਜਿਸ ਨੂੰ ਕਿਸੇ ਇਖ਼ਲਾਕੀ ਜੁਰਮ ਵਿਚ ਅਦਾਲਤ ਵੱਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ।"ਛੋਟੇ ਸ਼ਸਤਰ ਰਿਵਾਲਵਰ, ਬੰਦੂਕਾਂ, ਪਿਸਤੌਲ, ਰਾਈਫ਼ਲ ਤੇ ਕਾਰਬਾਈਨ ਆਦਿ ਰੱਖਣ ਦੀ (ਬਾਕੀ ਸਫ਼ਾ 31 'ਤੇ)

# ਪੰਜਾਬ ਉਪਰ ਆਰਥਿਕ ਸੰਕਟ ਮੰਡਰਾਇਆ, ਘਾਟੇ ਵਿਚ ਜਨਤਕ ਅਦਾਰੇ

ਡਾ. ਬਿਕਰਮ ਸਿੰਘ ਵਿਰਕ



ਕਿਸੇ ਵੀ ਸੂਬਾ ਸਰਕਾਰ ਨੂੰ ਪ੍ਰਾਪਤ ਹੋਣ ਵਾਲੇ ਮਾਲੀਏ ਦਾ ਇਕ ਵੱਡਾ ਹਿੱਸਾ ਗੈਰ-ਕਰ ਸੋਮਿਆਂ ਤੋਂ ਹਾਸਲ ਹੁੰਦਾ ਹੈ, ਜਿਸ ਬਾਬਤ ਪਹਿਲਾਂ ਇਕ ਲੇਖ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ। ਗੈਰ-ਕਰ ਸੋਮਿਆਂ ਵਿਚੋਂ ਵੀ ਬਹੁਤ ਸਾਰਾ ਮਾਲੀਆ ਸੂਬੇ ਵਲੋਂ ਚਲਾਏ ਜਾ ਰਹੇ ਜਨਤਕ ਅਦਾਰਿਆਂ ਤੋਂ ਹੋਣ ਵਾਲੇ ਮੁਨਾਫੇ, ਉਨ੍ਹਾਂ ਨੂੰ ਦਿੱਤੇ ਗਏ ਕਰਜ਼ 'ਤੇ ਵਿਆਜ ਅਤੇ ਲਾਭਾਂਸ਼ (dividend) ਆਦਿ ਤੋਂ ਹੁੰਦਾ ਹੈ। ਕਈ ਸਨਅਤੀ ਸੂਬਿਆਂ ਜਿਵੇਂ ਕਿ ਹਰਿਆਣਾ, ਗੁਜਰਾਤ, ਮਹਾਰਾਸ਼ਟਰ ਅਤੇ ਕੁਝ ਦੱਖਣ ਭਾਰਤ ਦੇ ਸੂਬਿਆਂ ਨੂੰ ਇਨ੍ਹਾਂ ਜਨਤਕ ਇਕਾਈਆਂ ਤੋਂ ਕਾਫੀ ਮਾਲੀਆ ਹਾਸਲ ਹੁੰਦਾ ਹੈ। ਪ੍ਰੰਤੂ ਜੇਕਰ ਇਸ ਮਾਮਲੇ ਵਿਚ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਸ ਦੇ ਬਹੁਤ ਸਾਰੇ ਜਨਤਕ ਅਦਾਰਿਆਂ ਦੀ ਹੋਂਦ ਕੇਵਲ ਕਾਗਜ਼ਾਂ ਵਿਚ ਹੀ ਹੈ ਅਤੇ ਜੋ ਥੋੜ੍ਹੇ ਬਹੁਤ ਚੱਲ ਰਹੇ ਹਨ, ਉਨ੍ਹਾਂ ਨੂੰ ਵੀ ਕੋਈ ਖਾਸ ਮੁਨਾਫਾ ਨਹੀਂ ਹੋ ਰਿਹਾ, ਜਿਸ ਕਾਰਨ ਸਰਕਾਰ ਨੂੰ ਇਨ੍ਹਾਂ ਤੋਂ ਨਾਮਾਤਰ ਹੀ ਮਾਲੀਆ ਪ੍ਰਾਪਤ ਹੋ ਰਿਹਾ ਹੈ। ਕੁਝ ਅਜਿਹੀ ਹਾਲਤ ਹੀ ਸੂਬੇ ਵਿਚਲੇ ਸਹਿਕਾਰਤਾ ਖੇਤਰ ਨਾਲ ਸੰਬੰਧਿਤ ਅਦਾਰਿਆਂ ਦੀ ਵੀ ਹੈ, ਜਿਨ੍ਹਾਂ ਦਾ ਵੱਡਾ ਨਾਂਅ ਹੈ ਅਤੇ ਕਈ ਸਾਰੇ ਵੱਡੇ ਬਰਾਂਡ ਵੀ ਹਨ ਅਤੇ ਉਤਪਾਦਾਂ ਦੀ ਬਹੁਤ ਜ਼ਿਆਦਾ ਮੰਗ ਹੈ। ਪ੍ਰੰਤੂ ਵਿੱਤੀ ਕਾਰਗੁਜ਼ਾਰੀ ਦੇ ਮਾਮਲੇ 'ਚ ਇਹ ਘਾਟੇ ਵਿਚ ਹੀ ਹਨ।

ਕਿਸੇ ਵੀ ਸੂਬੇ ਦੀਆਂ ਜਨਤਕ ਇਕਾਈਆਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਸਰਕਾਰੀ ਕੰਪਨੀਆਂ, ਸਟੈਚੂਟਰੀ ਕਾਰਪੋਰੇਸ਼ਨਜ਼ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ। ਤਕਨੀਕੀ ਤੌਰ 'ਤੇ ਸਰਕਾਰੀ ਕੰਪਨੀ ਉਹ ਹੁੰਦੀ ਹੈ, ਜਿਸ ਵਿਚ ਕਿ ਘੱਟੋ-ਘੱਟ 51 ਫੀਸਦੀ ਹਿੱਸੇਦਾਰੀ ਸਰਕਾਰ ਦੀ ਹੋਵੇ। ਇਨ੍ਹਾਂ ਕੰਪਨੀਆਂ ਅਤੇ ਕਾਰਪੋਰੇਸ਼ਨਜ਼ ਦਾ ਆਡਿਟ ਕੈਗ ਵਲੋਂ ਕੀਤਾ ਜਾਂਦਾ ਹੈ। ਕੈਗ ਦੀ ਸਾਲ 2020-21 ਦੀ ਆਡਿਟ ਰਿਪੋਰਟ ਅਨੁਸਾਰ 31 ਮਾਰਚ, 2021 ਨੂੰ ਪੰਜਾਬ ਵਿਚ ਕੁਲ 49 ਜਨਤਕ ਅਦਾਰੇ ਸਨ, ਜਿਨ੍ਹਾਂ ਵਿਚ 42 ਸਰਕਾਰੀ ਕੰਪਨੀਆਂ, 4 ਸਟੈਚੂਟਰੀ ਕਾਰਪੋਰੇਸ਼ਨਾਂ ਅਤੇ 3 ਸਰਕਾਰ ਦੇ ਕੰਟਰੋਲ ਅਧੀਨ ਚੱਲ ਰਹੀਆਂ ਹੋਰ ਕੰਪਨੀਆਂ ਸਨ। ਸਰਕਾਰੀ ਕੰਪਨੀਆਂ ਵਿਚੋਂ ਇਸ ਵਕਤ 16 ਕੋਈ ਵੀ ਕੰਮ-ਕਾਰ ਨਹੀਂ ਕਰ ਰਹੀਆਂ ਅਤੇ ਇਨ੍ਹਾਂ ਵਿਚੋਂ 4 ਨੂੰ ਖ਼ਤਮ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਬਾਕੀ 12 ਦੀ ਹੋਂਦ ਵੀ ਮਹਿਜ਼ ਕਾਗਜ਼ਾਂ ਵਿਚ ਹੀ ਹੈ। ਬੰਦ ਪਈਆਂ 16 ਕੰਪਨੀਆਂ ਵਿਚ ਪੰਜਾਬ ਸਰਕਾਰ ਦੀ 23 ਕਰੋੜ ਰੁਪਏ ਦੀ ਪੂੰਜੀ ਅਤੇ 34 ਕਰੋੜ ਰੁਪਏ ਦੇ ਕਰਜ਼ੇ ਹਨ। ਇੰਜ ਇਨ੍ਹਾਂ ਵਿਚ ਲੱਗਿਆ ਇਹ 57 ਕਰੋੜ ਰੁਪਈਆ ਡੁੱਬ ਚੁੱਕਾ ਹੈ। ਬਾਕੀ ਦੀਆਂ ਚੱਲ ਰਹੀਆਂ 33 ਜਨਤਕ ਇਕਾਈਆਂ ਵਿਚ ਕੁੱਲ 69,037 ਕਰੋੜ ਰੁਪਏ ਪੂੰਜੀ ਅਤੇ ਕਰਜ਼ੇ ਦੇ ਰੂਪ ਵਿਚ ਲੱਗੇ ਹੋਏ ਹਨ, ਜਿਸ ਵਿਚੋਂ 23,314 ਕਰੋੜ ਰੁਪਏ ਪੂੰਜੀ ਦੇ ਰੂਪ ਵਿਚ ਅਤੇ 25,404 ਕਰੋੜ ਰੁਪਏ ਲੰਬੀ ਮਿਆਦ ਦੇ ਕਰਜ਼ੇ ਦੇ ਰੂਪ ਵਿਚ ਪੰਜਾਬ ਸਰਕਾਰ ਦੇ ਹਨ। ਦੂਸਰੇ ਲਫਜ਼ਾਂ ਵਿਚ ਇਨ੍ਹਾਂ ਕੰਪਨੀਆਂ ਵਿਚ ਲੱਗੀ ਪੂੰਜੀ ਅਤੇ ਕਰਜ਼ ਵਿਚ 71 ਫੀਸਦੀ ਦੇ ਕਰੀਬ ਹਿੱਸਾ ਪੰਜਾਬ ਸਰਕਾਰ ਦਾ ਹੈ।

ਹੁਣ ਜੇਕਰ ਇਨ੍ਹਾਂ ਜਨਤਕ ਇਕਾਈਆਂ ਦੀ ਕਾਰਗੁਜ਼ਾਰੀ 'ਤੇ ਨਿਗ੍ਹਾ ਮਾਰੀ ਜਾਵੇ ਤਾਂ ਸਾਲ 2020-21 ਦੀ ਕੈਗ ਰਿਪੋਰਟ ਅਨੁਸਾਰ ਕੇਵਲ 13 ਇਕਾਈਆਂ ਨੇ ਹੀ ਮੁਨਾਫਾ ਕਮਾਇਆ ਅਤੇ ਬਾਕੀ ਸਭ ਘਾਟੇ ਵਿਚ ਚੱਲ ਰਹੀਆਂ ਸਨ। ਸਾਲ 2019-20 ਵਿਚ ਮੁਨਾਫਾ ਕਮਾਉਣ ਵਾਲੀਆਂ ਜਨਤਕ ਇਕਾਈਆਂ ਦੀ ਗਿਣਤੀ 10 ਸੀ। ਸਾਲ 2020-21 ਵਿਚ ਇਨ੍ਹਾਂ 13 ਜਨਤਕ ਇਕਾਈਆਂ ਨੇ ਕੁੱਲ 1820 ਕਰੋੜ ਰੁਪਏ ਦੇ ਕਰੀਬ ਮੁਨਾਫਾ ਕਮਾਇਆ, ਜਿਸ ਵਿਚ 97 ਫੀਸਦੀ ਯੋਗਦਾਨ ਮਹਿਜ਼ ਤਿੰਨ ਇਕਾਈਆਂ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਦਾ ਸੀ। ਬਾਕੀ ਦੀਆਂ 10 ਜਨਤਕ ਇਕਾਈਆਂ ਦਾ ਕੁੱਲ ਕਮਾਏ ਗਏ ਮੁਨਾਫੇ ਵਿਚ ਯੋਗਦਾਨ ਨਾਂਹ ਦੇ ਬਰਾਬਰ ਹੀ ਸੀ।

ਸਰਕਾਰ ਨੂੰ ਹਾਸਲ ਹੋਣ ਵਾਲਾ ਮਾਲੀਆ

ਹੁਣ ਜੇਕਰ ਸਰਕਾਰ ਨੂੰ ਇਨ੍ਹਾਂ ਜਨਤਕ ਇਕਾਈਆਂ ਤੋਂ ਹੋਣ ਵਾਲੀ ਆਮਦਨ ਜਾਂ ਮਾਲੀ ਪ੍ਰਾਪਤੀਆਂ 'ਤੇ ਝਾਤ ਮਾਰੀ ਜਾਵੇ ਤਾਂ ਇਹ ਸਾਫ ਹੋ ਜਾਵੇਗਾ ਕਿ ਸਰਕਾਰ ਦੇ ਏਨੇ ਵੱਡੇ ਨਿਵੇਸ਼ ਤੋਂ ਪੰਜਾਬ ਸਰਕਾਰ ਨੂੰ ਆਮਦਨ ਬਿਲਕੁਲ ਹੀ ਨਾਮਾਤਰ ਹੋ ਰਹੀ ਹੈ। ਦਸੰਬਰ 2009 ਵਿਚ 13ਵੇਂ ਵਿੱਤ ਕਮਿਸ਼ਨ ਨੇ ਇਹ ਨਿਰਦੇਸ਼ ਜਾਰੀ ਕੀਤੇ ਸਨ ਕਿ ਹਰੇਕ ਜਨਤਕ ਇਕਾਈ ਸਰਕਾਰੀ ਪੂੰਜੀ 'ਤੇ ਘੱਟ ਤੋਂ ਘੱਟ 5 ਫੀਸਦੀ ਡਿਵੀਡੈਂਡ ਜਾਂ ਲਾਭਾਂਸ਼ ਸਰਕਾਰ ਨੂੰ ਦੇਵੇਗੀ। ਇਸ ਅਨੁਸਾਰ ਕੇਵਲ ਦੋ ਜਨਤਕ ਇਕਾਈਆਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵੱਲ ਨਿਵੇਸ਼ ਕੀਤੀ ਗਈ ਪੂੰਜੀ ਅਨੁਸਾਰ 1,116 ਕਰੋੜ ਰੁਪਏ ਲਾਭਾਂਸ਼ ਬਣਦਾ ਸੀ ਪਰ ਇਨ੍ਹਾਂ ਵਲੋਂ ਲਾਭਾਂਸ਼ ਦਾ ਐਲਾਨ ਹੀ ਨਹੀਂ ਕੀਤਾ ਗਿਆ ਜਾਂ ਹੋ ਸਕਦਾ ਹੈ ਕਿ ਸਰਕਾਰ ਨੇ ਪਾਵਰ ਸਬਸਿਡੀ ਦੇ ਇਵਜ਼ ਵਿਚ ਇਹ ਕਟਵਾ ਦਿੱਤਾ ਹੋਵੇ। ਮੁਨਾਫੇ ਵਾਲੀਆਂ 13 ਜਨਤਕ ਇਕਾਈਆਂ ਵਿਚੋਂ ਮਹਿਜ਼ ਤਿੰਨ ਦੁਆਰਾ ਹੀ ਲਾਭਾਂਸ਼ ਪੰਜਾਬ ਸਰਕਾਰ ਨੂੰ ਦਿੱਤਾ ਗਿਆ ਅਤੇ ਸਾਲ 2020-21 ਲਈ ਇਹ ਮਾਤਰ 3 ਕਰੋੜ 88 ਲੱਖ ਰੁਪਏ ਸੀ। ਇੰਜ ਕੋਈ ਸਾਢੇ ਤੇਈ ਹਜ਼ਾਰ ਕਰੋੜ ਰੁਪਏ ਦੀ ਪੂੰਜੀ ਦੇ ਇਵਜ਼ ਵਿਚ ਮਿਲਣ ਵਾਲੇ ਇਸ ਲਾਭਾਂਸ਼ ਨੂੰ ਵੇਖਿਆ ਜਾਵੇ ਤਾਂ ਇਹ ਕੁਝ ਵੀ ਨਹੀਂ। ਇਸ ਤੋਂ ਇਲਾਵਾ ਇਨ੍ਹਾਂ ਜਨਤਕ ਇਕਾਈਆਂ ਵਲੋਂ ਸਰਕਾਰ ਤੋਂ ਅਤੇ ਹੋਰ ਸੋਮਿਆਂ ਤੋਂ ਜੋ ਕਰਜ਼ੇ ਲੈ ਰੱਖੇ ਹਨ, ਬਹੁਤੀਆਂ ਤਾਂ ਉਨ੍ਹਾਂ ਉਪਰਲਾ ਵਿਆਜ ਵੀ ਮੋੜਨ ਦੀ ਸਥਿਤੀ ਵਿਚ ਨਹੀਂ ਹਨ। ਇਸ ਬਾਬਤ ਇਕ ਮਾਪਦੰਡ ਵਿਆਜ ਕਵਰੇਜ

(ਬਾਕੀ ਸਫ਼ਾ 31 'ਤੇ)

# ਆਪ ਦਾ ਦਿੱਲੀ ਮਾਡਲ ਫੇਲ੍ਹ, ਗੁੰਡਾ ਰਾਜ ਤੇ ਭ੍ਰਿਸ਼ਟ ਪ੍ਰਬੰਧ ਜਾਰੀ

ਬਲਜੀਤ ਸਿੰਘ ਗਿੱਲ

ਸੱਤਾ ਵਿਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਇਸ ਕਦਰ ਭਰਮਾ ਲਿਆ ਕਿ ਸਰਕਾਰ ਬਣਦੇ ਸਾਰ ਤੁਹਾਡੀ ਜ਼ਿੰਦਗੀ ਨੂੰ ਚਾਰ ਚੰਨ ਲੱਗ ਜਾਣਗੇ। ਪੰਜਾਬ ਇਕ ਅਜਿਹਾ ਸੂਬਾ ਹੈ, ਜਿਹੜਾ ਵੀ ਇੱਥੇ ਖੈਰ ਮੰਗਣ ਆਉਂਦਾ ਹੈ ਉਸ 'ਤੇ ਕ੍ਰਿਪਾ ਤਾਂ ਜ਼ਰੂਰ ਕਰਦਾ ਹੈ ਪਰ ਬਾਅਦ ਵਿਚ ਜਿਹੜਾ ਵੀ ਬੰਦਾ ਜਾਂ ਸਰਕਾਰ ਆਸ਼ਾ 'ਤੇ ਖਰ੍ਹਾ ਨਹੀ ਉੱਤਰਦਾ, ਉਸ ਨਾਲ ਕੀ ਹੁੰਦਾ ਹੈ, ਇਹ ਇਤਿਹਾਸ ਦੇ ਪੰਨੇ ਦੇਖੇ ਜਾ ਸਕਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਸਕੂਲਾਂ ਅਤੇ ਹਸਪਤਾਲਾਂ ਰਾਹੀਂ ਬਿਹਤਰ ਸੇਵਾਵਾਂ ਦੇਣ ਦੀ ਗੱਲ ਕੀਤੀ ਸੀ। ਲੋਕਾਂ ਨੂੰ ਲੱਗਿਆ ਕਿ ਸ਼ਾਇਦ ਸੰਭਵ ਹੋਵੇਗਾ, ਕਿਉਂਕਿ ਲੋਕਾਂ ਦੇ ਅਚੇਤ ਮਨ ਵਿਚ ਇਹ ਗੱਲ ਵੱਸ ਚੁੱਕੀ ਸੀ ਕਿ ਰਵਾਇਤੀ ਪਾਰਟੀਆਂ ਨਵਾਂ ਸੋਚਣ ਦੇ ਸਮਰੱਥ ਨਹੀਂ ਹਨ, ਸਿਰਫ ਆਮ ਆਦਮੀ ਪਾਰਟੀ ਹੀ ਪੰਜਾਬ ਦਾ ਭਲਾ ਕਰ ਸਕਦੀ ਹੈ। ਸੋਸ਼ਲ ਮੀਡੀਆ ਨੇ ਪੰਜਾਬ ਦੇ ਲੋਕਾਂ ਦੀ ਸੋਚ ਬਦਲਣ ਵਿਚ ਕਾਫੀ ਵੱਡਾ ਯੋਗਦਾਨ ਪਾਇਆ। ਆਮ ਆਦਮੀ ਪਾਰਟੀ ਸੋਸ਼ਲ ਮੀਡੀਆ ਦੇ ਸਹਾਰੇ ਦਿੱਲੀ ਵਿਚ ਵੀ ਤੀਸਰੀ ਵਾਰ ਸਰਕਾਰ ਬਣਾ ਚੁੱਕੀ ਹੈ।

ਦਿੱਲੀ ਵਿਚ ਕੋਈ ਵੀ ਨਵਾਂ ਸਕੂਲ, ਕਾਲਜ ਜਾਂ ਹਸਪਤਾਲ ਨਹੀਂ ਬਣਿਆ, ਸਿਰਫ ਮਸ਼ਹੂਰੀਆਂ ਦੇ ਯੋਗਦਾਨ ਨਾਲ ਬੁੱਤਾ ਸਾਰਿਆ ਜਾ ਰਿਹਾ ਹੈ। ਕੋਰੋਨਾ ਦੇ ਸਮੇਂ ਦਿੱਲੀ ਸਰਕਾਰ ਇਲਾਜ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਕਿਉਂਕਿ ਅਬਾਦੀ ਦੇ ਹਿਸਾਬ ਨਾਲ ਡਾਕਟਰਾਂ ਤੇ ਹਸਪਤਾਲਾਂ ਦੀ ਘਾਟ ਕਾਰਨ ਮਰੀਜ਼ਾਂ ਨੂੰ ਦੂਜੇ ਸੂਬਿਆਂ ਵੱਲ ਜਾਣਾ ਪਿਆ। ਪੰਜਾਬ ਵਿਚ ਸਿਹਤ ਮੰਤਰੀ ਨੇ ਜਿਸ ਤਰ੍ਹਾਂ ਫ਼ਰੀਦ ਯੂਨੀਵਰਸਿਟੀ, ਫ਼ਰੀਦਕੋਟ ਦੇ ਵਾਈਸ ਚਾਂਸਲਰ ਨਾਲ ਵਿਹਾਰ ਕੀਤਾ, ਉਸ ਨੂੰ ਵੀ ਲੋਕਾਂ ਨੇ ਪਸੰਦ ਨਹੀਂ ਕੀਤਾ। ਮਹੱਲਾ ਕਲੀਨਕ ਦਾ ਵੀ ਸੱਚ ਲੋਕਾਂ ਸਾਹਮਣੇ ਆ ਗਿਆ, ਜਿਹੜਾ ਕਿ ਪੰਜਾਬ ਦੇ ਲੋਕਾਂ ਲਈ ਬਹਿਸ਼ਤ/ਸਵਰਗ ਬਣਿਆ ਹੋਇਆ ਸੀ। ਸਰਕਾਰ ਤੋਂ ਹਸਪਤਾਲਾਂ ਦੀਆਂ ਦਵਾਈਆਂ ਦਾ ਬਜਟ ਵੀ ਪੂਰਾ ਰੱਖਿਆ ਨਹੀਂ ਗਿਆ। ਜਿਸ ਕਰਕੇ ਲੋਕ ਹਸਪਤਾਲਾਂ ਤੋਂ ਬਾਹਰ ਤੋਂ ਦਵਾਈਆਂ ਲੈ ਰਹੇ ਹਨ।

ਜਿਥੋਂ ਤੱਕ ਪੰਜਾਬ ਵਿਚ ਸਕੂਲਾਂ ਦੇ ਦਿੱਲੀ ਮਾਡਲ ਦੀ ਗੱਲ ਕੀਤੀ ਗਈ ਸੀ, ਉਸ ਦਾ ਸੱਚ ਵੀ ਪੰਜਾਬ ਦੇ ਲੋਕਾਂ ਅੱਗੇ ਆ ਗਿਆ ਹੈ। ਪੰਜਾਬ ਦੇ ਸਕੂਲਾਂ ਦਾ ਭਾਰਤ ਦੇਸ਼ ਵਿਚ ਪਹਿਲੇ ਨੰਬਰ 'ਤੇ ਆਉਣਾ ਤੇ ਦਿੱਲੀ ਦਾ ਛੇਵੇਂ ਨੰਬਰ 'ਤੇ ਆਉਣਾ ਆਮ ਆਦਮੀ ਪਾਰਟੀ ਦੇ ਲਈ ਨਮੋਸ਼ੀ ਸਹਿਣ ਬਰਾਬਰ ਹੈ ਜਦ ਕਿ ਭਾਰਤ ਵਿਚ ਸਿੱਖਿਆ ਨੂੰ ਅਜੇ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਬਾਕੀ ਰਹੀ ਗੱਲ ਹਰ ਰਾਜ ਵਿਚ ਚੰਗੇ ਸਕੂਲ ਹੁੰਦੇ ਹਨ। ਸਕੂਲਾਂ ਦੇ ਨਾਮ ਤੇ ਪ੍ਰਚਾਰ ਕਰਨਾ ਆਪਣਾ ਜਲੂਸ ਆਪ



ਕਢਵਾਉਣਾ ਹੁੰਦਾ ਹੈ। ਦੇਸ਼ ਦੀ ਦਿੱਲੀ ਰਾਜਧਾਨੀ ਵਿਚ ਜੇ ਸਕੂਲ ਚੰਗੇ ਨਾ ਹੋਣਗੇ ਤਾਂ ਪੂਰੇ ਭਾਰਤ ਦੇਸ਼ 'ਤੇ ਕਲੰਕ ਵਾਲੀ ਗੱਲ ਹੋਵੇਗੀ। ਕਿਉਂਕਿ ਦਿੱਲੀ ਵਿਚ ਭਾਰਤ ਸਰਕਾਰ ਅਤੇ ਦਿੱਲੀ ਸਰਕਾਰ ਦਾ ਪੈਸਾ ਲਗਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪਹਿਲਾਂ ਵੀ ਦਿੱਲੀ ਦੀ ਸਿੱਖਿਆ ਹੋਰ ਰਾਜ ਸਰਕਾਰਾਂ ਨਾਲੋਂ ਬਿਹਤਰ ਸੀ। ਕੇਜਰੀਵਾਲ ਨੇ ਸਕੂਲਾਂ ਅਤੇ ਹਸਪਤਾਲਾਂ ਦਾ ਸ਼ਗੂਫਾ ਛੱਡ ਕੇ ਪੰਜਾਬ ਦੇ ਲੋਕਾਂ ਦੀ ਜ਼ਹਿਨੀਅਤ ਵਿਚ ਨਵੀਂ ਬਿਰਤੀ/ਭਾਵਨਾ/ਉਮੰਗ ਉਜਾਗਰ ਕੀਤੀ, ਪਰ ਹੁਣ ਲੋਕ ਆਪਣੇ ਆਪ ਨੂੰ ਤੇ ਸਰਕਾਰ ਨੂੰ ਕੋਸ ਰਹੇ ਹਨ।

ਲੋਕਾਂ ਦੇ ਤਾਲਮੇਲ ਨੂੰ ਤੇ ਆਪਸੀ ਭਾਈਚਾਰੇ ਦੇ ਮਾਮਲੇ ਵਿਚ ਖ਼ੂਬ ਪ੍ਰਚਾਰ ਕੀਤਾ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੱਥਾਂ ਵਿਚੋਂ ਚੱਲੇਗੀ ਪਰ ਇਹ ਤਾਂ ਵਿਧਾਨ ਸਭਾ ਵਿਚੋ ਵੀ ਚਲਦੀ ਨਜ਼ਰ ਨਹੀਂ ਆ ਰਹੀ। ਅਫਸਰਾਂ ਨੂੰ ਇਹ ਨਹੀਂ ਪਤਾ ਲੱਗ ਰਿਹਾ ਹੈ ਕਿ ਸਰਕਾਰ ਦਾ ਮੁਖੀ ਕੌਣ ਹੈ। ਵਿਧਾਇਕਾਂ ਦਾ ਆਮ ਲੋਕਾਂ ਅਤੇ ਸਰਕਾਰ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਕਿਉਂਕਿ ਅਫਸਰਾਂ ਤੇ ਸਰਕਾਰ ਦੀ ਵਿਚਾਰਧਾਰਾ ਵਿਚ ਕਿਤੇ ਵੀ ਪੰਜਾਬ ਪ੍ਰਤੀ ਮੋਹ ਉਜਾਗਰ ਨਹੀਂ ਹੁੰਦਾ ਜਾਪਦਾ। ਲੋਕ ਕਿਤੇ ਨਾ ਕਿਤੇ ਦਫ਼ਤਰਾਂ ਵਿਚ ਰਿਸ਼ਵਤ ਦੇ ਕੇ ਕੰਮ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ। ਭ੍ਰਿਸ਼ਟ ਅਫਸਰਾਂ ਨੂੰ ਸਰਕਾਰ ਨੱਥ ਪਾਉਣ ਵਿਚ ਕਾਮਯਾਬ ਨਹੀ ਹੋ ਸਕੀ। ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਬਣੀ ਸਰਕਾਰ ਖ਼ੁਦ ਭ੍ਰਿਸ਼ਟਾਚਾਰ ਦੀ ਬਲੀ ਚੜ੍ਹਦੀ ਜਾ ਰਹੀ ਹੈ। ਹਰ ਰੋਜ਼ ਮੰਤਰੀਆਂ ਤੇ ਵਿਧਾਇਕਾਂ ਦੀਆਂ ਭ੍ਰਿਸ਼ਟਾਚਾਰ ਦੀਆਂ ਟੇਪਾਂ ਰਿਕਾਰਡ ਹੋ ਰਹੀਆਂ ਹਨ। ਸਰਕਾਰ ਦਾ ਧਿਆਨ ਦੂਜੇ ਸੂਬਿਆਂ ਦੀਆਂ ਚੋਣਾਂ ਵੱਲ ਜ਼ਿਆਦਾ ਹੋਣ ਕਰਕੇ ਪੰਜਾਬ ਦਾ ਨੁਕਸਾਨ ਹਰ ਪਾਸੇ ਤੋਂ ਹੋ ਰਿਹਾ ਹੈ।

ਰੁਜ਼ਗਾਰ ਦੇ ਮਾਮਲੇ ਵਿਚ ਸਰਕਾਰ ਚਾਹ ਕੇ ਵੀ ਰੁਜ਼ਗਾਰ ਨਹੀਂ ਦੇ ਸਕਦੀ, ਕਿਉਂਕਿ ਰਾਜ ਵਿਚ ਸਨਅਤੀ ਸੈਕਟਰ ਬਹੁਤਾ ਵਿਕਸਿਤ ਨਹੀਂ ਹੈ ਅਤੇ ਸਰਕਾਰੀ ਖੇਤਰ ਵਿਚ ਵੀ ਨੌਕਰੀਆਂ ਸੀਮਤ ਹਨ। ਉਤੋਂ ਸਰਕਾਰ ਕੋਲ ਵਿੱਤੀ ਸਾਧਨ ਨਹੀਂ ਕਿ ਉਹ ਸਾਰੀਆਂ ਖਾਲੀ ਅਸਾਮੀਆਂ ਭਰ ਸਕੇ। ਨੌਜਵਾਨ ਵਰਗ ਨੇ ਇਸ ਆਸ 'ਤੇ ਵੋਟ ਪਾਈ, ਕਿ ਆਮ ਆਦਮੀ ਪਾਰਟੀ ਸਾਡੇ ਦੁੱਖਾਂ ਦੀ ਸਾਨੀ ਬਣੇਗੀ। ਪਰ ਸਰਕਾਰ ਨੇ ਰਵਾਇਤੀ ਪਾਰਟੀਆਂ ਦੇ ਰਿਕਾਰਡ ਤੋੜ ਕੇ ਲਾਠੀਚਾਰਜ ਨੂੰ ਇਕ ਹਥਿਆਰ ਵਜੋਂ ਵਰਤਣ ਤੋਂ ਗੁਰੇਜ਼ ਨਹੀਂ ਕੀਤਾ। ਸਰਕਾਰ ਕੋਲ ਆਮਦਨ ਦੇ ਵਸੀਲੇ ਵੀ ਘੱਟ ਹੋਏ ਹਨ ਕਿਉਂਕਿ ਸਿਸਟਮ ਬਦਲਣ ਦਾ ਦਾਅਵਾ ਕਰਦੀ ਸਰਕਾਰ ਪੂੰਜੀਪਤੀਆਂ ਵਿਚ ਅਪਣਾ ਅਧਾਰ ਕਾਇਮ ਨਹੀ ਰੱਖ ਸਕੀ। ਸਰਕਾਰ ਨੂੰ ਕਰਜ਼ਾ ਚੁਕਾਉਣ ਲਈ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਕੁਦਰਤੀ ਵਸੀਲਿਆਂ ਤੇ ਕਿੱਤਿਆ ਤੋਂ ਵੱਧ ਆਮਦਨ ਪੈਦਾ ਕਰਨ ਦਾ ਸੰਦੇਸ਼ ਦੇਣ ਵਾਲੀ ਸਰਕਾਰ ਰੇਤਾ/ਬਜਰੀ/ਸ਼ਰਾਬ/ਟੈਕਸ ਤੋਂ ਮਾਰ ਖਾਂਦੀ ਨਜ਼ਰ ਆ ਰਹੀ ਹੈ। ਕਿਸ਼ਤਾਂ ਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਨਹੀ ਨਿਕਲ ਰਹੀਆਂ। ਆਮਦਨ ਤੇ ਖ਼ਰਚੇ ਦੇ ਹਿਸਾਬ ਦਾ ਕੋਈ ਅਜੇ ਤੱਕ ਸਰਕਾਰ ਕੋਲ ਕੋਈ ਤੋੜ ਨਹੀਂ ਹੈ। ਪਿਛਲੀ ਸਰਕਾਰ ਤੋਂ ਮਾਲੀਆ ਉਗਰਾਹਿਆ ਨਹੀਂ ਗਿਆ ਸੀ। ਸਮਾਂ ਘੱਟ ਹੋਣ ਕਰਕੇ ਸਰਕਾਰ ਵੀ ਅਜੇ ਤੱਕ ਸੰਭਲ ਨਹੀਂ ਸਕੀ। ਇਸ ਕਰਕੇ ਸਰਕਾਰ ਕੋਲ ਲਾਰੇ ਤੋਂ ਸਿਵਾਏ ਕੋਈ ਚਾਰਾ ਨਹੀਂ।

ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਸੁਰੱਖਿਆ ਦੇ ਮਾਮਲੇ ਵਿਚ ਦੂਜੇ ਸੂਬਿਆਂ ਨਾਲੋਂ ਅਤਿ ਨਾਜ਼ੁਕ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਦੀ ਸਰਕਾਰ ਅਜੇ ਤੱਕ ਅਮਨ ਕਾਨੂੰਨ ਦੀ ਸਥਿਤੀ ਨੂੰ ਸੰਭਾਲਣ ਦੇ ਨਜ਼ਰੀਏ ਤੋਂ ਵੀ ਫੇਲ੍ਹ ਸਾਬਿਤ ਹੋਈ ਹੈ। ਅੱਤਵਾਦੀ ਕਾਰਵਾਈਆਂ ਤੇ ਗੈਂਗਵਾਰਾਂ ਵਿਚ ਨਾਮੀ ਬੰਦੇ ਜਾਨ ਗੁਆ ਚੁੱਕੇ ਹਨ। ਸਰਕਾਰ ਦੀ ਹੋਂਦ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਲੋਕਾਂ ਦਾ ਸਰਕਾਰ ਵਿਚ ਕਿੰਨਾ ਕੁ ਵਿਸ਼ਵਾਸ ਹੈ? ਵੱਡੀਆਂ ਗੱਲਾਂ ਕਰਕੇ ਲੋਕਾਂ ਦਾ ਵਿਸ਼ਵਾਸ ਨਹੀ ਜਿੱਤਿਆ ਜਾ ਸਕਦਾ। ਸੰਗਰੂਰ ਪਾਰਲੀਮੈਂਟ ਦੀ ਚੋਣ ਹਰਨਾ ਪਾਰਟੀ ਦੇ ਇਤਿਹਾਸ ਵਿਚ ਮੀਲ ਪੱਥਰ ਹੈ। ਹਰ ਰੋਜ਼ ਸਰਕਾਰ ਦੇ ਕੰਮਾਂ ਵਿਚ ਅਦਾਲਤਾਂ ਵਲੋਂ ਸਟੇਅ ਤੇ ਸਰਕਾਰ ਦੇ ਪਲਟੀ ਫੈਸਲੇ ਵੀ ਸਰਕਾਰ ਦੀ ਦਿੱਖ ਖ਼ਰਾਬ ਕਰਦੇ ਹਨ। ਬੇਅਦਬੀ, ਬਿਜਲੀ ਮੁਆਫ਼ੀ, ਫਸਲਾਂ ਦੇ ਮੁਆਵਜ਼ੇ, ਅਫਸਰਸ਼ਾਹੀ ਵਿਗਾੜ, ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ, ਔਰਤਾਂ ਨਾਲ ਵਾਅਦੇ ਤੇ ਕੱਚੇ ਮੁਲਾਜ਼ਮ ਪੱਕੇ ਕਰਨੇ ਸਰਕਾਰ ਲਈ ਦੈਂਤ ਵਾਂਗ ਮੂੰਹ ਅੱਡੀ ਖੜ੍ਹੇ ਮਸਲੇ ਹਨ, ਜਿਹੜੇ ਕਿ ਹਾਲੇ ਨੇੜ ਭਵਿੱਖ ਵਿਚ ਹੱਲ ਸੰਭਵ ਨਹੀਂ ਜਾਪਦੇ।

# ਦੁਨੀਆ ਦੇ ਸਭ ਤੋਂ ਵੱਡੇ ਨਿਆਂ ਪ੍ਰਬੰਧ ਦੀ ਉੱਘੀ ਮਿਸਾਲ ਸੀ

# ਸਰਕਾਰ-ਏ-ਖ਼ਾਲਸਾ



ਅਵਤਾਰ ਸਿੰਘ ਅਨੰਦ

ਜੇਕਰ ਸਰਕਾਰ-ਏ-ਖ਼ਾਲਸਾ ਦੇ ਬਾਨੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਗੱਲ ਕੀਤੀ ਜਾਵੇ, ਤਾਂ ਉਸ ਬਾਰੇ ਬੀ.ਬੀ.ਸੀ. ਵਰਲਡ ਹਿਸਟਰੀਜ਼ ਮੈਗਜ਼ੀਨ ਦੇ ਸੰਪਾਦਕ ਮੈਟ ਐਲਟਨ ਲਿਖਦੇ ਹਨ ਕਿ 'ਸਾਡੇ ਪੋਲ ਵਿਚ ਰਣਜੀਤ ਸਿੰਘ ਦੀ ਸ਼ਾਨਦਾਰ ਸਫਲਤਾ ਇਹ ਦਰਸਾਉਂਦੀ ਹੈ ਕਿ ਉਸ ਦੀ ਲੀਡਰਸ਼ਿਪ ਦੇ ਗੁਣ 21ਵੀਂ ਸਦੀ ਵਿਚ ਦੁਨੀਆ ਭਰ ਦੇ ਲੋਕਾਂ ਨੂੰ ਪ੍ਰੇਰਿਤ ਕਰਦੇ ਰਹਿੰਦੇ ਹਨ।'

ਇਸ ਪੋਲ ਵਿਚ ਦੁਨੀਆ ਭਰ ਦੇ ਪੰਜ ਹਜ਼ਾਰ ਵਿਦਵਾਨਾਂ ਨੇ ਹਿੱਸਾ ਲਿਆ, ਜਿਸ ਵਿਚ ਮੈਥਿਊ ਲਾਕਵੁੱਡ, ਮਾਰਗਰੇਟ ਮੈਕਮਿਲਨ ਅਤੇ ਗੁਸਕੈਸਲੀ-ਹੇਫੋਰਡ ਵਰਗੇ ਉੱਘੇ ਇਤਿਹਾਸਕਾਰ ਸ਼ਾਮਿਲ ਸਨ। ਰਣਜੀਤ ਸਿੰਘ ਨੂੰ 38 ਫੀਸਦੀ ਵੋਟਾਂ ਮਿਲੀਆਂ, ਜਦੋਂ ਕਿ ਦੂਜੇ ਨੰਬਰ 'ਤੇ ਰਹਿਣ ਵਾਲੇ ਨੂੰ ਸਿਰਫ਼ 25 ਫ਼ੀਸਦੀ ਵੋਟਾਂ ਮਿਲੀਆਂ। ਸਿਖਰਲੇ 20 ਵਿਚ, ਜੋਨ ਆਫ਼ ਆਰਕ, ਮੁਗ਼ਲ ਸਮਰਾਟ ਅਕਬਰ, ਰੂਸੀ ਮਹਾਰਾਣੀ ਕੈਥਰੀਨ ਦ ਗ੍ਰੇਟ ਅਤੇ ਅਮਰੀਕੀ ਰਾਸ਼ਟਰਪਤੀ ਅਬਰਾਹਮ ਲਿੰਕਨ ਸ਼ਾਮਿਲ ਸਨ।

ਬੀ.ਬੀ.ਸੀ. ਬ੍ਰਿਟਿਸ਼ ਦੀ ਰਿਪੋਰਟ ਮੁਤਾਬਕ ਉਹੋ ਜਿਹਾ ਰਾਜ ਪ੍ਰਬੰਧ ਧਰਤੀ ਦੇ ਕਿਸੇ ਵੀ ਖਿੱਤੇ 'ਚ ਕਿਸੇ ਵੀ ਰਾਜੇ ਨੇ ਨਹੀਂ ਕੀਤਾ। ਆਦਮੀ ਭਾਵੇਂ ਕਿਸੇ ਵੀ ਧਰਮ ਦਾ ਸੀ, ਉਸ ਨੂੰ ਸ਼ੇਰ-ਏ-ਪੰਜਾਬ ਦੇ ਨਾਲ ਕੋਈ ਨਰਾਜ਼ਗੀ ਨਹੀਂ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤਾਂ 'ਤੇ ਆਧਾਰਿਤ ਸੀ। ਉਨ੍ਹਾਂ ਨੇ ਆਪਣੇ ਰਾਜ ਪ੍ਰਬੰਧ ਵਿਚ ਧਰਮ ਨੂੰ ਰੋੜਾ ਨਹੀਂ ਬਣਨ ਦਿੱਤਾ। ਸਿੱਖ ਰਾਜ ਦਾ ਸਭ ਤੋਂ ਮੁੱਖ ਸਿਧਾਂਤ ਸਮਾਜਿਕ ਸਮਾਨਤਾ ਅਤੇ ਧਾਰਮਿਕ ਆਜ਼ਾਦੀ ਸੀ। ਮਹਾਰਾਜਾ ਰਣਜੀਤ ਸਿੰਘ ਇਕ ਮਹਾਨ ਰਾਜਾ ਹੋਣ ਦੇ ਬਾਵਜੂਦ ਸਭ ਤੋਂ ਨਿਮਰ ਸੁਭਾਅ ਦੇ ਮਾਲਕ ਵੀ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿੱਖ ਭਾਵੇਂ ਬਹੁ-ਗਿਣਤੀ ਵਿਚ ਸਨ, ਪਰ ਫਿਰ ਵੀ ਉੱਥੇ ਦੂਜੇ ਧਰਮਾਂ ਨਾਲ ਕੋਈ ਜ਼ਬਰਦਸਤੀ, ਕੋਈ ਜਬਰੀ ਧਰਮ ਪਰਿਵਰਤਨ ਨਹੀਂ ਕੀਤਾ ਗਿਆ। ਸ਼ੇਰ-ਏ-ਪੰਜਾਬ ਦੀ ਪਛਾਣ ਦੂਜੇ ਧਰਮਾਂ ਦੇ ਪਵਿੱਤਰ ਧਾਰਮਿਕ ਸਥਾਨਾਂ ਨੂੰ ਬਰਾਬਰ ਦਾ ਸਤਿਕਾਰ ਦੇਣ ਵਾਲੇ ਰਾਜੇ ਦੇ ਰੂਪ 'ਚ ਕੀਤੀ ਜਾਂਦੀ ਹੈ।

ਵਾਰਾਣਸੀ ਦੇ ਵਿਚ ਇਕ ਮਸ਼ਹੂਰ ਵਿਸ਼ਵਨਾਥ ਕਾਸ਼ੀ ਮੰਦਰ ਵਿਚ ਰਣਜੀਤ ਸਿੰਘ ਨੇ ਲਗਭਗ ਇਕ ਟਨ ਸੋਨਾ ਦਾਨ ਕੀਤਾ ਸੀ, ਜੋ ਕਿ ਵੀ.ਟੀ. ਦੇ ਦੋ ਗੁੰਬਦਾਂ ਨੂੰ ਢਕਣ ਲਈ ਵਰਤਿਆ ਗਿਆ ਸੀ।

ਰਣਜੀਤ ਸਿੰਘ ਨੇ ਹੋਰ ਮੰਦਰਾਂ ਨੂੰ ਵੀ ਜਾਗੀਰਾਂ ਦਿੱਤੀਆਂ। ਜਵਾਲਾਦੇਵੀ ਮੰਦਰ ਦਾ ਛਤਰ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਨੇ ਚੜ੍ਹਾਇਆ ਸੀ। ਪਿਤਾ ਤੋਂ ਬਾਅਦ ਰਣਜੀਤ ਸਿੰਘ ਨੇ ਵੀ ਮੰਦਰ ਨੂੰ ਹੋਰ ਗਰਾਂਟਾਂ ਦਿੱਤੀਆਂ ਸਨ।

ਇਸ ਤੋਂ ਇਲਾਵਾ ਮੁਸਲਮਾਨਾਂ ਦੀਆਂ ਖ਼ਾਨਗਾਹਾਂ, ਪੀਰਾਂ ਦੀਆਂ ਦਰਗਾਹਾਂ ਅਤੇ ਸੂਫ਼ੀ ਸ਼ੇਖਾਂ ਨੂੰ ਗਰਾਂਟਾਂ ਵੀ ਦਿੱਤੀਆਂ। ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਜਿਸ ਵੀ ਖੇਤਰ ਵਿਚ ਜਾਂਦੇ ਤਾਂ ਉਸ ਇਲਾਕੇ ਦੇ ਧਾਰਮਿਕ ਅਸਥਾਨ ਦੇ ਦਰਸ਼ਨ ਕਰਨ ਦੇ ਨਾਲ-ਨਾਲ ਦਾਨ ਵੀ ਕਰਦੇ ਸਨ ।

ਅਜਿਹੇ ਦਾਨ ਦੀਆਂ ਕਈ ਉਦਾਹਰਨਾਂ ਹਨ, ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਰਾਜ ਦੇ ਖ਼ਰਚੇ 'ਤੇ ਬਹੁਤ ਸਾਰੇ ਮੰਦਰ ਅਤੇ ਮਸਜਿਦਾਂ ਬਣਵਾਈਆਂ ਗਈਆਂ। ਲਾਹੌਰ ਵਿਚ ਮਾਈ ਮੋਰਾ ਦੀ ਮਸਜਿਦ ਇਸ ਦੀ ਇਕ ਮਿਸਾਲ ਹੈ।

ਸ਼ੇਰ-ਏ-ਪੰਜਾਬ ਨੂੰ ਜਿੱਥੇ ਕਿਤੇ ਵੀ ਪ੍ਰਤਿਭਾਵਾਨ ਵਿਅਕਤੀ ਲੱਭਦਾ ਸੀ, ਉਸ ਨੂੰ ਆਪਣੀ ਖ਼ਾਲਸਾ ਫ਼ੌਜ 'ਚ ਭਰਤੀ ਕਰ ਲਿਆ ਜਾਂਦਾ। ਉਹ ਚਾਹੇ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਵੇ ਇਹ ਕੋਈ ਮਾਇਨੇ ਨਹੀਂ ਸੀ ਰੱਖਦਾ। ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਭਰੋਸੇਮੰਦ ਵਜ਼ੀਰ ਫ਼ਕੀਰ ਅਜ਼ੀਜ਼-ਉਦ-ਦੀਨ ਇਕ ਮੁਸਲਮਾਨ ਸੀ।

ਸਿੱਖ ਰਾਜ ਵਿਚ ਸਾਰੀ ਖ਼ਾਲਸਾ ਫੌਜ ਨੂੰ ਫਰਾਂਸੀਸੀ ਅਤੇ ਇਤਾਲਵੀ ਜਰਨੈਲਾਂ ਦੁਆਰਾ ਸਿਖਲਾਈ ਦਿੱਤੀ ਗਈ ਸੀ। ਵੱਖ-ਵੱਖ ਧਰਮਾਂ ਦੇ ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜ ਵਾਲੇ ਕਲਾਕਾਰ, ਆਰਕੀਟੈਕਟ ਵਿਦਵਾਨ ਸਨ। ਲਾਹੌਰ ਦਰਬਾਰ ਵਿਚ ਹਿੰਦੂ, ਮੁਸਲਮਾਨ, ਸਈਦ ਤੇ ਪਠਾਣ ਵਿਦੇਸ਼ੀ ਅਫ਼ਸਰ ਵੀ ਸਨ। ਸਿੱਖ ਰਾਜ 'ਚ ਵੱਖ-ਵੱਖ ਸਮੇਂ 'ਤੇ ਤਕਰੀਬਨ 60 ਯੂਰਪੀਅਨ ਲੋਕਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਲੇਖਕ ਕਰਤਾਰ ਸਿੰਘ ਦੁੱਗਲ ਆਪਣੀ ਕਿਤਾਬ ਮਹਾਰਾਜਾ 'ਰਣਜੀਤ ਸਿੰਘ, ਦ ਲਾਸਟ ਟੂ ਲੇਅ ਆਰਮਜ਼' ਵਿਚ ਲਿਖਦੇ ਹਨ ਕਿ ਇਕ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼-ਉਦ-ਦੀਨ ਨੂੰ ਕਿਹਾ, 'ਵਾਹਿਗੁਰੂ ਚਾਹੁੰਦਾ ਹੈ ਕਿ ਮੈਂ ਹਰ ਧਰਮ ਨੂੰ ਇਕੋ ਨਜ਼ਰ ਨਾਲ ਵੇਖਾਂ ਇਸ ਲਈ ਉਨ੍ਹਾਂ ਨੇ ਮੈਨੂੰ ਇਕ ਹੀ ਅੱਖ ਦਿੱਤੀ ਹੈ।' ਫ਼ਕੀਰ ਅਜ਼ੀਜ਼-ਉਦ-ਦੀਨ ਅਤੇ ਹੋਰ ਦੂਜੇ ਧਰਮਾਂ ਦੇ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਉੱਚੇ ਅਹੁਦਿਆਂ 'ਤੇ ਸਨ, ਜਿਨ੍ਹਾਂ ਨੂੰ ਲਾਹੌਰ ਦਰਬਾਰ ਵਿਚ ਥਾਂ ਮਿਲੀ ਸੀ। ਦੁੱਗਲ ਅੱਗੇ ਲਿਖਦੇ ਹਨ ਕਿ 'ਮਹਾਰਾਜਾ ਰਣਜੀਤ ਸਿੰਘ ਖ਼ੁਦ ਇਕ ਸ਼ਰਧਾਵਾਨ ਸਿੱਖ ਸਨ ਅਤੇ ਉਨ੍ਹਾਂ ਦੀ ਸ਼ਰਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੀ। ਜੰਗ ਦੇ ਮੈਦਾਨ ਵਿਚ ਵੀ ਹਾਥੀ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਨਾਲ ਲਿਜਾਇਆ ਜਾਂਦਾ ਸੀ।' ਭਾਵੇਂ ਮਹਾਰਾਜਾ ਰਣਜੀਤ ਸਿੰਘ ਗੁਰੂ ਗ੍ਰੰਥ ਸਾਹਿਬ ਨੂੰ ਹੀ ਸਮਰਪਿਤ ਹੋਣ ਦੇ ਬਾਵਜੂਦ ਵੀ ਉਨ੍ਹਾਂ ਦਾ ਝੁਕਾਅ ਇਕ ਧਰਮ ਵਾਸਤੇ ਨਹੀਂ ਦੇਖਿਆ ਗਿਆ, ਉਹ ਆਦਰਸ਼ਵਾਦੀ ਸਨ ਅਤੇ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ।

ਇਕ ਵਾਰ ਮੌਲਵੀ ਨੇ ਆਪਣੀ ਧੀ ਦੇ ਵਿਆਹ ਲਈ ਪੈਸੇ ਨਾ ਹੋਣ ਕਰਕੇ ਹੱਥ ਲਿਖਤ ਕੁਰਾਨ ਜਦੋਂ ਲਾਹੌਰ ਦੀਆਂ ਗਲੀਆਂ 'ਚ ਵੇਚਣ ਦਾ ਹੋਕਾ ਦਿੱਤਾ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅਦਬ ਸਤਿਕਾਰ ਨਾਲ ਕੁਰਾਨ ਉਸ ਮੌਲਵੀ ਕੋਲੋਂ ਲੈ ਲਿਆ ਅਤੇ ਖ਼ਜ਼ਾਨੇ 'ਚੋਂ ਮੂੰਹ ਮੰਗੀ ਮਾਇਆ ਦੇਣ ਲਈ ਆਪਣੇ ਵਜ਼ੀਰ ਨੂੰ ਕਿਹਾ ਸੀ।

**(ਬਾਕੀ ਸਫ਼ਾ 31 'ਤੇ)**

# ਭਾਈ ਮਰਦਾਨਾ ਜੀ ਦਾ ਗੁਰਮਤਿ ਸੰਗੀਤ ਨੂੰ ਯੋਗਦਾਨ



ਅਜੈਪਾਲ ਸਿੰਘ ਚਵਿੰਡਾ
9464265464

ਗੁਰਮਤਿ ਸੰਗੀਤ ਵਿਚ ਭਾਈ ਮਰਦਾਨਾ ਜੀ ਵਾਦਕ ਕੀਰਤਨਕਾਰ ਵੱਜੋਂ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਗੁਰਮਤਿ ਸੰਗੀਤ ਪਰੰਪਰਾ ਮੱਧਕਾਲ ਤੋਂ ਲੈ ਕੇ ਵਰਤਮਾਨ ਕਾਲ ਤੱਕ ਦੇ ਵਿਸਤ੍ਰਿਤ ਪਾਸਾਰੇ ਵਾਲੀ ਵੱਡੀ ਜੀਵੰਤ ਪਰੰਪਰਾ ਹੈ ਜੋ ਆਪਣੇ ਵਿਸ਼ਿਸਟ ਪ੍ਰਬੰਧ ਅਤੇ ਪਾਸਾਰ ਦੀ ਮੌਲਿਕਤਾ ਸਦਕਾ ਭਾਰਤੀ ਸੰਗੀਤ ਦੇ ਸ਼ਾਸਤਰੀ ਬਿਖੜੇ ਬਾਜ਼ੀਆਂ ਤੋਂ ਨਿਰਲੇਪ ਰਹੀ। ਮੱਧਕਾਲੀਨ ਸੰਗੀਤ ਦੇ ਕੁਝ ਮਹੱਤਵਪੂਰਨ ਨਕਸ਼ ਇਸੇ ਪਰੰਪਰਾ ਵਿਚੋਂ ਪ੍ਰਾਪਤ ਹੁੰਦੇ ਹਨ। ਗੁਰਮਤਿ ਸੰਗੀਤ ਵਿਚ ਕੁਝ ਪ੍ਰਯੁਕਤ ਰਾਗ, ਗਾਇਨ ਰੂਪ, ਪ੍ਰਯੁਕਤ ਸਾਜ਼ ਆਦਿ ਵਿਹਾਰਕ ਰੂਪ ਵਿਚ ਇਕ ਵਿਸ਼ਾਲ ਅਮੀਰ ਸੰਗੀਤ ਵਿਰਾਸਤ ਦੇ ਧਾਰਨੀ ਹਨ ਜੋ ਸੀਨ-ਬੱਧ-ਸੀਨ ਸਿਖਲਾਈ ਵਿਵਹਾਰ ਅਤੇ ਨਿਤੱਪ੍ਰਤੀ ਦੀ ਮਰਿਯਾਦਾ ਪਰੰਪਰਾ ਦੇ ਨਿਰੰਤਰ ਰਿਆਜ਼ 'ਚੋਂ ਗੁਜ਼ਰ ਕੇ ਸਾਡੇ ਤੱਕ ਪਹੁੰਚੇ ਹਨ। ਇਸ ਪਰੰਪਰਾ ਨੂੰ ਜੀਵੰਤ ਰੂਪ ਵਿਚ ਕਾਰਜਸ਼ੀਲ ਰੱਖਣ ਵਾਲੇ ਸੰਗੀਤਕਾਰ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਸਤਿਕਾਰ ਤੇ ਸ਼ਲਾਘਾ ਦੇ ਪਾਤਰ ਰਹੇ ਹਨ ਜਿਨ੍ਹਾਂ ਨੂੰ ਭਾਈ ਦੀ ਉੱਚ-ਪਦਵੀ ਪ੍ਰਾਪਤ ਸੀ। ਸਿੱਖ ਧਰਮ ਦੇ ਪ੍ਰਥਮ ਰਬਾਬੀ ਕੀਰਤਨੀਏ ਭਾਈ ਮਰਦਾਨਾ ਜੀ ਨਾਲ ਅਟੁੱਟ ਸਾਂਝ ਅਤੇ ਸਿੱਖ ਧਰਮ ਦੇ ਵਿਚ ਬਾਣੀ ਪ੍ਰਸਤੁਤੀ ਪ੍ਰਚਾਰ ਪਾਸਾਰ ਵਿਚ ਗੁਰਮਤਿ ਸੰਗੀਤ ਦੇ ਇਨ੍ਹਾਂ ਕੀਰਤਨੀ ਪੈਰੋਕਾਰਾਂ ਦਾ ਯੋਗਦਾਨ ਵਿਸ਼ੇਸ਼ ਸਤਿਕਾਰ ਦਾ ਪਾਤਰ ਰਿਹਾ ਹੈ। ਸ਼ਬਦ ਕੀਰਤਨ ਦੁਆਰਾ ਸਦੀਆਂ ਤੋਂ ਗੁਰਸ਼ਬਦ ਸੰਦੇਸ਼ ਦਾ ਨਿਰੰਤਰ ਪ੍ਰਵਾਹ ਚਲਾਉਣ ਵਾਲੇ ਇਹਨਾਂ ਦੁਆਰਾ ਨਿਸ਼ਠਾਵਾਨ ਕੀਰਤਨਕਾਰਾਂ ਦੇ ਜੀਵਨ ਤੇ ਯੋਗਦਾਨ ਤੋਂ ਇਸ ਵਿਹਾਰਕ ਪਰੰਪਰਾ ਦੇ ਜੀਵੰਤ ਨਕਸ਼ ਸਾਡੇ ਸਾਹਮਣੇ ਪ੍ਰਗਟ ਹੁੰਦੇ ਹਨ।

ਗੁਰਮਤਿ ਸੰਗੀਤ ਵਿਚ ਯੋਗਦਾਨ- ਗੁਰਮਤਿ ਸੰਗੀਤ ਵਿਚ ਭਾਈ ਮਰਦਾਨਾ ਜੀ ਦਾ ਵਾਦਕ ਸੰਗੀਤਕਾਰ ਵੱਜੋਂ ਮਹਾਨ ਯੋਗਦਾਨ ਹੈ। ਆਪ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀਨ ਸਨ। ਭਾਈ ਮਰਦਾਨਾ ਜੀ ਦਾ ਨਾਮ ਹਮੇਸ਼ਾ ਤੋਂ ਹੀ ਗੁਰੂ ਨਾਨਕ ਦੇਵ ਜੀ ਨਾਲ ਅਤੇ ਗੁਰਮਤਿ ਸੰਗਤਿ ਨਾਲ ਜੁੜਨ ਕਾਰਨ ਸਤਿਕਾਰ ਨਾਲ ਲਿਆ ਜਾਂਦਾ ਹੈ। ਗੁਰੂ ਜੀ ਨੇ ਸਿੱਖ-ਮਾਰਗੀ ਸੰਗੀਤ ਪੱਧਤੀ ਦਾ ਆਰੰਭ ਕੀਤਾ ਅਤੇ ਸ਼ਬਦ ਕੀਰਤਨ ਦੀ ਪ੍ਰਥਾ ਚਲਾਈ। ਇਸੇ ਕੀਰਤਨ ਪ੍ਰਥਾ ਵਿਚ ਭਾਈ ਮਰਦਾਨਾ ਜੀ ਨੇ ਹਮੇਸ਼ਾ ਆਪਣੇ ਰਬਾਬ ਵਾਦਨ ਨਾਲ ਸੰਗਤ ਕੀਤੀ। ਇਹਨਾਂ ਦੇ ਰਬਾਬ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ। ਭਾਈ ਗੁਰਦਾਸ ਜੀ ਦੀ ਵਾਰ ਵਿਚ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ।

ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ।

ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।

-ਵਾਰ ਪਹਿਲੀ, ਪਉੜੀ ੩੫

ਗੁਰੂ ਜੀ ਵੱਲੋਂ ਭਾਈ ਦੀ ਪਦਵੀ ਦੇਣਾ- ਮਰਦਾਨੇ ਦੀ ਸੰਗੀਤਕ ਪ੍ਰਤਿਭਾ ਨੂੰ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਭਾਈ ਦੀ ਪਦਵੀ ਦਿੱਤੀ। ਇਹੀ ਕਾਰਨ ਹੈ ਕਿ ਬਾਅਦ ਵਿਚ ਇਨ੍ਹਾਂ ਦੇ ਵੰਸ਼ ਵਿਚ ਰਬਾਬ ਵਜਾਉਣ ਵਾਲਿਆਂ ਨੂੰ ਰਬਾਬੀ ਕਿਹਾ ਜਾਣ ਲੱਗਾ ਅਤੇ ਰਬਾਬੀ ਕੀਰਤਨਕਾਰਾਂ ਨੂੰ ਭਾਈ ਸ਼ਬਦ ਨਾਲ ਸੰਬੋਧਨ ਕਰਕੇ ਸਤਿਕਾਰਿਆ ਗਿਆ।

ਗੁਰੂ ਜੀ ਵੱਲੋਂ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾਉਣਾ- ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਸਾਥੀ ਸਨ। ਲੋਕਾਈ ਸੋਧਣ ਲਈ ਜਦੋਂ ਗੁਰੂ ਜੀ ਨੇ ਦੇਸ਼-ਦੇਸ਼ਾਤਰਾਂ ਦੇ ਰਟਨ ਲਈ ਉਦਾਸੀਆਂ ਧਾਰੀਆਂ ਤਾਂ ਆਪ ਜੀ ਨੇ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਚੁਣਿਆ। ਉਹਨਾਂ ਨੇ ਭਾਈ ਮਰਦਾਨਾ ਜੀ ਨੂੰ ਭਾਈ ਫਿਰੰਦਾ ਕੋਲੋਂ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾ ਕੇ ਦਿੱਤ ਜੋ ਪ੍ਰਚਲਿਤ ਰਬਾਬਾਂ ਤੋਂ ਭਿੰਨ ਸੀ। ਗੁਰੂ ਜੀ ਉਦਾਸੀਆਂ ਸਮੇਂ ਜਿਨ੍ਹਾਂ-ਜਿਨ੍ਹਾਂ ਪੈਂਡਿਆਂ ਤੇ ਗਏ ਭਾਈ ਮਰਦਾਨਾ ਹੀ ਸੀ ਜਿਸ ਦੁਆਰਾ ਸਿਰਜਿਆ ਸੰਗੀਤ ਅਤੇ ਪ੍ਰਸਥਿਤੀਆਂ ਲੋਕਾਂ ਨੂੰ ਉਪਦੇਸ਼ ਦੇਣ ਵਿਚ ਸਹਾਈ ਹੋਏ।

ਬਾਣੀ ਵਿਚ ਯੋਗਦਾਨ- ਭਾਈ ਮਰਦਾਨਾ ਜੀ ਆਪਣੇ ਜੀਵਨ ਦੇ ਅੰਤਮ ਸਮੇਂ ਤੱਕ ਗੁਰੂ ਜੀ ਦੇ ਨਾਲ ਰਹਿ ਕੇ ਗੁਰਮਤਿ ਸੰਗੀਤ ਦੀ ਦੁਨੀਆਂ ਵਿਚ ਵਿਚਰਦੇ ਰਹੇ। ਭਾਈ ਮਰਦਾਨਾ ਜੀ ਨੇ ਜਿਥੇ ਰਬਾਬ ਨਾਲ ਗੁਰੂ ਜੀ ਦੇ ਨਾਲ ਸ਼ਬਦ ਗਾਇਨ ਦੀ ਸੰਗਤ ਕੀਤੀ ਉਥੇ ਉਨ੍ਹਾਂ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਾਸਾਰ ਲਈ ਬਾਣੀ ਦੀ ਰਚਨਾ ਵੀ ਕੀਤੀ। ਇਹਨਾਂ ਦੇ ਤਿੰਨ ਸਲੋਕ ਬਿਹਾਗੜੇ ਦੀ ਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜੋ ਨਿਮਨ-ਲਿਖਤ ਹਨ :-

(1) ਸਲੋਕੁ ਮਰਦਾਨਾ ੧

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ।
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥

(2) ਮਰਦਾਨਾ ੧

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥

(3) ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ॥੩॥

ਆਦਿ ਗ੍ਰੰਥ, ਪੰਨਾ ੫੫੩

ਰਬਾਬੀ ਘਰਾਣੇ ਦੀ ਸ਼ੁਰੂਆਤ- ਭਾਈ ਮਰਦਾਨਾ ਜੀ ਤੋਂ ਰਬਾਬੀ ਘਰਾਣੇ ਦੀ ਸ਼ੁਰੂਆਂਤ ਹੋਈ। ਭਾਈ ਮਰਦਾਨੇ ਦੇ ਵੰਸ਼ ਵਿਚ ਅੱਜ ਵੀ ਮਰਦਾਨੇ ਕੇ ਜਾਂ ਰਬਾਬੀ ਕਹਾਉਂਦੇ ਹਨ। ਗੁਰਮਤਿ ਸੰਗੀਤ ਵਿਚ ਭਾਈ ਮਰਦਾਨੇ ਦੀ ਇਹ ਵਡਮੁੱਲੀ ਦੇਣ ਹੈ। ਸਿੱਖ ਗੁਰੂ ਸਾਹਿਬਾਨ ਦੁਆਰਾ ਚਲਾਈ ਗੁਰਮਤਿ ਸੰਗੀਤ ਪਰੰਪਰਾ ਵਿਚ ਭਾਈ ਮਰਦਾਨੇ ਨੂੰ ਆਦਿ ਸੰਗੀਤ ਅਚਾਰੀਆ ਵੱਜੋਂ ਹਮੇਸ਼ਾ ਹੀ ਸਤਿਕਾਰਿਆ ਜਾਂਦਾ ਰਹੇਗਾ। ਭਾਈ ਗੁਰਦਾਸ ਜੀ ਲਿਖਦੇ ਹਨ :-

ਭਲਾ ਰਬਾਬ ਵਜਾਇੰਦਾ ਮਜਲਸ ਮਰਦਨਾ ਮੀਰਾਸੀ।

ਵਾਰ ੧੧, ਪਉੜੀ ੧੩

ਜਦੋਂ ਵੀ ਗੁਰੂ ਨਾਨਕ ਦੇਵ ਜੀ ਨੇ ਜਗਤ-ਉਧਾਰ ਲਈ ਬਾਣੀ ਉਪਦੇਸ਼ ਉਚਾਰਨ ਕਰਨਾ ਹੁੰਦਾ ਤਾਂ ਆਪ ਜੀ ਮਰਦਾਨੇ ਨੂੰ ਸੰਬੋਧਨ ਕਰਕੇ ਕਹਿੰਦੇ ਮਰਦਾਨਿਆ ਰਬਾਬ ਛੇੜ ਬਾਣੀ ਆਈ ਆ। ਮਰਦਾਨਾ ਰਬਾਬ ਵਜਾਉਂਦਾ ਤਾਂ ਗੁਰੂ ਜੀ ਆਪਣੇ ਮੁਖਾਰਬਿੰਦ ਵਿਚੋਂ ਪ੍ਰਭੂ ਕੀਰਤੀ, ਰੱਬੀ ਬਾਣੀ ਦੁਆਰਾ ਕੀਰਤਨ ਕਰਦੇ। ਐਸੇ ਸੁਭਾਗੇ ਸਮੇਂ ਜੀਹਦੇ-ਜੀਹਦੇ ਕੰਨੀ ਵੀ ਕੀਰਤਨ ਦੀਆਂ ਧੁਨਾਂ ਪੈਂਦੀਆਂ ਪੱਥਰ ਦਿਲ ਵੀ ਪ੍ਰਭੂ ਪਿਆਰ ਵਿਚ ਭਿੱਜ ਕੇ ਦ੍ਰਵ ਜਾਂਦਾ, ਪਸ਼ੂ ਪੰਛੀ ਵੀ ਆਪਾ ਭੁਲਾ ਕੇ ਆਪਣਾ ਸੁਭਾ ਤਿਆਗ ਦਿੰਦੇ ਸਨ।

ਉਪਰੋਕਤ ਵਿਚਾਰਧਾਰਾ ਅਨੁਸਾਰ ਭਾਈ ਮਰਦਾਨਾ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਵਿਚ ਆਪਣਾ ਵਿਸ਼ੇਸ਼ ਤੇ ਮਹਾਨ ਯੋਗਦਾਨ ਪਾਇਆ। ਉਨ੍ਹਾਂ ਨੇ ਜਿਥੇ ਬਾਣੀ ਦੀ ਰਚਨਾ ਕੀਤੀ ਉਥੇ ਉਨ੍ਹਾਂ ਨੇ ਰਬਾਬ ਸਾਜ਼ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਵਾਦਕ ਕੀਰਤਨਕਾਰ ਵੱਜੋਂ ਸੰਗਤ ਕਰ ਕੇ ਆਪਣਾ ਵਿਸ਼ੇਸ਼ ਸਥਾਨ ਬਣਾਇਆ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਿਵਸ 'ਤੇ ਵਿਸ਼ੇਸ਼

# ਮਨੁੱਖੀ ਅਧਿਕਾਰਾਂ ਦੇ ਰਾਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਡਾ. ਜਸਪਾਲ ਸਿੰਘ

ਵਿਚਾਰਾਂ ਦੀ ਅਜ਼ਾਦੀ ਤੇ ਵੰਨ-ਸੁਵੰਨਤਾ ਦੀ ਰਾਖੀ ਲਈ ਗੁਰੂ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬੇਮਿਸਾਲ ਹੈ। ਵਿਸ਼ਵ ਭਰ ਦੇ ਦਸਤਾਵੇਜ਼ਾਂ ਵਿਚੋਂ ਕਿਧਰੇ ਹੋਰ ਇਹੋ ਜਿਹੀ ਮਿਸਾਲ ਨਹੀਂ ਮਿਲਦੀ, ਜਿਸ ਵਿਚ ਕਿਸੇ ਇਤਿਹਾਸਕ ਸ਼ਖ਼ਸੀਅਤ ਨੇ ਉਸਵਿਚਾਰ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇ ਦਿੱਤੀ ਹੋਵੇ, ਜਿਸ ਵਿਚਾਰ ਨਾਲ ਉਸ ਦੀ ਆਪਣੀ ਸਹਿਮਤੀ ਨਾ ਹੋਵੇ ਜਾਂ ਫਿਰ ਇਉਂ ਕਹੀਏ ਤਾਂ ਹੋਰ ਸਪੱਸ਼ਟ ਹੋਵੇਗਾ ਕਿ ਧਰਮਾਂ ਦੀ ਦੁਨੀਆ ਵਿਚ ਕੋਈ ਹੋਰ ਅਜਿਹੀ ਘਟਨਾ ਵੇਖਣ ਵਿਚ ਨਹੀਂ ਆਉਂਦੀ, ਜਿਸ ਵਿਚ ਇਕ ਧਰਮ ਦੇ ਆਗੂ ਨੇ ਦੂਜੇ ਧਰਮ ਦੇ ਧਰਮ-ਚਿੰਨ੍ਹਾਂ ਦੀ ਹੋਂਦ ਤੇ ਬਰਕਰਾਰੀ ਲਈ ਆਪਣਾ ਬਲੀਦਾਨ ਦਿੱਤਾ ਹੋਵੇ। ਇਸੇ ਅਦੁੱਤੀ ਹਕੀਕਤ ਨੂੰ ਕਲਮਬੰਦ ਕਰਨ ਲਈ, ਪਿਤਾ ਗੁਰੂ ਦੀ ਸ਼ਹਾਦਤ ਉਪਰ ਆਪਣੇ ਸ਼ਰਧਾ ਦੇ ਫੁੱਲ ਅਰਪਣ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ 'ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂ ਆਨ'।

ਅਸਲ ਵਿਚ, ਗੁਰੂ ਤੇਗ ਬਹਾਦਰ ਜੀ ਦਾ ਸਮੁੱਚਾ ਜੀਵਨ ਮਾਨਵਤਾ ਨੂੰ ਸਮਰਪਿਤ ਸੀ। ਦੂਜਿਆਂ ਲਈ ਆਪਾ ਵਾਰਨਾ ਹੀ ਉਨ੍ਹਾਂ ਦੇ ਜੀਵਨ ਦਾ ਸਾਰ ਹੈ। ਤਿਆਗ ਤੇ ਬਲੀਦਾਨ ਉਨ੍ਹਾਂ ਦੀ ਬਾਣੀ ਦਾ ਸੰਦੇਸ਼ ਹੈ। ਇਤਿਹਾਸ ਸਾਖ਼ੀ ਹੈ ਕਿ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਅਣਥੱਕ ਸਫ਼ਰ ਕਰ ਕੇ, ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਤੋਂ ਗੁਰੂਘਰ ਨਾਲ ਜੁੜੀ ਸਿੱਖ ਸੰਗਤ ਨਾਲ ਜਾਤੀ ਸੰਪਰਕ ਪੈਦਾ ਕੀਤਾ। ਪੰਜਾਬ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਆਸਾਮ ਤੇ ਹੋਰ ਕਈ ਥਾਵਾਂ ਦੀਆਂ ਲੰਮੀਆਂ ਯਾਤਰਾਵਾਂ ਦਾ ਨਤੀਜਾ ਇਹ ਨਿਕਲਿਆ ਕਿ ਸਮੁੱਚੇ ਭਾਰਤ ਵਿਚ ਸਿੱਖ ਸੰਗਤ ਸੰਗਠਿਤ ਹੋ ਗਈ। ਇਹੋ ਸਿੱਖ ਸੰਗਤ ਬਾਅਦ ਵਿਚ ਜਥੇਬੰਦ ਹੋ ਕੇ ਖ਼ਾਲਸਾ ਪੰਥ ਦਾ ਰੂਪ ਧਾਰਨ ਕਰ ਗਈ ਅਤੇ ਫਿਰ ਹਰ ਜ਼ੁਲਮ ਤੇ ਜਬਰ ਨਾਲ ਕਰਦੀ, ਆਪਣੇ ਨਿਸ਼ਾਨੇ ਵੱਲ ਵਧਦੀ ਚਲੀ ਗਈ। ਅੱਜ ਸਾਰੀ ਦੁਨੀਆ ਗੁਰੂ ਤੇਗ ਬਹਾਦਰ ਸਾਹਿਬ ਦਾ 400 ਸਾਲਾ ਪ੍ਰਕਾਸ਼ ਉਤਸਵ ਮਨਾ ਰਹੀ ਹੈ। ਇਸ ਮਹਾਨ ਅਵਸਰ 'ਤੇ ਮੈਨੂੰ ਕਵੀ ਸੈਨਾਪਤੀ ਦੀਆਂ ਸਤਰਾਂ ਯਾਦ ਆ ਰਹੀਆਂ ਹਨ। ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦੇ ਸੰਦਰਭ ਵਿਚ ਆਪਣੀ ਅਕੀਦਤ ਭੇਟ ਕਰਦਿਆਂ ਕਿਹਾ ਸੀ :-



ਪ੍ਰਗਟ ਭਏ ਗੁਰ ਤੇਗ ਬਹਾਦਰ।
ਸਗਲ ਸ੍ਰਿਸ਼ਟਿ ਪੇ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟਲ ਕਰੀ ਕਲਜੁਗ ਮੈਂ ਸਾਖੀ।
ਸਗਲ ਸ੍ਰਿਸ਼ਟਿ ਜਾ ਕਾ ਜਸ ਭਯੋ।
ਜਿਹ ਤੇ ਸਰਬ ਧਰਮ ਬੰਚਯੋ।
ਤੀਨ ਲੋਕ ਮੈ ਜੈ ਜੈ ਭਈ।
ਸਤਿਗੁਰਿ ਪੈਜ ਰਾਖਿ ਇਮ ਲਈ।

ਇਤਿਹਾਸ ਵੱਲ ਝਾਤ ਮਾਰੀਏ ਤਾਂ ਇਹ ਹਕੀਕਤ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਕਾਰਨ, ਵੇਲੇ ਦੇ ਹੁਕਮਰਾਨ ਔਰੰਗਜ਼ੇਬ ਦੀ ਤੁਅੱਸਬ ਦੀ ਨੀਤੀ ਸੀ, ਜਿਸ ਦਾ ਸ਼ਿਕਾਰ ਉਸ ਵੇਲੇ ਦਾ ਸਾਰਾ ਹਿੰਦੁਸਤਾਨ ਸੀ। ਇਤਿਹਾਸ ਦੱਸਦਾ ਹੈ ਕਿ ਔਰੰਗਜ਼ੇਬ ਆਪਣੇ ਭਰਾਵਾਂ ਦਾ ਕਤਲ ਕਰ ਕੇ, ਕਾਜ਼ੀਆਂ-ਮੁੱਲਿਆਂ ਦਾ ਈਮਾਨ ਖ਼ਰੀਦ ਕੇ ਬਾਦਸ਼ਾਹਤ ਦੇ ਤਖ਼ਤ 'ਤੇ ਬੈਠਾ ਸੀ ਅਤੇ ਗੱਦੀ-ਨਸ਼ੀਨੀ ਤੋਂ ਫੌਰਨ ਬਾਅਦ ਉਸ ਨੇ ਗ਼ੈਰ-ਮੁਸਲਮਾਨ ਨੂੰ ਸ਼ਾਹੀ ਤੁਅੱਸਬ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਹਿੰਦੂ ਰੀਤੀ-ਰਸਮਾਂ ਉੱਪਰ ਪਾਬੰਦੀਆਂ ਲੱਗਣੀਆਂ ਸ਼ੁਰੂ ਹੋ ਗਈਆਂ, ਉਨ੍ਹਾਂ ਦੇ ਧਰਮ ਅਸਥਾਨਾਂ ਨੂੰ ਢਾਹੁਣ ਦੇ ਆਦੇਸ਼ ਦੇ ਦਿੱਤੇ ਗਏ, ਰਾਗ ਤੇ ਗਾਇਨ ਨੂੰ ਇਸਲਾਮੀ ਸ਼ਰਾਅ ਦੇ ਉਲਟ ਕਰਾਰ ਦੇ ਕੇ ਪਾਬੰਦੀ ਲਾ ਦਿੱਤੀ ਗਈ, ਫਿਰ ਇਨ੍ਹਾਂ ਸਾਰੀਆਂ ਤੁਅੱਸਬੀ ਨੀਤੀਆਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਤਹਿਸੀਲਾਂ ਤੇ ਨਗਰਾਂ ਵਿਚ ਖ਼ਾਸ ਅਹਿਲਕਾਰ ਮੁਕੱਰਰ ਕਰ ਦਿੱਤੇ ਗਏ। ਅਜਿਹੇ ਹਾਲਾਤ ਪੈਦਾ ਕਰ ਦਿੱਤੇ ਗਏ ਕਿ ਸਾਰੇ ਗ਼ੈਰ-ਮੁਸਲਿਮ ਜਾਨ ਬਖ਼ਸ਼ੀ ਲਈ ਆਪਣਾ ਧਰਮ ਤਿਆਗ ਕੇ ਇਸਲਾਮ ਧਾਰਨ ਕਰ ਲੈਣ। ਇੱਥੋਂ ਤੱਕ ਕਿ ਖੁੱਲ੍ਹੇ ਖ਼ਿਆਲਾਂ ਵਾਲੇ ਸੰਨਿਆਸੀਆਂ, ਫ਼ਕੀਰਾਂ ਤੇ ਸੂਫ਼ੀਆਂ ਨੂੰ ਵੀ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਕਈ ਥਾਵਾਂ 'ਤੇ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ।

ਅਜਿਹੀ ਸੰਗੀਨ ਤੇ ਗ਼ੈਰ-ਮਨੁੱਖੀ ਸਥਿਤੀ ਵਿਚ ਦੇਸ਼ ਵਾਸੀਆਂ ਦੀ ਪੁਕਾਰ ਲੈ ਕੇ ਪੰਡਿਤ ਕਿਰਪਾ ਰਾਮ ਆਪਣੇ ਸੈਂਕੜੇ ਸਾਥੀਆਂ ਨਾਲ ਅਨੰਦਪੁਰ ਪਹੁੰਚ ਗਏ ਸਨ ਅਤੇ ਦੁਖ ਭਰੀ ਵਿੱਥਿਆ ਗੁਰੂ ਪਾਤਸ਼ਾਹ ਨੂੰ ਸੁਣਾਈ ਸੀ। ਕਸ਼ਮੀਰ ਤੋਂ ਆਏ ਬ੍ਰਾਹਮਣਾਂ ਦੀ ਅਰਜੋਈ ਸੁਣਨ ਤੋਂ ਬਾਅਦ ਜੋ ਕੁਝ ਵਾਪਰਿਆ, ਉਸ ਬਾਰੇ 'ਤਵਾਰੀਖ਼ ਗੁਰੂ ਖ਼ਾਲਸਾ' ਦੀ ਇਹ ਲਿਖਤ ਉਚੇਚੇ ਤੌਰ 'ਤੇ ਪੜ੍ਹਨ ਵਾਲੀ ਹੈ। ਗਿਆਨੀ ਗਿਆਨ ਸਿੰਘ ਦਾ ਕਹਿਣਾ ਹੈ :- 'ਔਰੰਗਜ਼ੇਬ ਦੇ ਜ਼ੁਲਮ ਤੇ ਹਿੰਦੂਆਂ ਦੇ ਦੁੱਖ ਸੁਣ ਕੇ ਗੁਰੂ ਜੀ ਦਾ ਦਿਲ ਪਾਣੀ-ਪਾਣੀ ਹੋ ਗਿਆ, ਢੇਰ ਚਿਰ ਤਾਈਂ ਸੋਚਦੇ ਰਹੇ, ਓੜਕ ਏਹ ਜਵਾਬ ਦਿੱਤਾ ਕਿ ਜਦੋਂ ਤੱਕ ਕੋਈ ਸਤ ਪੁਰਖ ਧਰਮ ਦੀ ਇਸ ਥਿਤੀ ਵਾਸਤੇ ਆਪਣਾ ਸਿਰ ਬਲੀਦਾਨ ਨਹੀਂ ਕਰਦਾ, ਤਦੋਂ ਤੱਕ ਹਿੰਦੂ ਧਰਮ ਦਾ ਠਹਿਰਨਾ ਔਖਾ ਹੈ। ਇਹ ਬਚਨ ਸੁਣ ਕੇ ਹੋਰ ਤਾਂ ਕੋਈ ਨਾ ਬੋਲਿਆ, ਸਾਹਿਬਜ਼ਾਦੇ ਨੇ ਜੋ ਉਦੋਂ ਨੌਂ ਬਰਸ ਦੀ ਉਮਰ ਵਾਲੇ ਸਨ, ਭਵਿੱਖਤ ਹੋਣ ਹਾਰ ਵੇਖ ਕੇ ਆਪਣੇ ਪਿਤਾ ਸਤਿਗੁਰੂ ਅੱਗੇ ਬੇਨਤੀ ਕੀਤੀ ਕਿ 'ਮਹਾਰਾਜ ! ਆਪ ਤੋਂ ਅਧਿਕ ਮਹਾਤਮਾ ਤੇ ਧਰਮਾਤਮਾ ਸਤਪੁਰਖ ਧਰਮ ਦਾ ਪਯਾਰਾ ਤੇ ਰੱਖਯਕ ਹੋਰ ਕੌਣ ਹੈ ਜੋ ਸੀਸ ਦੇਵੇ ?' ਹੁਣ ਇਥੋਂ ਹੀ ਵਿਦਵਾਨ ਪੁਰਖ ਸਮਝ ਸਕਦੇ ਹਨ ਕਿ ਅਜਿਹਾ ਬਚਨ ਹੋਰ ਕੌਣ ਅਜਿਹਾ ਬਾਲਕ ਹੈ ਜੋ ਆਪਣੇ ਪਿਤਾ ਨੂੰ ਕਹਿ ਦੇਵੇ ਕਿ ਤੁਸੀਂ ਸੀਸ ਦੇਵੋ ਅਤੇ ਏਹੋ ਜੇਹਾ ਪਰਉਪਕਾਰੀ ਪਿਤਾ ਕੌਣ ਹੈ ਜੋ ਪੁੱਤਰ ਤੋਂ ਇਹ ਸੁਣ ਕੇ ਖ਼ੁਸ਼ ਹੋਵੇ ? ਇਤਿਹਾਸ ਦੱਸਦਾ ਹੈ ਕਿ ਪੰਡਿਤਾਂ ਦੇ ਦੁਖੀ ਮਨਾਂ ਦੀ ਫ਼ਰਿਆਦ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਰਬ-ਉੱਚ ਕੁਰਬਾਨੀ ਲਈ ਤਿਆਰ ਕਰ ਦਿੱਤਾ ਸੀ ਅਤੇ ਫਿਰ ਗੁਰੂ ਜੀ ਨੇ ਬ੍ਰਾਹਮਣਾਂ ਰਾਹੀਂ ਇਹ ਸੁਨੇਹਾ ਹੁਕਮਰਾਨਾਂ ਅਤੇ ਸਮੁੱਚੇ ਦੇਸ਼ ਵਾਸੀਆਂ ਨੂੰ ਵੀ ਦੇ ਦਿੱਤਾ ਸੀ ਕਿ ਉਹ ਆਪਣੀ ਸ਼ਹਾਦਤ ਦੇ ਕੇ ਤੁਅੱਸਬ ਦੀ ਸ਼ਿਕਾਰ ਮਜ਼ਲੂਮ ਜਨਤਾ ਵਿਚ ਨਵੀਂ ਰੂਹ ਫੂਕਣਗੇ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਤੁਅੱਸਬ ਦੀਆਂ ਜੜ੍ਹਾਂ ਉੱਖੜ ਜਾਣਗੀਆਂ, ਲੋਕਾਂ ਵਿਚ ਨਵੀਂ ਚੇਤਨਾ ਪੈਦਾ ਹੋਵੇਗੀ। ਮਨੁੱਖੀ ਅਧਿਕਾਰਾਂ ਦਾ ਹਨਨ ਬੰਦ ਹੋ ਜਾਵੇਗਾ ਅਤੇ ਆਪਣੇ ਹੱਕਾਂ, ਅਧਿਕਾਰਾਂ ਤੇ ਵਿਚਾਰਾਂ ਦੀ ਰਾਖੀ ਕਰਨ ਲਈ ਮਰ-ਮਿਟਣ ਵਾਲੀ ਨਵੀਂ ਜਥੇਬੰਦਕ ਸ਼ਕਤੀ ਪੈਦਾ ਹੋਵੇਗੀ।

# 'ਗੁਰੂ ਤੇਗ ਬਹਾਦਰ ਸਾਹਿਬ ਜੀ'

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਉ ਤਉ ਪ੍ਰੇਮ ਖੇਲਨ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨਾ ਕੀਜੈ॥ ਅੰਗ-1412

ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ਼ ਛੱਡ ਕੇ ਹਾਊਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ ਜਦੋਂ ਸਿਰ ਭੇਟਾ ਕੀਤਾ ਜਾਏ। ਪਰ ਕੋਈ ਝਿਜਕ ਨਾ ਕੀਤੀ ਜਾਏ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਾਊਮੈ ਛੱਡੀ ਜਾਏ।

ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਅਜ਼ਾਦੀ ਹੈ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਏ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜੀ ਲਗਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿਚ ਜੁਲਮ ਖਿਲਾਫ਼ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਲਸਾਨੀ ਸ਼ਹੀਦੀਆਂ ਦਰਜ ਹਨ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆ ਦੇ ਇਤਿਹਾਸ ਵਿਚ ਤਪ, ਤਿਆਗ, ਸੇਵਾ ਸੰਜਮ ਅਤੇ ਬਹਾਦਰੀ ਦੀਆਂ ਅਨੇਕਾਂ ਮਿਸਾਲਾਂ ਮਿਲ ਸਕਦੀਆਂ ਹਨ, ਪਰ ਸਿੱਖ ਇਤਿਹਾਸ ਵਿਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਪ੍ਰੰਪਰਾਗਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਮਿਸਾਲ ਹੈ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦਾ ਦੌਰ ਸ਼ੁਰੂ ਹੋਇਆ, ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਤਾਕਤ ਤੋਂ ਖਤਰਾ ਜਾਪਣ ਲੱਗਿਆ। ਟਕਰਾਉ ਲਾਜ਼ਮੀ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਕੌਮ ਤੇ ਆਉਣ ਵਾਲੇ ਖਤਰਿਆਂ ਲਈ ਕੌਮ ਨੂੰ ਤਿਆਰ ਹੋਣ ਲਈ ਆਪਣੀ ਸ਼ਹਾਦਤ ਦੀ ਮਿਸਾਲ ਦਿੱਤੀ।

ਇਸੇ ਸਿਲਸਿਲੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਅਤੇ ਗੁਰਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗ੍ਰਹਿ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿਡਰ, ਬਹਾਦਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿਚ ਲੀਨ ਹੋ ਕੇ ਆਪਣੀਆਂ ਖਾਹਿਸ਼ਾਂ ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਵਿਚ ਨਿਪੁੰਨ ਸਨ। ਗੁਰਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਨੇ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਊਂ ਤਿਆਗ ਮੱਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ



ਕਰਤਾਰਪੁਰ, ਜਲੰਧਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ 22 ਦਸੰਬਰ 1666 ਨੂੰ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵਲੇ ਆਪਣੇ ਤੋਂ ਬਾਹਦ ਗੁਰੂ ਬਾਰੇ 'ਬਾਬਾ ਵਸੇ ਗਰਮਾ ਬਕਾਲੇ' ਦਾ ਇਸ਼ਾਰਾ ਦਿੱਤਾ। ਇਸ ਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰੂ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਅਰੰਭ ਕੀਤੇ। ਅਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਬਾਦਸ਼ਾਹ ਔਰੰਗਜੇਬ ਨੇ ਗੈਰ ਮੁਸਲਮਾਨਾਂ ਤੇ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਅਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿਚ ਔਰੰਗਜੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ, ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਦੀ ਸ਼ਰਨ ਹੇਠ ਆਏ ਅਤੇ ਫਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜੇਬ ਨੇ ਜੁਲਮ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਸਾਹਿਬ ਜੀ ਨੇ ਦ੍ਰਿੜ ਕਰਵਾਇਆ ਕਿ 'ਨਾ ਕਿਸੇ ਨੂੰ ਡਰਾਉ, ਨਾ ਕਿਸੇ ਤੋਂ ਡਰੋ'। ਔਰੰਗਜੇਬ ਨੇ ਗੁਰੂ ਸਾਹਿਬ ਜੀ ਨੂੰ ਤਲਬ ਕਰ ਲਿਆ।

ਗੁਰੂ ਸਾਹਿਬ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਜੀ ਦੇ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰ ਲੈਣ ਦੇ ਲਾਲਚ ਦਿੱਤੇ ਗਏ। ਫਿਰ ਡਰਾਵੇ ਅਤੇ ਕਤਲ ਕਰ ਦੇਣ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈ-ਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆਲ ਜੀ ਨੂੰ ਉਬਲਦੀ ਵਲਟੋਹੀ ਵਿਚ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਵਲੇਟ ਕੇ ਸਾੜਦਿਆਂ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਜੀ ਅਡੋਲ ਰਹੇ। ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਸਾਹਿਬ ਜੀ ਦੇ ਨਿਸ਼ਚੇ ਨੂੰ ਡੋਗ ਨਹੀਂ ਸਕਿਆ।

ਗੁਰੂ ਸਾਹਿਬ ਜੀ ਨੂੰ ਕੈਦ ਕਰ ਲਿਆ ਗਿਆ। ਅੰਤ ਸਰਕਾਰੀ ਹਾਕਮਾਂ, ਕਾਜੀ ਅਤੇ ਮੌਲਵੀ ਨੇ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਔਰੰਗਜੇਬ ਦਾ ਹੁਕਮ ਸੁਣਾਇਆ ਕਿ ਕਲਮਾਂ ਪੜ੍ਹੋ ਅਤੇ ਮੁਸਲਮਾਨ ਹੋ ਜਾਵੋ, ਕਰਾਮਾਤ ਵਿਖਾਊ ਜਾਂ ਮੌਤ ਲਈ ਤਿਆਰ ਹੋ ਜਾਵੋ।

ਗੁਰੂ ਸਾਹਿਬ ਜੀ ਨੇ ਸ਼ਾਂਤ ਚਿੱਤ ਉੱਤਰ ਦਿੱਤਾ ਕਿ ; ਅਸਾਂ ਨਾ ਆਪਣਾ ਧਰਮ ਛੱਡਣਾ ਹੈ ਅਤੇ ਨਾ ਹੀ ਕੋਈ ਕਰਾਮਾਤ ਵਿਖਾਉਣੀ ਹੈ। ਅਸੀਂ ਮੌਤ ਦੀ ਸਜ਼ਾ ਲਈ ਤਿਆਰ ਹਾਂ। ਸਮਾਣੇ ਦੇ ਸੱਯਦ ਜਲਾਲ ਦੀਨ ਜਲਾਦ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ ਧੜ ਨਾਲੋਂ ਅਲੱਗ ਕਰਕੇ 11 ਨਵੰਬਰ, 1675 ਨੂੰ ਸ਼ਹੀਦ ਕਰ ਦਿੱਤਾ, ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸੁਸ਼ੋਭਿਤ ਹੈ। ਆਪ ਜੀ ਦੀ ਲਾਸਾਨੀ ਸ਼ਹਾਦਤ ਨਾਲ ਦਿੱਲੀ ਵਿਚ ਹਾਹਾਕਾਰ ਮਚ ਗਈ। ਸ਼ਾਹੀ ਆਦੇਸ਼ ਸੀ ਕਿ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੁਕੜੇ ਟੁਕੜੇ ਕਰਕੇ ਦਿੱਲੀ ਸ਼ਹਿਰ ਦੇ ਦਰਵਾਜ਼ਿਆਂ 'ਤੇ ਲਟਕਾਏ ਜਾਣ। ਇਸ ਜੁਲਮ ਨੂੰ ਸੁਣ ਕੇ ਲੋਕ ਕਰਾਹ ਉਠੇ ਕਿ ਇਕ ਸੰਤ ਨਾਲ ਕਿਵੇਂ ਬੇਰਹਿਮੀ ਦਾ ਸਲੂਕ ਹੋ ਰਿਹਾ ਹੈ। ਤੁਰੰਤ ਅਜਿਹੀ ਹਨੇਰੀ ਆਈ ਕਿ ਲੋਕ ਆਪਣੇ ਬਚਾਅ ਲਈ ਭੱਜ ਉੱਠੇ। ਇਸੇ ਵਿਚ ਸ਼ਰਧਾਲੂ ਸਿੱਖ ਭਾਈ ਜੈਤਾ ਜੀ ਨੇ ਸਿਪਾਹੀਆਂ ਤੋਂ ਅੱਖ ਬਚਾ ਕੇ ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪਹੁੰਚ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਸਤਿਕਾਰ ਸਹਿਤ ਕਬੂਲ ਕਰਦਿਆਂ, ਭਾਈ ਜੈਤਾ ਜੀ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਵਰ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦਪੁਰ ਵਿਖੇ ਗੁਰਪਿਤਾ ਦੇ ਸੀਸ ਦਾ ਸਸਕਾਰ ਕੀਤਾ। ਜਿੱਥੇ ਗੁਰਦੁਆਰਾ ਸੀਸ ਗੰਜ ਅਨੰਦਪੁਰ ਸਾਹਿਬ ਸੁਸ਼ੋਭਿਤ ਹੈ। ਭਾਈ ਲੱਖੀ ਸ਼ਾਹ ਰਾਏ ਵਣਜਾਰਾ ਨੇ ਆਪਣੇ ਪੁੱਤਰਾਂ ਭਾਈ ਨਿਗਾਹੀਆ, ਹੇਮਾ ਅਤੇ ਹਾੜੀ ਦੀ ਮਦਦ ਨਾਲ

(ਬਾਕੀ ਸਫ਼ਾ 30 'ਤੇ)

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਪ੍ਰਚਾਰ ਯਾਤਰਾਵਾਂ

ਡਾ. ਆਤਮਾ ਸਿੰਘ ਗਿੱਲ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈਸਵੀ (5 ਵਿਸਾਖ 1678 ਬਿਕਰਮੀ) ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਅੰਮ੍ਰਿਤਸਰ 'ਚ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਦੇ ਦਾਦਾ ਜੀ ਸਨ। ਆਪ ਜੀ ਦਾ ਬਚਪਨ 'ਚ ਨਾਂ ਤਿਆਗ ਮੱਲ ਸੀ। ਛੋਟੇ ਹੁੰਦਿਆਂ ਤੋਂ ਹੀ ਉਹ ਪ੍ਰਮਾਤਮਾ ਦੀ ਭਗਤੀ ਵਿਚ ਦਿਲਚਸਪੀ ਰੱਖਦੇ ਸਨ। ਆਪ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਸੰਨ 1632 ਈਸਵੀ (15 ਅੱਸੂ, 1689 ਬਿਕਰਮੀ) 'ਚ ਹੋਇਆ। 1644 ਈਸਵੀ 'ਚ ਆਪ ਜੀ ਆਪਣੀ ਪਤਨੀ ਤੇ ਮਾਤਾ ਸਹਿਤ ਬਕਾਲਾ ਪਿੰਡ 'ਚ ਆ ਵਸੇ। ਆਪ ਜੀ 20 ਮਾਰਚ 1665 ਈਸਵੀ ਨੂੰ 43 ਵਰ੍ਹਿਆਂ ਦੀ ਉਮਰ ਵਿਚ ਗੁਰਗੱਦੀ ਉੱਤੇ ਬੈਠੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਮਿਲਣ ਤੋਂ ਬਾਅਦ ਪ੍ਰਚਾਰ ਯਾਤਰਾਵਾਂ ਆਰੰਭ ਕੀਤੀਆਂ ਤੇ ਪ੍ਰਚਾਰ ਦੌਰਾਨ ਭੁੱਲੇ-ਭਟਕੇ ਲੋਕਾਂ ਦਾ ਮਾਰਗ ਦਰਸ਼ਨ ਕਰਨ ਦੇ ਨਾਲ-ਨਾਲ ਸਮਾਜਿਕ ਤੇ ਲੋਕ-ਭਲਾਈ ਦੇ ਕਾਰਜਾਂ ਨੂੰ ਵੀ ਨੇਪਰੇ ਚਾੜ੍ਹਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੀ ਯਾਤਰਾ ਆਰੰਭ ਕੀਤੀ। ਬਾਬੇ ਬਕਾਲੇ ਤੋਂ ਸਿੱਧਾ ਆਪ ਕਾਲੇਕੇ ਪਹੁੰਚੇ। ਗੋਇੰਦਵਾਲ ਤੋਂ ਹੁੰਦੇ ਹੋਏ ਤਰਨਤਾਰਨ ਦੀ ਯਾਤਰਾ ਕਰ ਕੇ ਆਪ ਜੀ ਅੰਮ੍ਰਿਤਸਰ ਪਹੁੰਚੇ। ਇੱਥੇ ਆ ਕੇ ਇਸ਼ਨਾਨ ਕੀਤਾ ਪਰ ਕੁਝ ਲੋਕਾਂ ਨੇ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਾ ਜਾਣ ਦਿੱਤਾ ਤੇ ਦਰਵਾਜ਼ੇ ਬੰਦ ਕਰ ਦਿੱਤੇ। ਉਸ ਵੇਲੇ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਦੀ ਪੀੜ੍ਹੀ ਦਾ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਸੀ।

> *ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੀ ਯਾਤਰਾ ਆਰੰਭ ਕੀਤੀ। ਬਾਬੇ ਬਕਾਲੇ ਤੋਂ ਸਿੱਧਾ ਆਪ ਕਾਲੇਕੇ ਪਹੁੰਚੇ। ਗੋਇੰਦਵਾਲ ਤੋਂ ਹੁੰਦੇ ਹੋਏ ਤਰਨਤਾਰਨ ਦੀ ਯਾਤਰਾ ਕਰ ਕੇ ਆਪ ਜੀ ਅੰਮ੍ਰਿਤਸਰ ਪਹੁੰਚੇ। ਇੱਥੇ ਆ ਕੇ ਇਸ਼ਨਾਨ ਕੀਤਾ ਪਰ ਕੁਝ ਲੋਕਾਂ ਨੇ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਾ ਜਾਣ ਦਿੱਤਾ ਤੇ ਦਰਵਾਜ਼ੇ ਬੰਦ ਕਰ ਦਿੱਤੇ। ਉਸ ਵੇਲੇ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਦੀ ਪੀੜ੍ਹੀ ਦਾ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਸੀ।*

ਗੁਰੂ ਜੀ ਕੁਝ ਸਮਾਂ ਅਕਾਲ ਤਖ਼ਤ ਦੇ ਨਜ਼ਦੀਕ ਠਹਿਰੇ, ਭੋਰਾ ਸਾਹਿਬ ਬਣਾਇਆ ਤੇ ਬਾਅਦ ਵਿਚ ਵੱਲਾ ਪਿੰਡ ਆ ਗਏ। ਜਦੋਂ ਅੰਮ੍ਰਿਤਸਰ ਦੀ ਸੰਗਤ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਵੱਲਾ ਪਿੰਡ ਪਹੁੰਚ ਕੇ ਗੁਰੂ ਜੀ ਤੋਂ ਭੁੱਲ ਬਖ਼ਸ਼ਾਈ। ਵੱਲਾ ਪਿੰਡ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਘੁੱਕੇਵਾਲੀ ਪਹੁੰਚੇ। ਗੁਰੂ ਜੀ ਦੀ ਕਿਰਪਾ ਨਾਲ ਇਸ ਪਿੰਡ ਦਾ ਨਾਂ ਗੁਰੂ ਕਾ ਬਾਗ਼ ਪ੍ਰਚਲਿਤ ਹੋਇਆ।

ਬਾਬਾ ਬਕਾਲਾ ਤੋਂ ਹੁੰਦੇ ਹੋਏ ਗੁਰੂ ਜੀ ਕੀਰਤਪੁਰ ਨੂੰ ਚੱਲ ਪਏ। ਰਸਤੇ 'ਚ ਆਪ ਜੀ ਕਰਤਾਰਪੁਰ ਠਹਿਰੇ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ। ਚੱਕ ਗੁਰੂ (ਬੰਗਾ), ਨਵਾਂ ਸ਼ਹਿਰ, ਦੁਰਗਾਪੁਰ ਤੋਂ ਹੁੰਦੇ ਹੋਏ ਆਪ ਕੀਰਤਪੁਰ ਸਾਹਿਬ ਪਹੁੰਚੇ। ਕੀਰਤਪੁਰ ਸਾਹਿਬ ਰਹਿੰਦਿਆਂ ਆਪ ਨੇ ਨਜ਼ਦੀਕ ਹੀ ਮਾਖੋਵਾਲ ਵਿਖੇ ਜਗ੍ਹਾ ਦੀ ਚੋਣ ਕਰ ਕੇ 19 ਜੂਨ 1665 ਈਸਵੀ ਨੂੰ 'ਚੱਕ ਨਾਨਕੀ' ਨਗਰ ਦੀ ਸਥਾਪਨਾ ਕੀਤੀ। ਬਾਅਦ 'ਚ ਇਸ ਨਗਰ ਦਾ ਨਾਮ ਸ੍ਰੀ ਆਨੰਦਪੁਰ ਸਾਹਿਬ ਪ੍ਰਸਿੱਧ ਹੋਇਆ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਭੋਰਾ ਸਾਹਿਬ ਤੇ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹਨ।

ਇਸ ਤੋਂ ਇਲਾਵਾ ਗੁਰੂ ਜੀ ਨੇ ਬਾਂਗਰ ਦੇ ਹੇਠ ਲਿਖੇ ਥਾਵਾਂ ਦੀ ਯਾਤਰਾ ਕੀਤੀ : ਬਸੀ ਪਠਾਣਾ, ਚੰਨਣਾ, ਸੋਢਲ-ਸੋਢੈਲ, ਤੰਦੋਵਾਲ, ਲਖਨੌਰ, ਮਕਾਰਪੁਰ, ਕਬੂਲਪੁਰ, ਨਨਹੇੜੀ, ਲਹਿਲ, ਦੁਖ ਨਿਵਾਰਨ, ਗੜ੍ਹੀ ਗੁਹਲਾ, ਭਾਗਲ, ਕਰਹਾਲੀ, ਚੀਕਾ, ਬੁੱਧਪੁਰ, ਸਿਆਣਾ ਸੱਯਦਾਂ, ਸਮਾਣਾ, ਕਰ੍ਹਾ, ਬੀਬੀਪੁਰ, ਪਹੋਆ, ਖਾਰਕ, ਖਟਕੜ, ਜੀਂਦ, ਲਾਖਣ ਮਾਜਰਾ, ਰੋਹਤਕ, ਮਕਰੋੜ, ਖਨੌਰ, ਬਹਰ ਜੱਖ, ਕੈਥਲ, ਬਾਰਨਾ, ਥਾਨੇਸਰ, ਝੀਉਰਹੇੜੀ, ਬਨੀ, ਬਦਰਪੁਰ, ਕਰਨਾਲ, ਕੜਾ ਮਾਨਕਪੁਰ, ਗੜ੍ਹੀ ਨਜ਼ੀਰ, ਰਾਇਪੁਰ ਹੇੜੀ, ਤਰਾਉੜੀ, ਖੜਕਪੁਰਾ ਆਦਿ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪ੍ਰਚਾਰ ਯਾਤਰਾ ਸਮੇਂ ਗੁਰੂ ਜੀ ਨੂੰ 8 ਨਵੰਬਰ, 1665 ਨੂੰ ਬੰਦੀ ਬਣਾ ਕੇ ਦਿੱਲੀ ਲਿਆਂਦਾ ਗਿਆ ਤਾਂ ਰਾਜਾ ਮਾਨ ਸਿੰਘ ਨੇ ਗੁਰੂ ਜੀ ਨੂੰ ਰਿਹਾਅ ਕਰਵਾ ਲਿਆ, ਜਿਸ ਪਿੱਛੋਂ ਗੁਰੂ ਜੀ ਰਾਜਾ ਮਾਨ ਸਿੰਘ ਦੀ ਹਵੇਲੀ ਵਿਚ ਹੀ ਬਿਰਾਜਮਾਨ ਹੋਏ ਤੇ ਕੁਝ ਦਿਨ ਇੱਥੇ ਰਹਿਣ ਪਿੱਛੋਂ ਆਪ ਜੀ ਮਥੁਰਾ, ਆਗਰਾ, ਇਟਾਵਾ, ਕਾਨਪੁਰ, ਲਖਨਊ, ਫਤਿਹਪੁਰ ਆਦਿ ਸ਼ਹਿਰਾਂ 'ਚੋਂ ਦੀ ਹੁੰਦੇ ਹੋਏ ਇਲਾਹਾਬਾਦ ਦਸੰਬਰ 1665 'ਚ ਪਹੁੰਚ ਕੇ ਅਜੋਕੇ ਗੁਰਦੁਆਰਾ ਪੱਕੀ ਸੰਗਤ ਵਾਲੀ ਥਾਂ 'ਤੇ ਦਸੰਬਰ 1665 ਤੋਂ ਮਾਰਚ 1666 ਤੱਕ ਚਾਰ ਮਹੀਨੇ ਰਹੇ। ਇਲਾਹਾਬਾਦ ਦੇ ਪਿੱਛੋਂ ਮਿਰਜ਼ਾਪੁਰ ਹੁੰਦੇ ਹੋਏ ਬਨਾਰਸ ਪਹੁੰਚੇ, ਜਿੱਥੇ ਦੋ ਹਫ਼ਤੇ ਰਹੇ। ਬਨਾਰਸ ਤੋਂ ਸਾਸਾਰਾਮ ਤੇ ਬੋਧ ਗਯਾ ਹੁੰਦੇ ਹੋਏ ਮਈ 1666 'ਚ ਪਟਨਾ ਪਹੁੰਚੇ। ਆਪ ਜੀ ਅਕਤੂਬਰ 1666 'ਚ ਢਾਕੇ ਪਹੁੰਚੇ।

22 ਦਸੰਬਰ 1666 ਨੂੰ ਜਦ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ ਤਾਂ ਗੁਰੂ ਜੀ ਨੂੰ ਭਾਈ ਮਿਹਰ ਚੰਦ ਤੇ ਭਾਈ ਕਲਿਆਣ ਦਾਸ ਰਾਹੀਂ ਇਹ ਸੂਚਨਾ ਢਾਕੇ ਹੀ ਮਿਲੀ। ਪਟਨੇ ਤੋਂ ਢਾਕੇ ਆਪ ਮੁੰਘੇਰ, ਭਾਗਲਪੁਰ, ਕੋਲਗਾਂਵ, ਰਾਜ ਮਹਿਲ, ਸੰਤ ਨਗਰ, ਮਾਲਦਾ, ਰਾਜਧਾਨੀ ਤੇ ਪਬਨਾ ਆਦਿ ਹੁੰਦੇ ਹੋਏ ਪਹੁੰਚੇ। ਪ੍ਰਚਾਰ ਹਿੱਤ ਢਾਕਾ ਤੋਂ ਗੁਰੂ ਜੀ ਸਿਲਹਟ ਗਏ ਜਿੱਥੇ ਚੌਮਾਸਾ ਕੱਟਿਆ। ਇਸ ਪਿੱਛੋਂ ਆਪ ਜੀ ਚਿੱਟਾਗਾਓਂ ਪਹੁੰਚੇ ਜਿੱਥੇ 1667 ਦੇ ਅਖੀਰ ਤੱਕ ਠਹਿਰੇ। ਸੰਨ 1668 ਦੀ ਜਨਵਰੀ ਨੂੰ ਆਪ ਜੀ ਫਿਰ ਢਾਕਾ ਪਰਤੇ ਜਿੱਥੇ ਟਿਕ ਕੇ ਨਾਮ ਪ੍ਰਚਾਰ ਕੀਤਾ।ਢਾਕਾ ਤੋਂ ਦਸੰਬਰ 1668 'ਚ ਰਾਜਾ ਰਾਮ ਸਿੰਘ ਨਾਲ ਆਸਾਮ ਗਏ ਤੇ ਫਰਵਰੀ 1669 ਨੂੰ ਧੁੱਬਰੀ ਪਹੁੰਚੇ। ਰਾਜਾ ਚਕਰਧਵਜ ਸਿੰਘ ਦੇ ਸੱਦੇ 'ਤੇ ਗੁਰੂ ਜੀ ਗੋਹਾਟੀ ਹਜੋ ਤੇ ਤੇਜ਼ਪੁਰ ਗਏ। ਗੁਰੂ ਜੀ ਅਜੇ ਆਸਾਮ 'ਚ ਹੀ ਸਨ ਜਦ 9 ਅਪ੍ਰੈਲ 1669 ਨੂੰ ਔਰੰਗਜ਼ੇਬ ਦਾ ਫੁਰਮਾਨ ਜਾਰੀ ਹੋਇਆ ਕਿ ਗ਼ੈਰ- ਮੁਸਲਮਾਨਾਂ ਦੇ ਮੰਦਰ ਢਾਹ ਦਿੱਤੇ ਜਾਣ। ਗੁਰੂ ਜੀ ਵਾਪਸ ਪਰਤੇ ਤੇ ਢਾਕੇ ਕਲਕੱਤੇ, ਮਿਦਨਾਪੁਰ, ਬਾਲੇਸ਼ਵਰ, ਰੂਪਸਾ, ਕਟਕ, ਭੁਵਨੇਸ਼ਵਰ, ਜਗਨਨਾਥ ਪੁਰੀ, ਵਿਸ਼ਾਂਪੁਰ, ਬਾਂਕੁਰਾ, ਗੋਮੋਹ ਤੋਂ ਗਯਾ ਰਾਹੀਂ ਦੁਬਾਰਾ ਪਟਨਾ ਪਹੁੰਚੇ। ਪਰਿਵਾਰ ਨੂੰ ਪੰਜਾਬ ਪਰਤਣ ਲਈ ਆਖ ਆਪ ਜੀ ਗੰਗਾ ਦੇ ਉੱਤਰੀ ਕੰਢੇ ਵੱਲੋਂ ਜੌਨਪੁਰ, ਅਯੁੱਧਿਆ, ਲਖਨਊ, ਸ਼ਾਹਜਾਨਪੁਰ, ਮੁਰਾਦਾਬਾਦ ਹੁੰਦੇ ਹੋਏ ਸੰਨ 1670 ਈਸਵੀ ਨੂੰ ਦਿੱਲੀ ਪਹੁੰਚੇ। ਇੱਥੋਂ ਆਪ ਜੀ ਕੜਾਮਾਨਕਪੁਰ, ਸਢੋਲ, ਬਾਨਿਕਪੁਰ, ਰੋਹਤਕ, ਤਰਾਵੜੀ, ਬਣੀ ਬਦਰਪੁਰ, ਮੁਨੀਰਪੁਰ, ਅਜਰਾਣਾ ਕਲਾਂ, ਰਾਇਪੁਰ ਹੇੜੀ, ਝੀਉਰਹੇੜੀ, ਰੋਹੜਾ, ਥਾਨ ਤੀਰਥ, ਡੱਢੀ, ਬੁੱਧਪੁਰ, ਸਿਆਣਾ ਸਯਦਾਂ, ਥਾਨੇਸਰ, ਕੁਰੂਕਸ਼ੇਤਰ, ਬਰਨਾ, ਸਰਸਵਤੀ, ਕੈਥਲ, ਪਹੋਆ, ਕਰਾ ਸਾਹਿਬ, ਚੀਕਾ, ਭਾਗਲ, ਗੂਹਲਾ, ਗੜ੍ਹੀ ਨਜ਼ੀਰ, ਸਮਾਣਾ ਆਦਿ ਹੁੰਦੇ ਹੋਏ ਸੈਫ਼ਾਬਾਦ ਰਾਹੀਂ ਵਾਪਸ ਅਨੰਦਪੁਰ ਸਾਹਿਬ ਮਾਰਚ 1671 'ਚ ਪਹੁੰਚੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਭ ਤੋਂ ਵਧੇਰੇ ਪ੍ਰਚਾਰ ਯਾਤਰਾਵਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਆਸਾਮ ਅਤੇ ਬੰਗਲਾਦੇਸ਼ ਤੱਕ ਫੈਲੀਆਂ ਹੋਈਆਂ ਹਨ। ਇਨ੍ਹਾਂ ਅਸਥਾਨਾਂ 'ਤੇ ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ ਜਿਹੜੇ ਉਨ੍ਹਾਂ ਦੀ ਦੈਵੀ ਹਸਤੀ ਤੇ ਪਰਉਪਕਾਰ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ।

ਗੁਰੂ ਜੀ ਦੀਆਂ ਇਨ੍ਹਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਤੇ ਸਦਾਚਾਰੀ ਜੀਵਨਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਹੱਲ (ਬਾਕੀ ਸਫ਼ਾ 29 'ਤੇ)



# ‘ਵੀਰ ਬਾਲ ਦਿਵਸ’ ਜਾਂ ‘ਸਾਹਿਬਜ਼ਾਦੇ ਸ਼ਹਾਦਤ ਦਿਵਸ’



ਗੁਰਚਰਨਜੀਤ ਸਿੰਘ ਲਾਂਬਾ

> ਸਰਕਾਰ ਵਲੋਂ ਆਪਣੇ ਆਪ ਹੀ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਕਿਨਾਰ ਕਰਕੇ ਅਤੇ ਬਿਨਾ ਸਲਾਹ ਮਸ਼ਵਰੇ ਦੇ ਇਸ ਦਾ ਨਾਮ ਅਤੇ ਦਿਨ ਨਿਸ਼ਚਿਤ ਕਰ ਦੇਣਾ ਪੰਥ ਨੂੰ ਪ੍ਰਵਾਨ ਨਹੀਂ ਹੋ ਸਕਦਾ। ਇਹ ਪੰਥ ਦਾ ਹੱਕ ਅਤੇ ਫਰਜ਼ ਹੈ ਕਿ ਇਸ ਦਿਨ ਨੂੰ ਕਿਸ ਨਾਮ ਨਾਲ ਅਤੇ ਕਿਸ ਤਰ੍ਹਾਂ ਮਨਾਇਆ ਜਾਏ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦਾ ਨਾਮ ‘ਸਾਹਿਬਜ਼ਾਦੇ ਸ਼ਹਾਦਤ ਦਿਵਸ’ ਸੁਝਾਇਆ ਗਿਆ ਹੈ।

ਭਾਰਤ ਸਰਕਾਰ ਵਲੋਂ ਸਾਹਿਦਬਜ਼ਾਦਿਆਂ ਦੀ ਪਾਵਨ ਯਾਦ ਵਿਚ ਹਰ ਸਾਲ 14 ਨਵੰਬਰ 14 ਨਵੰਬਰ ਨੂੰ ‘ਵੀਰ ਬਾਲ ਦਿਵਸ’ ਦੇ ਨਾਮ ਤੇ ਮਨਾਉਣ ਦਾ ਐਲਾਨ ਕੀਤਾ ਗਿਆ। ਇਸ ਐਲਾਨ ਨਾਲ ਪੰਥ ਵਿਚ ਇਕ ਨਵੀਂ ਦੁਬਿਧਾ ਅਤੇ ਦੁਚਿੱਤੀ ਖੜੀ ਹੋ ਗਈ ਹੈ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਰਕਾਰ ਵਲੋਂ ਸਾਹਿਬਜ਼ਾਦਿਆਂ ਦੀ ਯਾਦ ਮਨਾਉਣ ਦਾ ਤਾਂ ਸਵਾਗਤ ਕੀਤਾ ਗਿਆ ਪਰ ਇਸ ਦਾ ਨਾਮ ‘ਵੀਰ ਬਾਲ ਦਿਵਸ’ ਨੂੰ ਪਰਵਾਨ ਨਹੀਂ ਕੀਤਾ ਕਿ ਇਹ ਨਾਮ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਨਹੀਂ ਹੈ।

ਸਰਕਾਰ ਵਲੋਂ ਆਪਣੇ ਆਪ ਹੀ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਕਿਨਾਰ ਕਰਕੇ ਅਤੇ ਬਿਨਾ ਸਲਾਹ ਮਸ਼ਵਰੇ ਦੇ ਇਸ ਦਾ ਨਾਮ ਅਤੇ ਦਿਨ ਨਿਸ਼ਚਿਤ ਕਰ ਦੇਣਾ ਪੰਥ ਨੂੰ ਪ੍ਰਵਾਨ ਨਹੀਂ ਹੋ ਸਕਦਾ। ਇਹ ਪੰਥ ਦਾ ਹੱਕ ਅਤੇ ਫਰਜ਼ ਹੈ ਕਿ ਇਸ ਦਿਨ ਨੂੰ ਕਿਸ ਨਾਮ ਨਾਲ ਅਤੇ ਕਿਸ ਤਰ੍ਹਾਂ ਮਨਾਇਆ ਜਾਏ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦਾ ਨਾਮ ‘ਸਾਹਿਬਜ਼ਾਦੇ ਸ਼ਹਾਦਤ ਦਿਵਸ’ ਸੁਝਾਇਆ ਗਿਆ ਹੈ।ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿਚ ਵਿਲੱਖਣ ਹੈ। ਇਸ ਦਿਨ ਨੂੰ ਨਾ ਤਾਂ ਮਾਤਮ ਹੀ ਮਨਾਇਆ ਜਾਂਦਾ ਹੈ ਅਤੇ ਨਾ ਹੀ ਮੇਲੇ ਲਗਾਏ ਜਾਂਦੇ ਹਨ। ਸਾਹਿਬਜ਼ਾਦਿਆਂ ਦੀ ਪਾਵਨ ਯਾਦ ਵਿਚ ਜੋੜ ਮੇਲਾ ਹੁੰਦਾ ਹੈ।

2018 ਵਿਚ ਪਾਲੀਮੈਂਟ ਦੇ ਸੱਠ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿ 26 ਦਸੰਬਰ ਨੂੰ ਸਾਹਿਬਜ਼ਾਦਿਆਂ ਦੀ ਯਾਦ ਦੇ ਤੌਰ ’ਤੇ ‘ਬਾਲ ਦਿਵਸ’ ਐਲਾਨਿਆ ਜਾਵੇ। ਵੈਸੇ 1947 ਤੋਂ ਹੀ 14 ਨਵੰਬਰ ਨੂੰ ਪੰਡਤ ਨਹਿਰੂ ਦੇ ਜਨਮ ਦਿਨ ਨੂੰ ‘ਬਾਲ ਦਿਵਸ Childrens’ Day ਕਰਕੇ ਮਨਾਇਆ ਜਾਂਦਾ ਰਿਹਾ ਹੈ। ਉਪਰੰਤ ਸਰਕਾਰੀ ਤੌਰ ’ਤੇ 14 ਨਵੰਬਰ 1957 ਤੋਂ ਇਸ ਦਿਨ ਨੂੰ ਬਾਲ ਦਿਵਸ ਦੇ ਤੌਰ ’ਤੇ ਮਨਾਉਣਾ ਸ਼ੁਰੂ ਹੋਇਆ ਅਤੇ ਇਸ ਦਿਨ ਤਿੰਨ ਯਾਦਗਾਰੀ ਡਾਕ ਟਿਕਟਾਂ ਅਤੇ ਇਕ ਟਿਕਟ ਲਿਫਾਫਾ ਜਾਰੀ ਕੀਤਾ ਗਿਆ। ਹੁਣ ਤੱਕ ਇਸ ਸੰਦਰਭ ਵਿਚ 50-60 ਡਾਕ ਟਿਕਟਾਂ ਵੀ ਜਾਰੀ ਹੋ ਚੁੱਕੀਆਂ ਹਨ। ਇਸ ਤਰ੍ਹਾਂ ‘ਬਾਲ ਦਿਵਸ’ ਦਾ ਸਿੱਧਾ ਪਧਰਾ ਅਰਥ ਜੋ ਆਮ ਬੋਲਚਾਲ ਦੀ ਭਾਸ਼ਾ ਵਿਚ ਲਿਆ ਅਤੇ ਪ੍ਰਚਾਰਿਆ ਗਿਆ ਹੈ, ਉਹ ਹੈ ਨਹਿਰੂ ਦੇ ਨਾਮ ਤੇ ਬਾਲ ਦਿਵਸ ਜਾਂ ਬੱਚਿਆਂ ਦਾ ਦਿਨ। ਇਸ ਦਿਨ ਬੱਚਿਆਂ ਨੂੰ ਸਾਹਮਣੇ ਰੱਖ ਕੇ ਪ੍ਰੋਗਰਾਮ ਉਲੀਕੇ ਜਾਂਦੇ ਰਹੇ ਹਨ। ਸਾਹਿਬਜ਼ਾਦਿਆਂ ਨੂੰ ਤਾਂ ਸਿੱਖ ਜਗਤ ‘ਬਾਬਾ’ ਕਹਿ ਕੇ ਸਤਿਕਾਰਦਾ ਹੈ।

‘ਵੀਰ ਬਾਲ ਦਿਵਸ ਦੋ ਲਫ਼ਜ਼ਾਂ ਦਾ ਜੋੜ ਹੈ, ‘ਵੀਰ’ ਅਤੇ ‘ਬਾਲ ਦਿਵਸ’। ਹੁਣ ਜੇ ਪੰਡਤ ਨਹਿਰੂ ਦੇ ਨਾਮ ਤੋਂ ‘ਬਾਲ ਦਿਵਸ’ ਹਟਾ ਕੇ ਸਾਹਿਬਜ਼ਾਦਿਆਂ ਦੇ ਨਾਮ ਤੇ ਕਰ ਦਿੱਤਾ ਗਿਆ ਹੈ ਤਾਂ ਕੀ ਕੱਲ੍ਹ ਨੂੰ ਜੇ ਨਹਿਰੂ ਸਮਰਥਕ ਇਸ ਨੂੰ ਮੁੜ ਵਾਪਸ ਬਹਾਲ ਕਰਨਗੇ ਤਾਂ ਫਿਰ ਇਹ ਵਿਵਾਦਤ ਕਲੇਸ਼ ਸਾਡੇ ਸਿਰ ਕਿਉਂ?

ਹੁਣ ਗੁਰੂ ਸੂਤ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾ ਤਾਂ ਬੱਚਿਆਂ ਦੀ ਖੇਡ ਹੈ ਅਤੇ ਨਾ ਹੀ ਇਸ ਨੂੰ ਬੱਚਿਆਂ ਦਾ ਦਿਨ ਹੀ ਕਿਹਾ ਜਾ ਸਕਦਾ ਹੈ। ਸ਼ੇਖ ਸਾਅਦੀ ਦਾ ਕਥਨ ਵੀ ਹੈ, ਬਜ਼ੁਰਗੇ ਬਾਅਕਲ ਅਸਤ, ਨਕੇ ਬਾ-ਸਾਲ, ਇਸੇ ਲਈ ਮਹਾਨ ਸਾਹਿਬਜ਼ਾਦਿਆਂ ਨੂੰ ਬਾਬਾ ਕਰਕੇ ਮੁਖਾਤਬ ਕੀਤਾ ਜਾਂਦਾ ਹੈ। ਫਤਹਿਗੜ੍ਹ ਸਾਹਿਬ ਤੇ ਉਕਰੇ ਗੁਰਬਾਣੀ ਦਾ ਇਕ ਮਹਾਨ ਵਾਕ ਕਿਤਨਾ ਭਾਵਪੂਰਤ ਹੈ, ਜੋਬਨ ਜਾਂਦੇ ਨਾ ਡਰਾਂ ਜੇ ਸਹ ਤਿ ਨ ਜਾਇ॥ (ਅੰਗ 1379) ਸਰਵ ਵਿਦਤ ਹੈ ਕਿ ਕਿਸ ਸ਼ਾਲੀਨਤਾ ਅਤੇ ਸਤਿਕਾਰ ਨਾਲ ਇਹ ਪੂਰਾ ਸ਼ਹੀਦੀ ਹਫ਼ਤਾ ਮਨਾਇਆ ਜਾਂਦਾ ਹੈ।

ਸਦੀਆਂ ਬੀਤ ਗਈਆਂ, ਇਸ ਪਾਵਨ ਦਿਨ ਨੂੰ ਤਾਂ ਮੇਲਾ ਵੀ ਨਹੀਂ ਬਲਕਿ ‘ਸ਼ਹੀਦ ਜੋੜ ਮੇਲਾ’ ਕਰਕੇ 13 ਪੋਹ ਨੂੰ ਮਨਾਇਆ ਜਾਂਦਾ ਹੈ। ਇਸ ਸਾਲ ਇਹ 28 ਦਸੰਬਰ ਨੂੰ ਹੈ। ਪਰ ਸਰਕਾਰ ਵਲੋਂ ਇਹ 26 ਦਸੰਬਰ ਨੂੰ ਨਿਸ਼ਚਿਤ ਕੀਤਾ ਗਿਆ ਹੈ। ਕੀ ਪੰਥ ਹੁਣ ਇਹ ਵੀ ਨਿਸ਼ਚਿਤ ਨਹੀਂ ਕਰ ਸਕਦਾ ? ਕੀ ਇਹ ਧਾਰਮਿਕ ਮਸਲੇ ਵਿਚ ਦਖ਼ਲ ਨਹੀਂ ? ਜੇਕਰ ਰਾਮ ਨਵਮੀ, ਜਨਮ ਅਸ਼ਟਮੀ, ਬੁਧ ਪੁਰਨਿਮਾ, ਦੁਸਹਿਰਾ, ਸ਼ਿਵਰਾਤੀ, ਦਿਵਾਲੀ, ਮੁਹੱਰਤ ਆਦਿ ਦੀ ਤਰੀਕ ਨਿਸ਼ਚਿਤ ਨਹੀਂ ਕੀਤੀ ਗਈ ਪਰ ਇਸ ਤਰੀਕ ਨੂੰ ਸਰਕਾਰ ਵਲੋਂ ਆਪਣੇ ਆਪ ਨਿਸ਼ਚਿਤ ਕਰਨਾ ਸਹੀ ਨਹੀਂ ਕਿਹਾ ਜਾ ਸਕਦਾ। ਸਰਕਾਰ ਵਲੋਂ ਉਸੇ ਦਿਨ ਨੂੰ ਛੁੱਟੀ ਐਲਾਨਣੀ ਚਾਹੀਦੀ ਹੈ ਜਿਸ ਦਿਨ ਫਤਹਿਗੜ੍ਹ ਸਾਹਿਬ ਇਹ ਜੋੜ ਮੇਲਾ ਮਨਾਇਆ ਜਾਂਦਾ ਹੈ।

ਇਹ ਸਹੀ ਹੈ ਕਿ ਪੰਡਿਤ ਨਹਿਰੂ ਨਾਲ ਸਿਆਸੀ ਮਤਭੇਦ ਹੋਣ ਕਾਰਨ ਵਾਰ ਵਾਰ ਇਕ ਵਰਗ ਵਿਸ਼ੇਸ਼ ਵਲੋਂ ਇਹ ਮੰਗ ਕੀਤੀ ਜਾਂਦੀ ਰਹੀ ਹੈ ਕਿ ਨਹਿਰੂ ਦੇ ਨਾਮ ਤੇ ਨਿਸ਼ਚਿਤ ‘ਬਾਲ ਦਿਵਸ’ ਨੂੰ ਨਹਿਰੂ ਨਾਲੋਂ ਵਿਛੇਦ ਕਰਕੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ‘ਬਾਲ ਦਿਵਸ’ ਨਿਰਧਾਰਿਤ ਕੀਤਾ ਜਾਵੇ। ਸਵਾਲ ਨਹਿਰੂ ਨਾਲ ਕਿਸੇ ਹੇਤ ਜਾਂ ਦੇਸ਼ ਦਾ ਨਹੀਂ ਪਰ ਇਸ ਤਰ੍ਹਾਂ ਇਕ ਨਿਸ਼ਚਿਤ ਅਤੇ ਪ੍ਰਚਲਤ ਨਾਮ ਨੂੰ ਉਤਾਰ ਕੇ ਸਾਹਿਬਜ਼ਾਦਿਆਂ ਦੇ ਨਾਮ ਤੇ ਰੱਖਿਆ ਜਾਏ, ਇਹ ਸਾਹਿਬਜ਼ਾਦਿਆਂ ਦੀ ਨਿਰਾਦਰੀ ਹੈ। ਸਿੱਖ ਪ੍ਰੰਪਰਾ ਵਿਚ ਤਾਂ ਮਹਾਰਾਜਾ ਰਣਜੀਤ ਸਿੰਘ ਵਲੋਂ ਪਹਿਲਾਂ ਲੱਗ ਚੁੱਕੀ ਚਾਨਣੀ ਦਰਬਾਰ ਸਾਹਿਬ ਭੇਟ ਕਰਨ ਤੇ ਵੀ ਤਨਖਾਹ ਲੱਗੀ ਸੀ।ਪਿੱਛੇ ਜਿਹੇ ਉਤਰਨ ਨਾਮ ਦਾ ਇਕ ਟੀਵੀ ਸੀਰੀਅਲ ਬਹੁਤ ਮਸ਼ਹੂਰ ਹੋਇਆ ਸੀ। ਉਸ ਵਿਚ ਇਕ ਗਰੀਬ ਕੁੜੀ ਜੋ ਘਰ ਵਿਚ ਨੌਕਰਾਣੀ ਦਾ ਕੰਮ ਕਰਦੀ ਹੈ, ਉਹ ਆਪਣੀ ਮਾਲਕਣ ਨੂੰ ਕਹਿ ਰਹੀ ਹੈ ਕਿ ਮੈਨੂੰ ਨਵੇਂ ਕੱਪੜੇ ਨਹੀਂ ਦੇ ਸਕਦੇ ਤਾਂ ਆਪਣੀ ਉਤਰਨ (ਪੁਰਾਣਾ ਲੱਥੇ ਹੋਏ ਕੱਪੜੇ) ਹੀ ਦੇ ਦਿਉ। ਮਨੁ ਸਿਮਰਤੀ ਦੇ ਅਧਿਆਇ 10 ਦੇ ਸਲੋਕ 52 ਤੇ ਵੀ ਅੰਕਤ ਹੈ ਕਿ ਸਮਾਜ ਦੇ ਅਖੌਤੀ ਅਤਿ ਨੀਵੀਂ ਜਾਤ ਵਾਲਿਆਂ ਨੂੰ ਮੁਰਦਿਆਂ ਦੇ ਉਤਾਰੇ ਹੋਏ ਅਤੇ ਚੀਥੜੇ ਵਸਤ ਦਿੱਤੇ ਜਾਣ।

ਹੁਣ ਬਾਲ ਦਿਵਸ ਲਫ਼ਜ਼ ਉਤਰਨ ਦੀ ਤਰ੍ਹਾਂ ਲਗਦਾ ਹੈ। ਇਸ ਦੇ ਇਲਾਵਾ ਵੀਰ ਬਾਲ ਦਿਵਸ ਵਿਚ ਵਰਤੇ ‘ਵੀਰ’ ਲਫ਼ਜ਼ ਬਾਰੇ ਬੇਨਤੀ ਹੈ ਕਿ ਇਹ ਸਾਧਾਰਨ ਲਫਜ਼ ਨਹੀਂ ਹੈ। ਇਸ ਦੇ ਗਹਿਰ ਗੰਭੀਰ ਅਤੇ ਦੂਰਗਾਮੀ ਪ੍ਰਭਾਵਕਾਰੀ ਅਰਥ ਹਨ। ਹਿੰਦੂ ਫਲਸਫੇ ਵਿਚ ਜੋਗੀ, ਜਤੀ, ਜੋਗਈਆਂ ਅਤੇ ਵੀਰ ਆਦਿ ਹਨ। ਇਸ ਤਰ੍ਹਾਂ ਸਕੰਦ ਪੁਰਾਣ ਦੇ ਕੇਦਾਰਖੰਡ ਵਿਚ ਬਵੰਜਾ ਵੀਰ ਮੰਨੇ ਗਏ ਹਨ। ਇਨ੍ਹਾਂ ਵਿਚ (ਬਾਕੀ ਸਫ਼ਾ 31 ’ਤੇ)

## ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਇਲਮ ਤੇ ਅਦਬ ਦਾ ਮਰਕਜ਼






ਡਾ. ਗ਼ਜ਼ਨਫ਼ਰ ਬੁਖ਼ਾਰੀ

ਪੰਜਾਬ ਦੀ ਧਰਤੀ ਇਲਮ ਤੇ ਦਾਨਿਸ਼ ਦੀ ਧਰਤੀ ਹੈ। ਇਥੋਂ ਦੇ ਵਸਨੀਕ ਹਮੇਸ਼ਾ ਤੋਂ ਹੀ ਇਲਮ ਦੇ ਨੂਰ ਦੀ ਪਾਲਣਾ ਕਰਨ ਵਾਲੇ ਹਨ। ਗੁਰੂਆਂ ਪੀਰਾਂ ਨੇ ਇਸ ਧਰਤੀ ਨੂੰ ਹਮੇਸ਼ਾ ਤੋਂ ਹੀ ਆਪਣੇ ਗਿਆਨ ਦੇ ਨੂਰ ਨਾਲ਼ ਰੌਸ਼ਨ ਕੀਤਾ ਹੈ। ਪੰਜਾਬ ਭਾਵੇਂ ਲਹਿੰਦਾ ਹੋਵੇ ਜਾਂ ਚੜ੍ਹਦਾ, ਪੰਜਾਬੀ ਇਲਮ ਨਾਲ਼ ਪਿਆਰ ਕਰਨੇ ਵਾਲੇ ਹਨ। ਗਿਆਨ ਨਾਲ਼ ਮੁਹੱਬਤ ਦੀ ਇਕ ਨਵੀਂ ਮਿਸਾਲ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਹੈ। ਬਾਬਾ ਗੁਰੂ ਨਾਨਕ ਜੀ ਉਹ ਮਹਾਨ ਹਸਤੀ ਹਨ ਜਿਨ੍ਹਾਂ ਨੂੰ ਇਲਮ ਦਾ ਸਮੁੰਦਰ ਆਖਿਆ ਜਾਏ ਤੇ ਗ਼ਲਤ ਨਹੀਂ ਹੋਏਗਾ।ਬਾਬਾ ਗੁਰੂ ਨਾਨਕ ਜੀ ਹੋਰਾਂ ਨੇ ਆਪਣੇ ਗਿਆਨ ਦੇ ਫ਼ੈਜ਼ ਨਾਲ਼ ਪੰਜਾਬੀਆਂ ਦੇ ਦਿਲਾਂ ਨੂੰ ਚਾਨਣ ਨਾਲ਼ ਭਰ ਦਿੱਤਾ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਆਪਣੇ ਰੂਹਾਨੀ ਫ਼ੈਜ਼ ਨਾਲ਼ ਪੰਜਾਬੀਆਂ ਦੇ ਸੈਣੀਆਂ ਨੂੰ ਰੌਸ਼ਨ ਕਰ ਦਿੱਤਾ। ਬਾਬਾ ਗੁਰੂ ਨਾਨਕ ਜੀ ਮਹਾਰਾਜ ਦਾ ਨਾਂ ਜਿਥੇ ਵੀ ਆਉਂਦਾ ਏ ਇਲਮ ਤੇ ਅਦਬ ਦਾ ਇਕ ਰੌਸ਼ਨ ਮੀਨਾਰਾ ਅੱਖਾਂ ਸਾਹਮਣੇ ਆ ਜਾਂਦਾ ਏ। ਬਾਬਾ ਜੀ ਉਹ ਮਹਾਨ ਹਸਤੀ ਹੈ ਜਿਨ੍ਹਾਂ ਨੇ ਹਮੇਸ਼ਾ ਮੁਹੱਬਤ ਤੇ ਬਰਦਾਸ਼ਤ ਕਰਨ ਦਾ ਦਰਸ ਦਿੱਤਾ। ਉਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਆਪਣੀ ਜ਼ਾਤ ਦਾ ਅਮਲੀ ਨਮੂਨਾ ਪੇਸ਼ ਕੀਤਾ, ਧਰਮਾਂ ਦੀ ਵਲ਼ਗਣ ਵਿਚੋਂ ਨਿਕਲ ਕੇ ਉਨ੍ਹਾਂ ਨੇ ਉੱਚ ਪੱਧਰ ਅਤੇ ਉੱਚ ਕੋਟੀ ਦੇ ਭਾਈਚਾਰੇ ਤੇ ਸਹਿਣਸ਼ੀਲਤਾ ਦਾ ਸੁਨੇਹਾ ਦਿੱਤਾ। ਲਹਿੰਦੇ ਪੰਜਾਬ ਦੇ ਜ਼ਿਲ੍ਹਾ ਨਨਕਾਣਾ ਸਾਹਿਬ ਵਿਚ ਬਾਬਾ ਗੁਰੂ ਨਾਨਕ ਜੀ ਦੇ ਨਾਂ ਉਪਰ ਬਣਨ ਵਾਲੀ ਯੂਨੀਵਰਸਿਟੀ ਨਾ ਸਿਰਫ਼ ਨਿਰੀ ਪੰਜਾਬੀ ਜ਼ਬਾਨ ਤੇ ਅਦਬ ਦੀ ਤਰੱਕੀ ਲਈ ਅਹਿਮ ਕਿਰਦਾਰ ਅਦਾ ਕਰੇਗੀ ਸਗੋਂ ਜਦੀਦ ਉਲੂਮ ਦੀ ਵੀ ਵੱਡੀ ਵਰਸਗਾਹ ਬਣੇਗੀ। ਬਾਬਾ ਗੁਰੂ ਨਾਨਕ ਯੂਨੀਵਰਸਿਟੀ ਸੂਬਾ ਪੰਜਾਬੀ ਦੀ ਛਤਰ-ਛਾਵੇਂ ਹੋਣ ਵਾਲੀ ਇੰਟਰਨੈਸ਼ਲ ਕਾਨਫ਼ਰੰਸ ਵਿਚ ਅਮਰੀਕਾ ਭਾਰਤ ਤੋਂ ਢੇਰ ਗਿਣਤੀ ਵਿਚ ਇਲਮ ਗਿਆਨ ਨਾਲ਼ ਭਰੀਆਂ ਹਸਤੀਆਂ ਹਨ, ਰਲਤੀ ਕੀਤੀ ਤੇ ਆਪਣੇ ਵਿਚਾਰ ਸਾਂਝੇ ਕੀਤੇ।ਕਾਨਫ਼ਰੰਸ ਵਿਚ ਭਾਰਤ ਤੋਂ (ਬਾਕੀ ਸਫ਼ਾ 31 ’ਤੇ)

21 ਨਵੰਬਰ ਕੌਮਾਂਤਰੀ ਟੈਲੀਵਿਜਨ ਦਿਵਸ ’ਤੇ ਵਿਸ਼ੇਸ਼

## ਮੈਨੂੰ ਟੈਲੀਵਿਜਨ ਲੈ ਦੇ ਵੇ, ਤਸਵੀਰਾਂ ਬੋਲਦੀਆਂ



ਗੋਬਿੰਦਰ ਸਿੰਘ ਢੀਂਡਸਾ



ਪੰਜਾਬ ਦੀ ਮਕਬੂਲ ਦੋਗਾਣਾ ਗਾਇਕ ਜੋੜੀ ਮੁਹੰਮਦ ਸਦੀਕ ਤੇ ਬੀਬਾ ਰਣਜੀਤ ਕੌਰ ਦੇ ਪ੍ਰਸਿੱਧ ਗੀਤ ‘ਮੈਨੂੰ ਟੈਲੀਵਿਜਨ ਲੈ ਦੇ ਵੇ, ਤਸਵੀਰਾਂ ਬੋਲਦੀਆਂ’ ਆਪਣੇ ਆਪ ਵਿੱਚ ਹੀ ਟੈਲੀਵਿਜਨ ਦੀ ਮਹੱਤਤਾ ਵੱਲ ਇਸ਼ਾਰਾ ਕਰਦਾ ਹੈ। ਟੈਲੀਵਿਜਨ ਮੀਡੀਆ ਦੀ ਸਭ ਤੋਂ ਪ੍ਰਮੁੱਖ ਤਾਕਤ ਦੇ ਰੂਪ ਵਿੱਚ ਉਭਰਿਆ ਹੈ। ਪਹਿਲੀ ਵਾਰ 1907 ਵਿੱਚ ਟੈਲੀਵਿਜਨ ਸ਼ਬਦ ਹੋਂਦ ਵਿੱਚ ਆਇਆ ਅਤੇ ਡਿਕਸ਼ਨਰੀ ਵਿੱਚ ਜੋੜਿਆ ਗਿਆ। ਟੈਲੀਵਿਜਨ ਦਾ ਸੰਖੇਪ ਸ਼ਬਦ ਟੀਵੀ ਪਹਿਲੀ ਵਾਰ 1948 ਵਿੱਚ ਇਸਤੇਮਾਲ ਕੀਤਾ ਗਿਆ।ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ ਦੁਆਰਾ 17 ਦਸੰਬਰ 1996 ਵਿੱਚ 21 ਨਵੰਬਰ ਨੂੰ ਕੌਮਾਂਤਰੀ ਟੈਲੀਵਿਜਨ ਦਿਵਸ ਦੇ ਰੂਪ ਵਿੱਚ ਮਨਾਉਣ ਦੀ ਘੋਸ਼ਣਾ ਕੀਤੀ। ਸੰਯੁਕਤ ਰਾਸ਼ਟਰ ਨੇ ਸਾਲ 1996 ਵਿੱਚ 21 ਅਤੇ 22 ਨਵੰਬਰ ਨੂੰ ਵਿਸ਼ਵ ਦੇ ਪਹਿਲੇ ਕੌਮਾਂਤਰੀ ਟੈਲੀਵਿਜਨ ਫੋਰਮ ਦਾ ਆਯੋਜਨ ਕੀਤਾ ਸੀ। ਟੈਲੀਵਿਜਨ ਲੋਕਾਂ ਦੇ ਮਨੋਰੰਜਨ ਅਤੇ ਗਿਆਨ ਵਿੱਚ ਵਾਧਾ ਕਰਨ ਵਿੱਚ ਸਹਾਈ ਹੋਇਆ ਹੈ। ਸਕਾਟਲੈਂਡ ਇੰਜੀਨੀਅਰ ਜਾੱਨ ਲੋਗੀ ਬੇਅਰਡ ਨੇ ਟੈਲੀਵਿਜਨ ਦੀ ਖੋਜ 1924 ਵਿੱਚ ਕੀਤੀ। ਯੂਨੈਸਕੋ ਨੇ ਟੈਲੀਵਿਜਨ ਨੂੰ ਸੰਚਾਰ ਅਤੇ ਸੂਚਨਾ ਦਾ ਇੱਕ ਮਹੱਤਵਪੂਰਨ ਸਾਧਨ ਦੇ ਰੂਪ ਵਿੱਚ ਪਹਿਚਾਣਿਆ ਹੈ।

ਭਾਰਤ ਵਿੱਚ ਪਹਿਲੀ ਵਾਰ ਟੀ.ਵੀ. 15 ਸਤੰਬਰ 1959 ਨੂੰ ਆਇਆ। ‘ਦੂਰਦਰਸ਼ਨ’ ਦਾ ਪਹਿਲਾ ਪ੍ਰਸਾਰਣ ਪ੍ਰਯੋਗ ਆਧਾਰ ਤੇ ਅੱਧੇ ਘੰਟੇ ਲਈ ਸਿੱਖਿਅਕ ਅਤੇ ਵਿਕਾਸ ਕਾਰਜਕਰਮਾਂ ਦੇ ਰੂਪ ਵਿੱਚ ਸ਼ੁਰੂ ਕੀਤਾ ਗਿਆ। ਸ਼ੁਰੂਆਤੀ ਸਮੇਂ ਦੂਰਦਰਸ਼ਨ ਦਾ ਪ੍ਰਸਾਰਣ ਹਫਤੇ ਵਿੱਤ ਕੇਵਲ ਤਿੰਨ ਦਿਨ ਅੱਧੇ-ਅੱਧੇ ਘੰਟੇ ਲਈ ਹੁੰਦਾ ਸੀ, ਉਦੋਂ ਇਸ ਨੂੰ ਟੈਲੀਵਿਜਨ ਇੰਡੀਆ ਨਾਮ ਦਿੱਤਾ ਗਿਆ ਸੀ ਅਤੇ ਬਾਦ ਵਿੱਚ 1975 ਵਿੱਚ ਇਸਦਾ ਹਿੰਦੀ ਨਾਮਕਰਨ ‘ਦੂਰਦਰਸ਼ਨ’ ਰੱਖਿਆ ਗਿਆ। ਸਾਲ 1991 ਵਿੱਚ ਹੋਏ ਆਰਥਿਕ ਸੁਧਾਰਾਂ ਤੱਕ ‘ਦੂਰਦਰਸ਼ਨ’ ਇਕੱਲਾ ਹੀ ਰਾਸ਼ਟਰੀ ਚੈਨਲ ਬਣਿਆ ਰਿਹਾ।

‘ਦੂਰਦਰਸ਼ਨ’ ਦੀ ਦੇਸ਼ ਦੇ ਮਹਾਂਨਾਗਰਾਂ ਦਿੱਲੀ ਵਿੱਚ 9 ਅਗਸਤ 19848 ਨੂੰ, ਮੁੰਬਈ ਵਿੱਚ 1 ਮਈ 1985 ਨੂੰ, ਚੇਨੱਈ ਵਿੱਚ 19 ਨਵੰਬਰ 1987 ਨੂੰ ਅਤੇ ਕਲਕੱਤੇ ਵਿੱਚ 1 ਜੁਲਾਈ 1988 ਨੂੰ ਸ਼ੁਰੂਆਤ ਕੀਤੀ ਗਈ। 26 ਜਨਵਰੀ 1993 ਨੂੰ ਮੈਟਰੋ ਚੈਨਲ ਸ਼ੁਰੂ ਕਰਨ ਦੇ ਲਈ ਇੱਕ ਦੂਜੇ ਚੈਨਲ ਦੀ ਨੈੱਟਵਰਕਿੰਗ ਹੋਈ। 14 ਮਾਰਚ 1995 ਨੂੰ ਅੰਤਰਰਾਸ਼ਟਰੀ ਚੈਨਲ ਡੀਡੀ ਇੰਡੀਆ ਦੀ ਸ਼ੁਰੂਆਤ ਹੋਈ। 23 ਨਵੰਬਰ 1997 ਨੂੰ ਪ੍ਰਸਾਰ ਭਾਰਤੀ ਦਾ ਗਠਨ (ਭਾਰਤੀ ਪ੍ਰਸਾਰਣ ਨਿਗਮ) ਹੋਇਆ। ਡੀਡੀ ਪੰਜਾਬੀ ਦੀ ਸ਼ੁਰੂਆਤ ਸਾਲ 1998 ਵਿੱਚ ਕੀਤੀ ਗਈ ਅਤੇ 18 ਮਾਰਚ 1999 ਨੂੰ ਖੇਡ ਚੈਨਲ ਡੀਡੀ ਸਪੋਰਟਸ ਦੀ ਸ਼ੁਰੂਆਤ ਹੋਈ। 3 ਨਵੰਬਰ 2002 ਨੂੰ ਚੌਵੀ ਘੰਟੇ ਖਬਰਾਂ ਵਾਲੇ ਚੈਨਲ ਡੀਡੀ ਨਿਊਜ਼ ਦੀ ਸ਼ੁਰੂਆਤ ਕੀਤੀ ਗਈ। 16 ਦਸੰਬਰ 2004 ਨੂੰ ਮੁਫ਼ਤ ਡੀਟੀਐੱਚ ਸੇਵਾ ਡੀਡੀ ਡਾਇਰੈਕਟ ਦੀ ਸ਼ੁਰੂਆਤ ਕੀਤੀ ਗਈ।

1991 ਦੇ ਬਾਅਦ ਨਿੱਜੀ ਅਤੇ ਵਿਦੇਸ਼ੀ ਪ੍ਰਸਾਰਕਾਂ ਨੂੰ ਸੀਮਿਤ ਸੰਚਾਲਨ ਵਿੱਚ ਸ਼ਾਮਿਲ ਹੋਣ ਦੀ ਆਗਿਆ ਦਿੱਤੀ ਗਈ। ਵਰਤਮਾਨ ਸਮੇਂ ਵਿੱਚ ਬਹੁਤ ਹੀ ਚੈਨਲ ਲੋਕਾਂ ਦੀ ਕਚਹਿਰੀ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਭਾਰਤੀ ਟੈਲੀਵਿਜਨ ਦੇ ਸਭ ਤੋਂ ਵੱਧ ਮਸ਼ਹੂਰ ਪ੍ਰੋਗਰਾਮਾਂ ਵਿੱਚ ਹਮਲੋਗ, ਬੁਨਿਆਦ, ਰਾਮਾਇਣ, ਮਹਾਂਭਾਰਤ, ਸ਼੍ਰੀ ਕ੍ਰਿਸ਼ਨਾ, ਮਾਲਗੁੱਡੀ ਡੇਜ਼, ਸ਼ਕਤੀਮਾਨ ਆਦਿ ਰਹੇ ਹਨ।

1936 ਤੱਕ ਦੁਨੀਆਂ ਵਿੱਚ ਲਗਭਗ 200 ਟੈਲੀਵਿਜਨ ਸੈੱਟ ਇਸਤੇਮਾਲ ਹੋਣ ਲੱਗੇ ਸੀ ਅਤੇ 12 ਇੰਚ ਦੀ ਟੀਵੀ ਸਕਰੀਨ ਦੇ ਨਾਲ ਵੱਡੇ ਵੱਡੇ ਉਪਕਰਨ ਆਉਂਦੇ ਸੀ। ਪੂਰੀ ਤਰ੍ਹਾਂ ਨਾਲ ਰੰਗਦਾਰ ਟੀਵੀ ਪ੍ਰਸਾਰਣ 1953 ਵਿੱਚ ਅਮਰੀਕਾ ਵਿੱਚ ਸ਼ੁਰੂ ਹੋਇਆ। ਰਾਬਰਟ ਐਡਲਰ ਨੇ ਪਹਿਲਾ ਰਿਮੋਟ ਕੰਟਰੋਲ 1956 ਵਿੱਚ ਬਣਾਇਆ।

1973 ਵਿੱਚ ਟੀਵੀ ਦੀ ਸਕਰੀਨ ਨੂੰ ਹੋਰ ਵੱਡਾ ਕੀਤਾ ਗਿਆ ਅਤੇ ਇਸ ਸਮੇਂ ਟੀਵੀ ਦਾ ਵਜਨ ਕਾਫੀ ਹੁੰਦਾ ਸੀ। ਸਾਲ 1980 ਵਿੱਚ ਟੀਵੀ ਦੇ ਨਾਲ ਵੀ.ਸੀ.ਆਰ. ਵੀਡੀਓ ਗੇਮਜ਼ ਆਉਣ ਲੱਗੀਆਂ ਅਤੇ ਇਸ ਨਾਲ ਟੀਵੀ ਦੀ ਪ੍ਰਸਿੱਧੀ ਹੋਰ ਵਧਦੀ ਗਈ ਅਤੇ ਫਿਰ ਰਿਮੋਟ ਵਾਲੇ ਟੀਵੀ ਨੇ ਦਸਤਕ ਦਿੱਤੀ। ਸਮੇਂ ਨਾਲ ਟੀਵੀ ਵਿੱਚ ਬਹੁਤ ਬਦਲਾਅ ਆਏ, ਟੀਵੀ ਦੇ ਸਾਇਜ ਅਤੇ ਗੁਣਵੱਤਾ ਵਧੀਆ ਹੋਈ, ਐੱਲ.ਸੀ.ਡੀ ਅਤੇ ਪਲਾਜਮਾ ਵਰਗੀ ਟੈਕਨੋਲੋਜੀ ਦੀ ਵਰਤੋਂ ਸ਼ੁਰੂ ਹੋਈ ਅਤੇ ਵਰਤਮਾਨ ਸਮਾਂ ਸਮਾਰਟ ਟੀਵੀ ਦਾ ਹੈ।

# ਭਾਈ ਝੰਡਾ ਜੀ



ਜ਼ੋਰਾਵਰ ਸਿੰਘ ਤਰਸਿੱਕਾ

ਭਾਈ ਝੰਡਾ ਜੀ ਬਾਬਾ ਬੱਢਾ ਸਾਹਿਬ ਜੀ ਦੇ ਪੜਪੋਤੇ ਭਾਈ ਭਾਨਾ ਜੀ ਦੇ ਪੋਤਰੇ ਭਾਈ ਸਰਵਨ ਜੀ ਦੇ ਸਪੁੱਤਰ ਭਾਈ ਗੁਰਦਿੱਤਾ ਜੀ ਦੇ ਪਿਤਾ ਜੀ ਭਾਈ ਰਾਮ ਕੋਇਰ ਜੀ ਦੇ ਦਾਦਾ ਜੀ ਭਾਈ ਮੇਹਰ ਸਿੰਘ ਜੀ ਦੇ ਪੜਦਾਦਾ ਜੀ ਅੱਗੇ ਉਨ੍ਹਾਂ ਦੇ ਪੁੱਤਰ ਭਾਈ ਸ਼ਾਮ ਸਿੰਘ ਜੀ ਅਗੇ ਉਨ੍ਹਾਂ ਦੇ ਪੁੱਤਰ ਕਾਹਨ ਸਿੰਘ ਜੀ ਅੱਗੇ ਉਨ੍ਹਾਂ ਦੇ ਪੁੱਤਰ ਸੁਜਾਨ ਸਿੰਘ ਜੀ ਹੋਏ ਸਨ। ਅੱਜ ਉਸ ਮਹਾਨ ਰੂਹ ਭਾਈ ਝੰਡਾ ਜੀ ਦੇ ਜੀਵਨ ਦੀਆਂ ਇਕ ਦੋ ਘਟਨਾਵਾਂ ਆਪ ਜੀ ਨਾਲ ਸਾਝੀਆਂ ਕਰਨ ਲੱਗਾ ਜੀ ਬਹੁਤ ਪਿਆਰ ਨਾਲ ਪੜੋ ਜੀ ।

ਗੁਰੂ ਹਰਿਗੋਬਿੰਦ ਜੀ ਨੇ ਸਿੱਖੀ ਨੂੰ ਸਮਝਾਂਦੇ ਹੋਏ ਦੱਸਿਆ ਸੀ ਕਿ ਸਿੱਖੀ ਦੀ ਅਸਲ ਜੜ੍ਹ ਨਿਮਰਤਾ ਹੈ ਤੇ ਸੇਵਾ ਉਸ ਦੀਆਂ ਸ਼ਾਖ਼ਾ ਸਨ। ਐਸੇ ਕਈ ਸਿੱਖ ਸਨ ਗੁਰੂ ਘਰ ਵਿਚ ਜੋ ਬਿਨਾਂ ਕਿਸੇ ਲਾਲਚ ਦੇ ਗੁਰੂ ਦੀ ਸੇਵਾ ਟਹਿਲ ਵਿਚ ਲੱਗੇ ਰਹਿੰਦੇ ਸਨ। ਗੁਰੂ ਦੇ ਮੂੰਹੋਂ ਅਚਨਚੇਤ ਵੀ ਨਿਕਲੇ ਵਾਕਾਂ' ਤੇ ਪੂਰਾ ਉਤਰਦੇ ਸਨ । ਸਰੀਰ ਦਾ ਖ਼ਿਆਲ ਉਨ੍ਹਾਂ ਦੇ ਦਿਲਾਂ ਵਿਚੋਂ ਨਿਕਲ ਗਿਆ ਸੀ । ਗੁਰੂ ਸ਼ਬਦਾਂ ਹੀ ਆਪਣੇ ਜੀਵਨ ਦਾ ਅਸਲ ਅਰਥ ਸਮਝਦੇ ਸਨ । ਗੁਰੂ ਦੀ ਕਹੀ ਗੱਲ 'ਭਾਣਾ ਮੰਨ ਉਸ ਉੱਤੇ ਅਮਲ ਕਰਦੇ ਰਹਿਣਾ। ਇਹ ਵਿਚਾਰ ਕੱਢ ਦੇਣੀ ਕਿਉਂ ਤੇ ਕਿੰਝ ਹੋਇਆ। ਸਿੱਖ ਸੇਵਕਾਂ ਵਿਚੋਂ ਭਾਈ ਝੰਡਾ ਜੀ ਵੀ ਐਸੇ ਸੇਵਕ ਹੋਏ ਜੋ ਨਿਸ਼ਕਾਮ ਸੇਵਾ ਕਰਦੇ ਰਹੇ। ਨਾ ਦਿਨ ਵੇਖਦੇ ਨਾ ਰਾਤ ਦਾ ਕੋਈ ਪਹਿਰ, ਬਸ ਗੁਰੂ ਦੇ ਚਰਨਾਂ ਦੀ ਹੀ ਪਾਲਣਾ ਕਰਦੇ ਰਹਿੰਦੇ। ਭਾਈ ਝੰਡਾ ਜੀ ਬਾਬਾ ਬੁੱਢਾ ਜੀ ਦੇ ਪੜਪੋਤੇ ਸਨ, ਜਿਸ ਦੇ ਬਾਰੇ ਦਬਿਸਤਾਨ ਮਜ਼ਾਹਬ ਦੇ ਲਿਖਾਰੀ ਨੇ ਲਿਖਿਆ ਹੈ ਕਿ ਗੁਰੂ ਦਾ ਹੁਕਮ ਮੰਨਣ ਵਿਚ ਇਸ ਦੇ ਬਰਾਬਰ ਕੋਈ ਸਿੱਖ ਨਹੀਂ ਸੀ। ਭਾਈ ਝੰਡਾ ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਵਿਚੋਂ ਸਨ। ਝੰਡਾ ਜੀ ਰੱਜੇ ਪੁੱਜੇ ਘਰ ਦੇ ਸਨ। ਸਭ ਸੁੱਖ ਮਾਂ-ਬਾਪ ਨੇ ਉਨ੍ਹਾਂ ਨੂੰ ਦਿੱਤੇ ਹੋਏ ਸਨ। ਸੱਚ ਦੀ ਕਮਾਈ ਖਾਂਦੇ ਸਨ । ਸੱਚ ਕਹਿੰਦੇ ਅਤੇ ਸੱਚ ਨੂੰ ਆਪਣੇ ਜੀਵਨ ਦਾ ਆਧਾਰ ਮੰਨਦੇ। ਕਿਸੇ ਨੂੰ ਮਾੜੀ ਚੰਗੀ ਨਹੀਂ ਸਨ ਆਖਦੇ। ਸਾਦਾ ਜੀਵਨ ਪਰ ਗੁਰੂ ਵਿਚ ਅਤੁੱਟ ਵਿਸ਼ਵਾਸ ਰੱਖਣ ਵਾਲੇ ਗੁਰੂ ਦੀ ਗੱਲ ਪੱਲੇ ਬੰਨ੍ਹ ਲੈਂਦੇ। ਇਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਸੈਰ ਕਰਦੇ ਹੋਏ ਸੁਭਾਵਿਕ ਭਾਈ ਝੰਡੇ ਨੂੰ ਆਖਿਆ ਕਿ ਇੱਥੇ ਠਹਿਰੋਂ। ਗੁਰੂ ਸਾਹਿਬ ਬਾਗ਼ ਦੇ ਦੂਜੇ ਰਾਹ ਮਹਿਲਾਂ ਨੂੰ ਚਲੇ ਗਏ। ਭਾਈ ਝੰਡਾ ਜੀ ਤਿੰਨ ਦਿਨ ਅਡੋਲ ਉੱਥੇ ਹੀ ਖੜ੍ਹੇ ਰਹੇ। ਪਤਾ ਲੱਗਣ ਤੋਂ ਗੁਰੂ ਸਾਹਿਬ ਨੇ ਉਸ ਥਾਂ ਤੋਂ ਬੁਲਵਾਇਆ ਅਤੇ ਕਿਹਾ : 'ਅਸੀਂ ਤਾਂ ਰਤਾ ਕੁ ਰੁਕਣ ਲਈ ਆਖਿਆ ਸੀ।' ਝੰਡਾ ਜੀ ਕਹਿਣ ਲੱਗੇ ਕਿ ਅਗਲੇ ਹੁਕਮ ਦੀ ਉਡੀਕ ਕਰਦਾ ਰਿਹਾ। ਹੁਣ ਆਇਆ ਹੈ ਤਾਂ ਸ਼ੁਕਰ ਮਨਾਇਆ ਹੈ। ਐਸੇ ਸਨ ਭਾਈ ਝੰਡਾ ਜੀ। ਗੁਰੂ ਦੀ ਕਹੀ ਹਰ ਗੱਲ ਨਿਰੀ ਸੁਣਦੇ ਹੀ ਨਹੀਂ, ਮੰਨਦੇ ਵੀ ਸਨ। ਇਕ ਦਿਨ ਉਨ੍ਹਾਂ ਦਾ ਪੈਰ ਫੱਟੜ ਹੋ ਗਿਆ। ਗੁਰੂ ਹਰਿਗੋਬਿੰਦ ਜੀ ਨੇ ਦੇਖ ਸੁਭਾਵਿਕ ਫ਼ਰਮਾਇਆ ਜੁੱਤੀ ਨਾ ਪਹਿਨੋ। ਸੁਣਦੇ ਸਾਰ ਹੀ ਉਸ ਜੋੜਾ ਉਤਾਰ ਦਿੱਤਾ। ਤਿੰਨ ਮਹੀਨੇ ਨੰਗੇ ਪੈਰੀਂ ਹੀ ਫਿਰਦੇ ਰਹੇ। ਜਦ ਗੁਰੂ ਜੀ ਨੂੰ ਪਤਾ ਲੱਗਾ ਕਿ ਭਾਈ ਝੰਡਾ ਜੀ ਜੁੱਤੀ ਨਹੀਂ ਪਹਿਨਦੇ ਤਾਂ ਫ਼ਰਮਾਇਆ : 'ਜੋੜੇ ਪਹਿਨ ਲਵੋ। ਅਸਾਂ ਤਾਂ ਉਤਨੀ ਦੇਰ ਤੱਕ ਪਹਿਨਣ ਲਈ ਕਿਹਾ ਸੀ ਜਦ ਤੱਕ ਤੁਹਾਡਾ ਜ਼ਖ਼ਮ ਅੱਲ੍ਹਾ ਸੀ । ਭਾਈ ਝੰਡਾ ਜੀ ਕਹਿਣ ਲਗੇ ਗੁਰੂ ਜੀ ਤੁਹਾਡਾ ਹੁਕਮ ਹੀ ਮੇਰੇ ਲਈ ਸਭ ਕੁਝ ਹੈ ਫੇਰ ਮੈ ਆਪਣੀ ਮਰਜੀ ਨਾਲ ਕਿਵੇ ਜੁੱਤੀ ਪਾ ਸਕਦਾ ਸੀ। ਝੰਡਾ ਜੀ ਗੁਰੂ ਜੀ ਦੀ ਸੇਵਾ ਵਿਚ ਹੀ ਲੱਗੇ ਰਹਿੰਦੇ। ਗੁਰੂ ਜੀ ਨੇ ਭਾਈ ਝੰਡੇ ਨੂੰ ਕਿਹਾ ਕਿ ਜਾ ਕੇ ਸੰਗਤ ਵਿਚ ਆਖ ਦਿਉ ਕਿ ਲੰਗਰ ਵਾਸਤੇ ਬਾਲਣ ਲੈ ਆਓ। ਲੰਗਰ ਲਈ ਬਾਲਣ ਲਿਆਉਣਾ ਵੱਡਾ ਪੁੰਨ ਹੈ। ਲੱਕੜਾਂ ਲਿਆਉਣ ਵਾਲਾ ਨਿਹਾਲ ਹੋਵੇਗਾ। ਭਾਈ ਝੰਡਾ ਜੀ ਆਪ ਆਗਿਆ ਦੱਸ ਕੇ ਲੱਕੜਾਂ ਚੁਣਨ ਲਈ ਚੱਲ ਪਏ। ਲੱਕੜਾਂ ਚੁਣਨ ਲਈ ਐਸੇ ਮਸਤ ਹੋਏ ਕਿ ਸਾਰਾ ਦਿਨ ਤੇ ਰਾਤ ਉੱਥੇ ਗੁਜ਼ਾਰ ਦਿੱਤਾ। ਅਗਲੇ ਦਿਨ ਆਪ ਲੱਕੜਾਂ ਲਿਆਏ। ਭਾਈ ਝੰਡਾ ਜੀ ਅਗਲੇ ਦਿਨ ਹਜ਼ੂਰ ਦੇ ਦਰਬਾਰ ਵਿਚ ਹਾਜ਼ਰ ਨਾ ਹੋਏ। ਕਈ ਦਿਨ ਹੋਰ ਵੀ ਦੁਪਹਿਰ ਨੂੰ ਸੁੱਤੇ ਹੀ ਤੱਕੇ ਗਏ। ਲੋਕਾਂ ਸਮਝਿਆ ਕਿ ਭਾਈ ਜੀ ਦਾ ਸਿਰ ਫਿਰ ਗਿਆ ਤੇ ਦਿਮਾਗ਼ ਹਿੱਲ ਗਿਆ ਹੈ ਜੋ ਦੁਪਹਿਰ ਤੱਕ ਸੁੱਤੇ ਰਹਿੰਦੇ ਹਨ। ਗੁਰੂ ਜੀ ਤੇ ਹੋਰ ਸਿੱਖ ਭਾਈ ਸਾਹਿਬ ਦੀ ਤਲਾਸ਼ ਲਈ ਨਿਕਲੇ ਕਿ ਭਾਈ ਸਾਹਿਬ ਕਿੱਥੇ ਜਾਂਦੇ ਹਨ ਕਿ ਜਿਹੜੇ ਦੇਰ ਤੱਕ ਸੁੱਤੇ ਰਹਿੰਦੇ ਹਨ। ਗੁਰੂ ਜੀ ਨੇ ਦੇਖਿਆ ਬਾਲਣ ਦੀ ਪੰਡ ਸਿਰ ਤੇ ਚੁੱਕੀ ਭਾਈ ਸਾਹਿਬ ਆਪਣੀ ਚਾਲੇ ਚਲੀ ਆ ਰਹੇ ਸਨ । ਇਹ ਸਭ ਦੇਖ ਗੁਰੂ ਜੀ ਨੇ ਕਿਹਾ , 'ਤੁਹਾਨੂੰ ਤਾਂ ਨਹੀਂ ਸੀ ਕਿਹਾ ਕਿ ਬਾਲਣ ਦੀ ਲਿਆਓ । ਤੁਸੀਂ ਤਾਂ ਜਥੇਦਾਰ ਹੋ। ਭਾਈ ਜੀ ਨੇ ਹੱਥ ਜੋੜ ਕਿਹਾ : ਸੱਚੇ ਪਾਤਸ਼ਾਹ ਤੁਸੀਂ ਹੀ ਤਾਂ ਫ਼ਰਮਾਇਆ ਸੀ ਕਿ ਸਿੱਖਾਂ ਨੂੰ ਜਾ ਕੇ ਆਖੋ ਕਿ ਜੰਗਲ ਵਿਚੋਂ ਲੰਗਰ ਲਈ ਲੱਕੜ ਕੱਟ ਲਿਆਓ। ਮੈਂ ਵੀ ਤਾਂ ਤੁਹਾਡਾ ਨਿਮਾਣਾ ਜਿਹਾ ਸਿੱਖ ਹਾਂ । ਸਿੱਖ ਤੋਂ ਉੱਚਾ ਹੋਰ ਕੋਈ ਰੁਤਬਾ ਮੇਰੀ ਨਜ਼ਰ ਵਿਚ ਨਹੀਂ ਹੈ। ਮੈਂ ਵੀ ਸਿੱਖ ਬਣਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮਨ ਬਿਖਮ ਵਾਗ ਬਾਲਾ ਝਰ ਅਸੀਂ ਪਾਯਾ ਨ ਮੋ ਦਾਨਮ ਦਸਤਾਨੇ ਮਜ਼ਾਹਬ) ਐਸਾ ਮਾਣ ਦਿੰਦੇ ਸਨ ਸਿੱਖ ਗੁਰੂ ਨੂੰ। ਗੁਰੂ ਵੀ ਉਨ੍ਹਾਂ ਤੋਂ ਸਦਕੇ

(ਬਾਕੀ ਸਫ਼ਾ 31 'ਤੇ)

# 100 ਸਾਲ ਪੁਰਾਣੇ ਬੇਸ਼ਕੀਮਤੀ ਸੰਗੀਤ ਦੇ ਖ਼ਜ਼ਾਨੇ ਨੂੰ ਸੰਭਾਲੀ ਬੈਠਾ 'ਸੁਖਦੇਵ ਸਿੰਘ ਸੁੱਖਾ ਜੋੜਾ'

ਤਸਵਿੰਦਰ ਸਿੰਘ ਬੜੈਚ
ਮੋ. 7527931887



ਅੱਜ ਮੈਂ ਜਿਸ ਸ਼ਖਸੀਅਤ ਦੀ ਤੁਹਾਡੇ ਨਾਲ ਸਾਂਝ ਪਵਾਉਣ ਜਾ ਰਿਹਾ ਹਾਂ, ਉਹ ਸਾਊਂ-ਸੁਭਾਅ ਦੀ ਸ਼ਖਸੀਅਤ ਹੈ ਸੁਖਦੇਵ ਸਿੰਘ ਸੁੱਖਾ ਜੋੜਾ। ਸੁਖਦੇਵ ਸਿੰਘ ਨੇ ਹੋਰਾਂ ਨਾਲੋਂ ਇੱਕ ਵੱਖਰਾ ਸ਼ੌਂਕ ਪਾਲਿਆ ਹੋਇਆ ਹੈ, ਉਸਨੇ ਪੁਰਾਣੇ ਤਵਿਆਂ (ਰਿਕਾਰਡਾਂ) ਨੂੰ ਸਾਂਭ ਕੇ ਇੱਕ ਸੰਗੀਤਕ ਲਾਇਬ੍ਰੇਰੀ ਆਪਣੇ ਘਰ 'ਚ ਬਣਾਈ ਹੋਈ ਹੈ ਤੇ ਸੁਖਦੇਵ ਸਿੰਘ ਨੇ ਸਾਡੇ ਸੱਭਿਆਚਾਰ, ਵਿਰਸੇ ਅਤੇ ਸੰਗੀਤ ਨੂੰ ਸਾਂਭਣ ਲਈ ਅੱਡੀ ਚੋਟੀ ਦਾ ਜ਼ੋਰ ਵੀ ਲਾਇਆ ਹੋਇਆ ਹੈ। ਉਹ 1988 ਤੋਂ ਹਿੰਦੀ ਅਤੇ ਪੰਜਾਬੀ ਗੀਤਾਂ ਦੇ ਤਵੇ (ਰਿਕਾਰਡ) ਇਕੱਠੇ ਕਰ ਰਿਹਾ ਹੈ। ਸੁਖਦੇਵ ਕੋਲ 100 ਦੇ ਕਰੀਬ ਹਿੰਦੀ ਅਤੇ 25 ਦੇ ਕਰੀਬ ਪੰਜਾਬੀ ਦੇ ਤਵੇ ਮੌਜੂਦ ਹਨ ਤੇ ਉਸਦੀ ਸੰਗੀਤਕ ਲਾਇਬ੍ਰੇਰੀ ਦਾ ਸ਼ਿੰਗਾਰ ਬਣੇ ਹੋਏ ਹਨ। ਆਪਣੀ ਰੂਹ ਨੂੰ ਤਾਜ਼ਾਦਮ ਕਰਨ ਲਈ ਆਪਣੇ ਵਿਹਲੇ ਸਮੇਂ ਵਿਚ ਸੁਖਦੇਵ ਇਨ੍ਹਾਂ ਰਿਕਾਰਡਾਂ ਨੂੰ ਗ੍ਰਾਮੋਫੋਨ ਮਸ਼ੀਨ 'ਤੇ ਚਲਾ ਕੇ ਸੁਣਦਾ ਹੈ ਅਤੇ ਵਿਰਸੇ ਦੀ ਤਲਬ ਰੱਖਣ ਵਾਲੇ ਹੋਰ ਚਾਹਵਾਨ ਸੱਜਣਾਂ ਨੂੰ ਸੁਣਾਉਂਦਾ ਵੀ ਹੈ ਤੇ ਪੁਰਾਣੇ ਜ਼ਮਾਨੇ ਦੀਆਂ ਯਾਦਾਂ ਤਰੋਤਾਜ਼ਾ ਕਰਦਾ ਹੈ। 11 ਸਤੰਬਰ 1969 ਨੂੰ ਮਾਤਾ ਸ੍ਰੀਮਤੀ ਵੀਰੋ ਨਰਸ ਤੇ ਪਿਤਾ ਸਰਦਾਰ ਅਜੀਤ ਸਿੰਘ ਦੇ ਘਰ ਜਨਮੇ ਇਸ ਸ਼ਖ਼ਸ ਕੋਲ ਹਿੰਦੀ ਫਿਲਮੀ ਗੀਤਾਂ ਦੇ ਤਵਿਆ 'ਚ ਬਲੈਕ ਮੇਲ, ਤਾਜ ਮਹਿਲ, ਪਾਕੀਜਾ, ਸੂਰਜ, ਰੋਟੀ ਕੱਪੜਾ ਲੌਰ ਮਕਾਨ, ਮੁਗਲੇ ਆਜਮ, ਬਾਬਲ, ਪ੍ਰੇਮ ਰੋਗ, ਬਰਸਾਤ, ਰਾਜਾ-ਰਾਣੀ, ਦਾਗ, ਬਸੰਤੀ, ਕਭੀ-ਕਭੀ, ਨੂਰੀ, ਪੱਥਰ ਕੇ ਸਨਮ, ਗੂੰਜ ਉਠੀ ਸ਼ਹਿਨਾਈ, ਆਂਧੀ, ਕਸੌਟੀ, ਰਾਜ ਕੁਮਾਰ, ਰਾਜ, ਰਖਵਾਲੇ, ਰੇਨਕੋਟ, ਰੋਟੀ, ਰਾਜਾ ਜਾਨੀ, ਸਫਰ, ਰਾਮ ਜਾਨੇ, ਸਾਰਾ ਆਕਾਸ਼, ਸਾਜਨ ਬਿਨਾਂ ਸੁਹਾਗਨ, ਸਰਗਮ, ਸਾਰਦਾ, ਸਵਾਮੀ, ਸਾਗਰ, ਸੂਰਜ ਔਰ ਦੰਦਾ, ਸੌਤਨ ਕੀ ਬੇਟੀ, ਸਾਥੀ, ਸੋਹਣੀ ਮਹੀਵਾਲ, ਸਰਾਰਤ, ਰਾਣੀ ਰੂਪਮਤੀ, ਤੁਮਸੇ ਅੱਛਾ ਕੌਨ ਹੈ, ਤੀਸਰੀ ਆਂਢ, ਯਕੀਨ, ਧੜਕਣ, ਦੇਸ਼-ਪ੍ਰਦੇਸ਼, ਏਕ ਚਾਦਰ ਮੈਲੀ ਸੀ, ਏਕ ਮੁਸਾਫਿਰ ਏਕ ਹਸੀਨਾ, ਫਕੀਰਾ ਆਦਿ ਹੋਰ ਬਹੁਤ ਸਾਰੀਆਂ ਫਿਲਮਾਂ ਦੇ ਰਿਕਾਰਡ ਜਿਨ੍ਹਾਂ ਦੇ ਨਾਂਅ ਗਿਣਾਉਣੇ ਸੰਭਵ ਲਹੀਂ ਹਨ, ਸ਼ੈਕੜੇ ਦੀ ਗਿਣਤੀ ਵਿਚ ਉਸਦੇ ਸੰਗ੍ਰਹਿ ਵਿਚ ਪਏ ਹਨ। ਸੁਖਦੇਵ ਕੋਲ ਪੰਜਾਬੀ ਗੀਤਾਂ ਦੇ ਤਵਿਆਂ 'ਚ ਮੁਹੰਮਦ ਸਦੀਕ, ਰਣਜੀਤ ਕੌਰ, ਪੁਸਪਾ ਹੰਸ਼, ਹੰਸ ਰਾਜ ਹੰਸ, ਕਰਤਾਰ ਰਮਲਾ, ਜਸਦੇਵ ਯਮਲਾ, ਅਮਰ ਸਿੰਘ ਚਮਕੀਲਾ, ਅਮਰਜੋਤ, ਨਰਿੰਦਰ ਬੀਬਾ, ਸੁਰਿੰਦਰ ਛਿੰਦਾ, ਕੁਲਦੀਪ ਮਾਣਕ, ਸਵਰਨ ਲਤਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਜਗਮੋਹਣ ਕੌਰ, ਕੇ ਦੀਪ, ਹਰਚਰਨ ਗਰੇਵਾਲ, ਕਰਮਜੀਤ ਧੂਰੀ

(ਬਾਕੀ ਸਫ਼ਾ 31 'ਤੇ)




150 ਸਾਲਾ ਜਨਮ ਦਿਵਸ 'ਤੇ ਵਿਸ਼ੇਸ਼

# ਆਧੁਨਿਕ ਸਿੱਖ ਸਾਹਿਤ ਦੇ ਪਿਤਾਮਾ ਪਦਮ ਭੂਸ਼ਣ ਡਾ. ਭਾਈ ਵੀਰ ਸਿੰਘ


ਸਵਰਨਦੀਪ ਸਿੰਘ ਨੂਰ
ਪਿੰਡ : ਜੋਧਪੁਰਰੋਮਾਣਾ,
ਜ਼ਿਲਾ : ਬਠਿੰਡਾ।
ਮੋ. 75891-19192

ਗੁਰਮਤਿ ਸਾਹਿਤ ਦੇ ਪਿਤਾਮਾ ਡਾ. ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਨੂੰ ਇੱਕ ਵਿਦਵਾਨ ਘਰਾਣੇ ਵਿੱਚ ਪਿਤਾ ਸ. ਚਰਨ ਸਿੰਘ ਅਤੇ ਮਾਤਾ ਉੱਤਮ ਕੌਰ ਦੀ ਸੁਭਾਗੀ ਕੁੱਖ ਤੋਂ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਆਪਣੇ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਇਨ੍ਹਾਂ ਦੇ ਦਾਦਾ ਜੀ ਸ. ਕਾਹਨ ਸਿੰਘ ਆਪਣੇ ਸਮੇਂ ਦੇ ਸੰਸਕ੍ਰਿਤ ਦੇ ਮੰਨੇ ਹੋਏ ਵਿਦਵਾਨ ਅਤੇ ਬ੍ਰਜ ਭਾਸ਼ਾ ਵਿੱਚ ਬਹੁਤ ਖ਼ੂਬਸੂਰਤ ਕਵਿਤਾ ਲਿਖਦੇ ਸਨ। ਨਾਨਾ ਗਿਆਨੀ ਹਜਾਰਾ ਸਿੰਘ ਗੁਰਬਾਣੀ ਦੇ ਟੀਕਾਕਾਰ ਸਨ। ਪਿਤਾ ਸ. ਚਰਨ ਸਿੰਘ ਵੀ ਸੰਸਕ੍ਰਿਤ, ਬ੍ਰਜ, ਫ਼ਾਰਸੀ ਅਤੇ ਅੰਗਰੇਜ਼ੀ ਦੇ ਚੰਗੇ ਗਿਆਤਾ ਸਨ। ਇਨ੍ਹਾਂ ਦੀ ਬੰਸਾਵਲੀ ਦਾ ਸਬੰਧ ਦੀਵਾਨ ਕੌੜਾ ਮਲ ਨਾਲ ਹੈ ਜੋ ਅਠਾਰਵੀਂ ਸਦੀ ਵਿੱਚ ਲਾਹੌਰ ਦੇ ਦੀਵਾਨ ਅਤੇ ਮੁਲਤਾਨ ਦੇ ਹਾਕਮ ਸਨ। ਇਸ ਪ੍ਰਕਾਰ ਵਿਰਸੇ ਵਿੱਚ ਮਿਲੇ ਧਾਰਮਿਕਤਾ ਅਤੇ ਸਾਹਿਤਕਾਰੀ ਦੇ ਮਾਹੌਲ ਸਦਕਾ ਅੱਗੇ ਚੱਲ ਕੇ ਭਾਈ ਸਾਹਿਬ ਨੇ ਆਪਣੇ ਨਿੱਜੀ ਅਧਿਐਨ ਤੇ ਅਨੁਭਵ ਦੇ ਜ਼ੋਰ ਨਾਲ ਆਪਣੀ ਕਲਮ ਨੂੰ ਏਨਾ ਵਿਆਪਕ ਬਣਾਇਆ ਕਿ ਕਵਿਤਾ ਅਤੇ ਵਾਰਤਕ ਦੋਹਾਂ ਖ਼ੇਤਰਾਂ ਵਿੱਚ ਹੀ ਪਾਠਕਾਂ ਦੇ ਦਿਲਾਂ 'ਤੇ ਰਾਜ਼ ਕਰਨ ਵਾਲਾ ਹੋਰ ਕੋਈ ਅਜਿਹਾ ਪੰਜਾਬੀ ਸਾਹਿਤਕਾਰ ਨਹੀਂ ਹੋਇਆ।

ਭਾਈ ਵੀਰ ਸਿੰਘ ਨੇ ਮੁਢਲੀ ਸਿੱਖਿਆ ਆਪਣੇ ਨਾਨਾ ਜੀ ਗਿਆਨੀ ਹਜਾਰਾ ਸਿੰਘ ਜੀ ਕੋਲ ਰਹਿ ਕੇ ਹੀ ਪ੍ਰਾਪਤ ਕੀਤੀ। ਰਵਾਇਤੀ ਅਤੇ ਆਧੁਨਿਕ ਅੰਗਰੇਜ਼ੀ ਦੋਹਾਂ ਤਰਾਂ ਦੀ ਵਿਦਿਆ ਇਨ੍ਹਾਂ ਨੇ ਹਾਸਲ ਕੀਤੀ। ਫ਼ਾਰਸੀ, ਉਰਦੂ ਅਤੇ ਸੰਸਕ੍ਰਿਤ ਗ੍ਰੰਥਾਂ ਦਾ ਨਿੱਠ ਕੇ ਅਧਿਐਨ ਕੀਤਾ। ਅੱਠ ਸਾਲ ਦੀ ਉਮਰ ਵਿੱਚ ਹੀ ਆਪ ਜੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲੱਗ ਪਏ ਸਨ। 1891 ਵਿੱਚ ਇਨ੍ਹਾਂ ਨੇ ਮੈਟ੍ਰਿਕ ਦਾ ਇਮਤਿਹਾਨ ਪੂਰੇ ਜ਼ਿਲੇ ਵਿੱਚੋ ਅੱਵਲ ਰਹਿ ਕੇ ਪਾਸ ਕੀਤਾ। ਇਸ ਪ੍ਰਾਪਤੀ ਸਦਕੇ ਡਿਸਟ੍ਰਿਕ ਬੋਰਡ ਵੱਲੋਂ ਇਨ੍ਹਾਂ ਨੂੰ ਗੋਲਡ ਮੈਡਲ ਪ੍ਰਦਾਨ ਕੀਤਾ ਗਿਆ।



ਇਸੇ ਦੌਰਾਨ ਹੀ ਚਰਚ ਮਿਸ਼ਨ ਸਕੂਲ ਦੇ ਦੋ ਵਿਦਿਆਰਥੀਆਂ ਨੇ ਸਿੱਖ ਧਰਮ ਤਬਦੀਲ ਕਰਕੇ ਇਸਾਈ ਮਤ ਧਾਰਨ ਕਰ ਲਿਆ ਸੀ। ਇਸ ਘਟਨਾ ਨੇ ਭਾਈ ਵੀਰ ਸਿੰਘ ਦੇ ਮਨ 'ਤੇ ਡੂੰਘੀ ਸੱਟ ਮਾਰੀ ਅਤੇ ਆਪ ਸਿੱਖ ਸਿਧਾਂਤਾਂ ਦੇ ਪ੍ਰਚਾਰ ਵੱਲ ਰੁਚਿਤ ਹੁੰਦੇ ਗਏ। ਉਨ੍ਹਾਂ ਸਮਿਆਂ ਵਿੱਚ ਇਸਾਈ ਮਤ ਦੇ ਪੰਜਾਬ ਅੰਦਰ ਵਧਦੇ ਪ੍ਰਭਾਵ ਦੇ ਪ੍ਰਤੀਕਰਮ ਦਾ ਸਦਕਾ ਅਹਿਮਦੀਆ ਅਤੇ ਆਰੀਆ ਸਮਾਜੀ ਲਹਿਰਾਂ ਉਰਦੂ ਅਤੇ ਹਿੰਦੀ ਭਾਸ਼ਾ ਦਾ ਪ੍ਰਚਾਰ ਕਰ ਰਹੀਆਂ ਸਨ।

ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਇਸ ਸਮੇਂ ਤੱਕ ਸਿੰਘ ਸਭਾ ਲਹਿਰ ਹੋਂਦ ਵਿੱਚ ਆ ਚੁੱਕੀ ਸੀ। ਭਾਈ ਸਹਿਬ ਜੀ ਨੇ ਸਭ ਤੋਂ ਵੱਧ ਯੋਗਦਾਨ ਇਸ ਲਹਿਰ ਵਿੱਚ ਪਾਇਆ। ਛੋਟੀ ਉਮਰ ਵਿੱਚ ਹੀ ਇਨ੍ਹਾਂ ਦਾ ਵਿਆਹ ਬੀਬੀ ਚਤਰ ਕੌਰ ਨਾਲ ਹੋਇਆ। ਉਸ ਵੇਲੇ ਇਹੋ ਰਿਵਾਜ਼ ਸੀ।

ਇਨ੍ਹਾਂ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਮੈਟ੍ਰਿਕ ਪਾਸ ਕਰਨ ਉਪਰੰਤ ਇਨ੍ਹਾਂ ਨੇ ਸਰਕਾਰੀ ਨੌਕਰੀ ਹਾਸਲ ਕਰਨ ਦੀ ਬਜਾਏ ਇੱਕ ਲੇਖਕ ਦੇ ਤੌਰ 'ਤੇ ਕਾਰਜਸ਼ੀਲ ਰਹਿਣ ਦਾ ਫ਼ੈਸਲਾ ਕੀਤਾ। ਅਰੰਭ ਵਿੱਚ ਸਕੂਲਾਂ ਲਈ ਪਾਠ-ਪੁਸਤਕਾਂ ਲਿਖੀਆਂ। ਫਿਰ 1892 ਵਿੱਚ ਆਪਣੇ ਇੱਕ ਸਾਥੀ ਭਾਈ ਵਜੀਰ ਸਿੰਘ ਨਾਲ ਮਿਲ ਕੇ 'ਵਜੀਰ ਹਿੰਦ ਪ੍ਰੈੱਸ' ਸ਼ੁਰੂ ਕੀਤੀ। 1894 ਵਿੱਚ 'ਖ਼ਾਲਸਾ ਟਰੈਕਟ ਸੁਸਾਇਟੀ' ਬਣਾ ਕੇ ਸਿੱਖ ਸਿਧਾਂਤਾਂ, ਪੰਜਾਬੀ ਬੋਲੀ, ਗੁਰਮੁਖੀ ਲਿੱਪੀ, ਗੁਰਬਾਣੀ ਦਾ ਪ੍ਰਚਾਰ ਅਤੇ ਪੰਥਕ ਸਰਗਰਮੀਆਂ ਜੋਰ-ਸ਼ੋਰ ਨਾਲ ਚਲਾਈਆਂ। ਸਿੱਖਾਂ ਦੁਆਰਾ ਆਪਣਾ ਰਾਜ ਭਾਗ ਗੁਆਉਣ ਅਤੇ ਬ੍ਰਿਟਿਸ਼ ਹਕੂਮਤ ਦੇ ਆਗਮਨ ਨਾਲ ਸਿੱਖ ਭਾਈਚਾਰਾ ਡੂੰਘੀ ਨਿਰਾਸ਼ਾ ਦੇ ਆਲਮ ਵਿੱਚ ਵਿੱਚਰ ਰਿਹਾ ਸੀ। ਸਿੱਖ ਸਮਾਜ ਅੰਦਰ ਫਿਰ ਤੋਂ ਪਾਖੰਡਵਾਦ, ਸਮਾਜਿਕ ਤੇ ਧਾਰਮਿਕ ਕੁਰੀਤੀਆਂ ਪੈਦਾ ਹੋ ਰਹੀਆਂ ਸਨ। ਅਜਿਹੇ ਸਮੇਂ ਭਾਈ ਸਾਹਿਬ ਨੇ ਆਪਣੀ ਕਲਮ ਦੀ ਧਾਰ ਨੂੰ ਤਿੱਖਾ ਕੀਤੀ। ਜਨਤਾ ਅੰਦਰ ਜੋਸ਼ ਪੈਦਾ ਕਰਨ ਲਈ ਇਤਿਹਾਸਕ ਘਟਨਾਵਾਂ ਨੂੰ ਅਧਾਰ ਬਣਾ ਕੇ ਆਪ 1897 ਵਿੱਚ ਆਪਣੇ ਪਹਿਲੇ ਨਾਵਲ ਸੁੰਦਰੀ ਨਾਲ ਸਾਹਿਤ ਜਗਤ ਅੰਦਰ ਪ੍ਰਵੇਸ਼ ਕਰਦੇ ਹਨ। 1899 ਵਿੱਚ ਦੂਜਾ ਨਾਵਲ ਬਿਜੇ ਸਿੰਘ ਅਤੇ 1900 ਈਸਵੀ ਵਿੱਚ ਤੀਜਾ ਨਾਵਲ ਸਤਵੰਤ ਕੌਰ ਲਿਖਿਆ। ਇਨ੍ਹਾਂ ਨਾਵਲਾਂ ਦਾ ਵਿਸ਼ਾ ਇਸਤਰੀ ਪੁਰਖ ਦੇ ਉੱਚੇ ਤੇ ਜੁਝਾਰੂ ਕਿਰਦਾਰ ਨੂੰ ਪੇਸ਼ ਕਰਨਾ ਸੀ।

ਭਾਈ ਵੀਰ ਨੇ ਕਵਿਤਾ ਦੇ ਖ਼ੇਤਰ ਵਿੱਚ ਵੀ ਨਿਵੇਕਲੀਆਂ ਪੈੜਾਂ ਪਾਈਆਂ। ਇਨ੍ਹਾਂ ਵੱਲੋਂ ਪੇਸ਼ ਕਾਵਿਤਾ ਦੀ ਮੁੱਖ ਸੁਰ ਰਹੱਸਵਾਦੀ, ਪ੍ਰਾਕ੍ਰਿਤਕ ਅਤੇ ਗੁਰੂ-ਪਿਆਰ ਨਾਲ ਉਤਪੋਤ ਹੈ। ਪ੍ਰਕਿਰਤੀ ਦਾ ਕਵੀ ਹੋਣ ਕਰਕੇ ਇਨ੍ਹਾਂ ਨੂੰ ਪੰਜਾਬ ਦਾ 'ਵਰਡਜ਼ਵਰਥ' ਵੀ ਕਿਹਾ ਜਾਂਦਾ ਹੈ। 1899 ਵਿੱਚ ਭਾਈ ਵੀਰ ਸਿੰਘ ਨੇ ਹਫ਼ਤਾਵਾਰੀ ਅਖ਼ਬਾਰ ਖ਼ਾਲਸਾ ਸਮਾਚਾਰ ਸ਼ੁਰੂ ਕੀਤਾ ਜੋ ਕਿ 'ਭਾਈ ਵੀਰ ਸਿੰਘ ਸਾਹਿਤ ਸਦਨ' ਨਵੀਂ ਦਿੱਲੀ ਵੱਲੋਂ ਅਜੇ ਤੱਕ ਨਿਰਵਿਘਨ ਜਾਰੀ ਹੈ।

ਇਸ ਤੋਂ ਠੀਕ ਇੱਕ ਸਾਲ ਬਾਅਦ ਮਾਸਿਕ ਪੱਤਰ ਨਿਰਗੁਣੀਆਰਾ ਜਾਰੀ ਕੀਤਾ। ਭਾਈ ਵੀਰ ਸਿੰਘ ਨੇ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਨੂੰ ਸ਼ੁਰੂ ਕਰਵਾਉਣ ਵਿੱਚ ਸਰਗਰਮ ਰੋਲ ਅਦਾ ਕੀਤਾ, ਜਿਨ੍ਹਾਂ ਵਿੱਚ ਚੀਫ਼ ਖ਼ਾਲਸਾ ਦੀਵਾਨ (1902), ਸਿੱਖ ਐਜੂਕੇਸ਼ਨਲ ਸੁਸਾਇਟੀ (1908), ਪੰਜਾਬ ਐਂਡ ਸਿੰਧ ਬੈਂਕ (1908) ਪ੍ਰਮੁੱਖ ਹਨ।

ਭਾਈ ਵੀਰ ਸਿੰਘ ਨੇ ਨਿਰੰਤਰ ਨਿੱਕੀ ਕਵਿਤਾ, ਮਹਾਂਕਾਵਿ, ਵਾਰਤਕ, ਇਤਿਹਾਸਕ ਨਾਵਲ, ਇਤਿਹਾਸਕ ਲੇਖ, ਸੰਪਾਦਨ, ਟੀਕਾਕਾਰੀ ਅਤੇ ਨਾਟਕਾਂ ਆਦਿ ਦੁਆਰਾ ਪੰਜਾਬੀ ਸਾਹਿਤ ਜਗਤ ਵਿੱਚ ਰਚਨਾਵਾਂ ਦੀ ਝੜੀ ਹੀ ਲਾ ਦਿੱਤੀ। ਸ਼ਇਦ ਹੀ ਕੋਈ ਹੋਰ ਪੰਜਾਬੀ ਸਾਹਿਤਕਾਰ ਹੋਵੇ ਜਿਸ ਨੇ ਸਾਹਿਤ ਦੀਆਂ ਏਨੀਆਂ ਵਿਧਾਵਾਂ ਅਤੇ ਏਨੀ ਵੱਡੀ ਗਿਣਤੀ ਵਿੱਚ ਰਚਨਾ ਕੀਤੀ ਹੋਵੇ।

ਭਾਈ ਭਾਈ ਦੀਆਂ ਪ੍ਰਮੁੱਖ ਰਚਨਾਵਾਂ ਹਨ : ਰਾਣਾ ਸੂਰਤ ਸਿੰਘ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ,

ਲਹਿਰਾਂ ਦੇ ਹਾਰ, ਪ੍ਰੀਤ ਵੀਣਾ, ਕੰਬਦੀ ਕਲਾਈ, ਬਾਰਾਮਾਂਹਾ ਕੰਤ ਮਹੇਲੀ, ਮੇਰੇ ਸਾਈਆਂ ਜੀਉ, ਭਰਥਰੀ ਹਰੀ ਸ਼ਤਕ (ਅਨੁਵਾਦ), ਸੁੰਦਰੀ, ਸਤਵੰਤ ਕੌਰ, ਬਿਜੈ ਸਿੰਘ, ਬਾਬਾ ਨੌਧ ਸਿੰਘ, ਰਾਜਾ ਲੱਖਦਾਤਾ ਸਿੰਘ (ਨਾਟਕ), ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ, ਅਸ਼ਟ ਗੁਰੂ ਚਮਤਕਾਰ, ਸ੍ਰੀ ਗੁਰੂ ਗ੍ਰੰਥ ਕੋਸ਼, ਟੀਕਾ ਸ੍ਰੀ ਗੁਰੂ ਗ੍ਰੰਥਸਾਹਿਬ (ਸੱਤ ਸੈਂਚੀਆਂ), ਸੰਤ ਗਾਥਾ ਆਦਿ। ਇਸ ਤੋਂ ਇਲਾਵਾ ਇਨ੍ਹਾਂ ਨੇ ਬਹੁਤ ਸਾਰੇ ਅਨਮੋਲ ਗ੍ਰੰਥਾਂ ਨੂੰ ਸੰਪਾਦਿਤ ਕਰਕੇ ਪਾਠਕਾਂ ਤੱਕ ਪਹੁੰਚਾਇਆ, ਜਿਸ ਵਿੱਚ ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ, ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ), ਪੁਰਾਤਨ ਜਨਮ ਸਾਖੀ, ਸਿੱਖਾਂ ਦੀ ਭਗਤ ਮਾਲਾ, ਗੰਜਨਾਮਾ ਆਦਿ ਅਨੇਕਾਂ ਮਹੱਤਵਪੂਰਨ ਰਚਨਾਵਾਂ ਹਨ।

(ਬਾਕੀ ਸਫ਼ਾ 30 'ਤੇ)

# ਦੁਆਬੇ ਦੇ ਬਦਕਿਸਮਤ ਤੇ ਨਿਰਮੋਹੇ ਪ੍ਰਦੇਸ਼ੀ

ਕਲਮਾਂ ਦੇ ਜਜ਼ਬਾਤ

ਅੰਜੂਜੀਤ ਪੰਜਾਬਣ

ਦੁਆਬੇ ਦੇ ਲੋਕ ਬਹੁਤ ਨਿਰਮੋਹੀ ਹੁੰਦੇ ਹਨ, ਉਹ ਆਪਣੇ ਵੱਡੇ-ਵੱਡੇ ਘਰ, ਖੇਤ ਤੇ ਪਿੰਡ ਜਿੱਥੇ ਉਹ ਜੰਮੇ ਪਲੇ ਹੁੰਦੇ ਹਨ, ਦੁੱਖ ਸੁੱਖ ਕੱਟੇ ਹੁੰਦੇ ਹਨ, ਪ੍ਰਦੇਸ਼ ਦੇ ਲਾਲਚ ਅੱਗੇ ਸਭ ਛੱਡ ਛੱਡਾ ਕੇ ਬਾਹਰ ਆ ਜਾਂਦੇ ਹਨ।

ਉਨ੍ਹਾਂ ਨੂੰ ਰਤਾ ਜਿੰਨੀ ਚੀਸ ਨੀ ਹੁੰਦੀ ਰਤਾ ਜਿੰਨਾ ਗੰਮ ਨੀ ਹੰਦਾ ਉਹ ਏਦਾਂ ਦੇ ਪ੍ਰਦੇਸ ਜਾਂਦੇ ਹਨ, ਫੇਰ ਕਦੇ ਆਪਣੀ ਜੰਮਣ ਭੋਂ ਤੇ ਨਹੀਂ ਪਰਤਦੇ।

ਜਿਹੜਾ ਬੰਦਾ ਆਪਣੀ ਜੰਮਣ ਭੋਂ ਤੋਂ ਜੁਦਾ ਹੋ ਕੇ ਬੈਗਾਨੀ ਧਰਤ ਤੇ ਵੱਸ ਜਾਂਦਾ ਹੈ ਉਹ ਸਾਰੀ ਉਮਰ ਰਿਸ਼ਤਿਆਂ ਨੂੰ ਲੱਭਦਾ ਤੇ ਤੜਪਦਾ ਰਹਿੰਦਾ ਹੈ।

ਉਹਦੇ ਨਾਲ ਇੱਦਾਂ ਹੀ ਹੋਣੀ ਚਾਹੀਦੀ ਹੈ, ਇਹ ਹੀ ਉਹਦੀ ਸਜਾ ਹੈ, ਉਸ ਨੂੰ ਆਪਣੇ ਕੀਤੇ ਦੀ ਸਜਾ ਮਿਲਣੀ ਚਾਹੀਦੀ ਹੈ, ਜਿਹੜੇ ਆਪਣੇ ਪੈਰਾਂ ਦੀ ਮਿੱਟੀ ਭੁੱਲ ਜਾਂਦੇ ਹਨ, ਜਿਹੜੇ ਮਾਂ ਬਾਪ ਨੂੰ ਦਰਾਂ 'ਚ ਉਡੀਕਣ ਲਈ ਬਿਠਾ ਕੇ ਆਪ ਦੂਰ ਵੱਸ ਜਾਂਦੇ ਹਨ। ਇੱਦਾਂ ਦੇ ਨਿਰਮੋਹਿਆ ਨੂੰ ਸਜਾ ਮਿਲਣੀ ਚਾਹੀਦੀ ਹੈ।

ਮੇਰੀ ਨਾਨੀ ਜਦ ਆਪਣੇ ਪਿੰਡ ਢੰਡਿਆਂ ਨੂੰ ਚੇਤੇ ਕਰਦੀ ਤੇ ਉਹਦੇ ਮੂੰਹੋਂ ਇੱਦਾਂ ਦੇ ਸ਼ਬਦ ਨਿਕਲਦੇ ਉਹ ਹਰ ਉਸ ਦੁਆਬੀਏ ਨੂੰ ਬੁਰਾ ਭਲਾ ਕਹਿੰਦੀ ਜਿਨ੍ਹਾਂ ਦੀਆਂ ਸਰਦਲਾਂ ਤੇ ਜਿੰਦਰੇ ਲੱਗੇ ਹੁੰਦੇ ਉਹ ਫੇਰ ਇੱਦਾਂ ਵਰਲਾਪ ਕਰਦੀ।

ਇੱਕ ਦਿਨ ਮੈਂ ਹੱਸਦੀ ਨੇ ਕਿਤੇ ਨਾਨੀ ਨੂੰ ਕਹਿ ਦਿੱਤਾ, ਬੀਬੀ ਮੇਰਾ ਚਿੱਤ ਬਾਹਰ ਜਾਣ ਨੂੰ ਕਰਦਾ ਹੈ ਤੇ ਮੈਨੂੰ ਪਤਾ ਵੀ ਹੈ, ਮੈਂ ਬਾਹਰ ਚਲੇ ਵੀ ਜਾਣਾ ਹੈ।

ਮੇਰੀ ਨਾਨੀ ਨੇ ਚੁੱਲੇ ਮੂਹਰੇ ਬੈਠੀ ਨੇ ਮੇਰੇ ਵੱਲ ਇੱਦਾਂ ਦੇਖਿਆ ਜਿੱਦਾਂ ਮੈਂ ਮੂੰਹੋਂ ਕੋਈ ਮੰਦਭਾਗਾ ਸ਼ਬਦ ਕੱਢ ਦਿੱਤਾ ਹੋਵੇ।

ਫਿਰ ਯਕਦਮ ਕਹਿੰਦੀ, 'ਜੋ ਵੀ ਬੋਲੋ ਪਹਿਲਾਂ ਸੋਚ ਸਮਝ ਕੇ ਬੋਲੋ, ਕਈ ਬਾਰ ਮੂੰਹੋਂ ਨਿਕਲੀ ਗੱਲ ਪੁੱਗ ਵੀ ਜਾਂਦੀ ਹੈ।'

ਮੈਂ ਨਾਨੀ ਨੂੰ ਕਿਹਾ ਮੈਂ ਤਾਂ ਅੱਗੇ ਚਾਹੁੰਦੀ ਹਾਂ, ਰੱਬ ਮੇਰੀ ਸੁਣੇ ਤੇ ਮੈਂ ਇਥੋਂ ਬਾਹਰ ਚਲੀ ਜਾਵਾਂ।

ਮੇਰੀ ਨਾਨੀ ਮੈਨੂੰ ਬਹੁਤ ਪਿਆਰ ਕਰਦੀ ਸੀ।

ਉਹਨੇ ਮੈਨੂੰ ਦੇਸੀ ਘਿਓ 'ਚ ਗੁੜ ਦਾ ਘੁੱਦੂ ਕੁੱਟ ਕੇ ਖਾਣ ਦੀ ਆਦਤ ਪਾਈ ਹੋਈ ਸੀ। ਇੱਕ ਬਾਰ ਮੈਂ ਮਾਂ ਨਾਲ ਗੁੱਸੇ ਹੋ ਕੇ ਰੋਟੀ ਛੱਡ ਦਿੱਤੀ ਤਾਂ ਨਾਨੀ ਨੇ ਜਵਾਰ ਦੀ ਰੋਟੀ 'ਚ ਗੁੜ ਦਾ ਘੁੱਦੂ ਕੁੱਟ ਕੇ ਮੈਨੂੰ ਚੋਰੀ ਖਿਲਾ ਦਿੱਤਾ ਤੇ ਕਿਹਾ, 'ਚੱਲ ਮਾਂ ਨਾਲ ਰੁੱਸ ਕੇ ਰੋਟੀ ਛੱਡੀ ਰੱਖ, ਮੇਰੇ ਹੱਥ ਦਾ ਆਹ ਘੁੱਦੂ ਖਾਹ ਲੈ ਮੈਂ ਨੀ ਕਿਸੇ ਨੂੰ ਦੱਸਦੀ ਤੂੰ ਰੱਜੀ ਹੋਈ ਆਂ ਰੋਟੀ ਖਾ ਲਈ ਐ।

ਮੇਰੀ ਨਾਨੀ ਨੂੰ ਮੇਰਾ ਬਾਹਰ ਦਾ ਸੁਪਨਾ ਦੇਖਣਾ ਰਤਾ ਪਸੰਦ ਨਹੀਂ ਸੀ। ਕਿਉਂਕਿ ਨਾਨੀ ਨੇ ਪ੍ਰਦੇਸੀਆਂ ਦਾ ਵਿਛੋੜਾ ਛੋਟੀ ਉਮਰੇ ਝੱਲਿਆ ਸੀ। ਉਹਦੇ ਭਰਾ ਭਤੀਜੇ ਪਿੰਡ ਢੰਡੇ ਛੱਡ ਕੇ ਕੈਨੇਡਾ ਜਾ ਵਸੇ ਸੀ। ਨਾਨੀ ਦਾ ਵਿਆਹ ਮਾਲਵੇ ਵਿੱਚ ਹੋ ਗਿਆ, ਹੌਲੀ ਹੌਲੀ ਨਾਨੀ ਤੋਂ ਪੂਰਾ ਦੁਆਬਾ ਛੁੱਟ ਗਿਆ।

ਉਹ ਦਿਨ ਰਾਤ ਪਿੰਡ ਨੂੰ ਯਾਦ ਕਰਦੀ ਆਪਣੇ ਆਪ ਤੇ ਦੁਆਬਣ ਹੋਣ 'ਤੇ ਮਾਣ ਕਰਦੀ। ਨਾਨੀ ਦੇ ਮੇਰੀ ਮਾਂ ਸਣੇ ਸੱਤ ਨਿਆਣੇ ਸੀ। ਸੱਤੇ ਮਾਲਵੇ ਦੇ ਜੰਮਪਲ ਸੀ ਪਰ ਮੇਰੀ ਨਾਨੀ ਛਾਤੀ ਠੋਕ ਕੇ ਕਹਿੰਦੀ ਕਿ, ਮੈਂ ਦੁਆਬਣ ਆਂ ਮੇਰਾ ਪਿਛੋਕੜ ਦੁਆਬਾ ਐ। ਮੇਰੀ ਮਾਂ ਵੀ ਮਾਲਵੇ ਵਿੱਚ ਵਿਆਹੀ ਗਈ। ਮੇਰੀ ਮਾਂ ਨੇ ਜਦ ਆਪਣੇ ਵਿਆਹ ਮਗਰੋਂ ਟੀਚਰ ਦੀ ਨੌਕਰੀ ਲਈ ਅਪਲਾਈ ਕਰਨਾ ਸੀ ਤਾਂ ਨਾਨੀ ਨੇ ਮਾਂ ਨੂੰ ਤਰਲਾ ਪਾਇਆ ਤੇ ਕਿਹਾ, 'ਤੂੰ ਨੌਕਰੀ ਲਈ ਮਾਲਵੇ ਵਿੱਚ ਅਪਲਾਈ ਨਾ ਕਰੀਂ ਮੈਂ ਚਾਹੁੰਦੀ ਹਾਂ ਤੂੰ ਦੁਆਬੇ ਵਿੱਚ ਜਾਵੇਂ, ਦੁਆਬਾ ਤੇਰਾ ਨਾਨਕਾ ਪਿੰਡ ਆ।

ਮੇਰੇ ਭਰਾਵਾਂ ਦੇ ਪ੍ਰਦੇਸ ਨੇ ਮੈਥੋਂ ਮੇਰਾ ਢੰਡੇ ਪਿੰਡ ਤੇ ਘਰ ਤੇ ਸਾਰਾ ਦੁਆਬਾ ਖੋਹ ਲਿਆ ਮੇਰੀ ਇੱਛਾ ਹੈ, ਤੇਰੀ ਔਲਾਦ ਦੁਆਬੇ ਦੀ ਧਰਤ ਤੇ ਜੰਮੇ ਤੇ ਉਹ ਆਪਣੇ ਪਿਛੋਕੜ ਨਾਲ ਜੁੜੇ। ਮੈਂ ਤੈਨੂੰ ਦੁਆਬੇ ਦੀ ਧਰਤ ਤੇ ਮਿਲਣ ਆਇਆ ਕਰਾਂ।

ਮੇਰੀ ਮਾਂ ਨੇ ਦੁਆਬੇ ਵਿੱਚ 1969 ਵਿੱਚ ਨੌਕਰੀ ਅਪਲਾਈ ਕੀਤੀ ਤੇ ਕਾਮਯਾਬ ਹੋ ਗਈ।

ਜਦ ਮੈਂ ਪੈਦਾ ਹੋਈ ਸੀ ਤਾਂ ਨਾਨੀ ਨੇ ਖੁਸ਼ੀ ਵਿੱਚ 1971 ਵਿੱਚ ਲੱਡੂ ਵੰਡੇ ਸੀ। ਇੱਕ ਤਾਂ ਦੋਹਤੀ ਹੋਈ ਆ ਏਸ ਕਰਕੇ ਤੇ ਦੂਜੀ ਕਿ ਘਰ ਦੁਆਬਣ ਹੋਈ ਆ।

ਮੇਰੀ ਮਾਂ ਦੱਸਦੀ ਸੀ ਕਿ ਮੇਰੀ ਨਾਨੀ ਨੇ ਮੇਰੀ ਮਾਂ ਤੋਂ ਬਚਨ ਲਿਆ ਸੀ ਕਿ ਆਪਣੇ ਧੀਆਂ ਪੁੱਤਾਂ ਨੂੰ ਪ੍ਰਦੇਸ ਨਾ ਭੇਜੀਂ, ਨਹੀਂ ਤਾਂ ਉਨ੍ਹਾਂ ਤੋਂ ਸਦਾ ਸਦਾ ਲਈ ਜੰਮਣ ਭੋਂ ਛੁੱਟ ਜਾਣੀ ਆ।

ਜਦ ਮੇਰਾ ਰਿਸ਼ਤਾ ਜਰਮਨ ਹੋਇਆ ਤਾਂ ਨਾਨੀ ਉਸ ਵੇਲੇ 82 ਕੁ ਵਰਿਆਂ ਦੀ ਸੀ। ਮੇਰੀ ਮਾਂ ਨਾਲ ਮੇਰੀ ਨਾਨੀ ਕਈ ਦਿਨ ਨਾ ਬੋਲੀ ਕਿ ਤੂੰ ਮੇਰੇ ਨਾਲ ਵਾਅਦਾ ਕਰਕੇ ਵਾਅਦਾ ਤੋੜ ਦਿੱਤਾ ਹੈ, ਧੀ ਦਾ ਰਿਸ਼ਤਾ ਪ੍ਰਦੇਸ ਵਿੱਚ ਕਰ ਦਿੱਤਾ।

ਜਦ ਮੈਂ ਜਰਮਨ ਆਉਣ ਲੱਗੀ ਨਾਨੀ ਨੂੰ ਮਿਲਣ ਗਈ ਤਾਂ ਨਾਨੀ ਨੇ ਆਪਣੀ ਚੁੰਨੀਆਂ ਜਿਹੀਆਂ ਅੱਖਾਂ 'ਚ ਵਗਦੇ ਪਾਣੀ ਨੂੰ ਦੁੱਪਟੇ ਦੀ ਕੰਨੀ ਨਾਲ ਸਾਫ ਕਰਦੀ ਨੇ ਕਿਹਾ, 'ਤੂੰ ਮੇਰੇ ਮਨ੍ਹਾ ਕਰਨ ਦੇ ਬਾਵਜੂਦ, ਆਪਣੀ ਮਰਜੀ ਨਾਲ ਪ੍ਰਦੇਸ ਮੰਗਿਆ ਸੀ ਤੇ ਅੱਜ ਜਹਾਜੇ ਚੜ੍ਹ ਕੇ ਦੂਰ ਵੱਸ ਜਊਂਗੀ, ਤੇਰੇ ਮਗਰੋਂ ਮੈਂ ਵੀ ਕਦੇ ਮਰ ਮੁੱਕ ਜਾਊਂਗੀ, ਤੂੰ ਮੈਨੂੰ ਕਦੇ ਨੀ ਮਿਲ ਸਕਣਾ, ਤੇਰੇ ਮਾਂ ਬਾਪ ਤੇਰੇ ਮਗਰੋਂ ਬਜੁਰਗ ਹੋ ਜਾਣਗੇ, ਬਿਮਾਰ ਹੋਣਗੇ, ਤੂੰ ਵੇਲੇ ਸਿਰ ਪ੍ਰਦੇਸੋਂ ਉਨ੍ਹਾਂ ਕੋਲ ਪਹੁੰਚ ਨਹੀਂ ਸਕਣਾ, ਤੈਥੋਂ ਕਈ ਖੁਸ਼ੀਆਂ ਗਮੀਆਂ ਵਿੱਚ ਹਾਜਰ ਹੋਣਾ ਮੁਸ਼ਕਲ ਹੋਣਾ ਆ, ਉਸ ਮੁਸ਼ਕਲ ਵਿੱਚੋਂ ਜਿਹੜਾ ਦਰਦ ਤੇਰੇ ਤੇ ਸਾਡੇ ਸੀਨੇ ਵਿੱਚ ਰੜਕੂਗਾ ਉਹਨੂੰ ਵਿਛੋੜਾ ਕਹਿੰਦੇ ਆ, ਤੂੰ ਮੈਨੂੰ ਮੇਰੇ ਕੈਨੇਡਾ ਵਸੇ ਭਰਾਵਾਂ ਮਗਰੋਂ ਹੁਣ ਕਈ ਵਰ੍ਹਿਆਂ ਮਗਰੋਂ ਦਰਦ ਦੇ ਕੇ ਜਾ ਰਹੀ ਐਂ, ਮੈਂ ਤੇਰੀ ਮਾਂ ਨੂੰ ਕਿਹਾ ਸੀ ਕਿ ਦੁਆਬੇ ਦਾ ਪਾਣੀ ਹੀ ਐਸਾ ਆ ਕਿ ਇਥੇ ਦੇ ਲੋਕ ਸਭ ਕੁਝ ਭੁੱਲ ਜਾਂਦੇ ਹਨ। ਇੱਕ ਦਿਨ ਤੂੰ ਵੀ ਆਪਣੀ ਜੰਮਣ ਭੌਂ ਭੁੱਲ ਜਾਊਂਗੀ, ਆਪਣਾ ਪਿੰਡ ਜਿਥੇ ਖੇਲੀ, ਵੱਡੀ ਹੋਈ, ਸਕੂਲ ਗਈ, ਉਹ ਰਾਹ ਤੇ ਰਾਹੀ ਸਭ ਭੁੱਲ ਜਾਊਂਗੀ, ਮੇਰੇ ਨਾਲ ਵਾਅਦਾ ਕਰ ਜੇ ਤੇਰੇ ਧੀ ਹੋਈ ਉਹਨੂੰ ਆਪਣੀਆਂ ਅੱਖਾਂ ਪੈਰਾਂ ਤੋਂ ਦੂਰ ਨਾ ਕਰੀਂ, ਅਸੀਂ ਤਾਂ ਸਭ ਰਲ ਮਿਲ ਕੇ ਤੇਰਾ ਪ੍ਰਦੇਸਣ ਦਾ ਦਰਦ ਝੱਲ ਲਵਾਂਗੇ ਪਰ, ਤੈਥੋਂ ਉਥੇ ਕੱਲੀ ਤੋਂ ਨਾ ਸਾਡਾ ਦਰਦ ਝੱਲ ਹੋਣਾ ਆ ਤੇ ਨਾ ਹੀ ਤੈਥੋਂ ਤੇਰੀ ਦੂਰ ਵੱਸਦੇ ਧੀ ਪੁੱਤ ਦਾ ਦਰਦ ਝੱਲ ਹੋਣਾ ਹੈ। ਰਿਸ਼ਤੇ ਤਾਂ ਧੀਏ ਇਸੇ ਭੋਂ 'ਤੇ ਨਿਭਾਏ ਜਾਂਦੇ ਆ, ਇਸੇ ਦੇਸ਼ ਵਿੱਚ ਨਿਭਾਏ ਜਾਂਦੇ ਆ, ਨਾਨੀ ਨੇ ਆਪਣੇ ਹੱਥ ਵਿਚ ਫੜੀ ਸੋਟੀ ਨੂੰ ਧਰਤੀ ਤੇ ਮਾਰਦੀ ਨੇ ਕਿਹਾ।'

ਉਸ ਵੇਲੇ ਮੇਰੀ ਉਮਰ ਨਿਆਣੀ ਸੀ ਅਤੇ ਨਾਨੀ ਦੀ ਸਿਆਣੀ ਮਤ ਮੇਰੇ ਨਿਆਣੇ ਜਿਹਨ ਦੀ ਪਕੜ ਤੋਂ ਕੋਸਾਂ ਦੂਰ ਸੀ।

ਕੁੱਝ ਗੱਲਾਂ ਕੁਝ ਤਜਰਬੇ ਉਦੋਂ ਤੱਕ ਸਮਝ ਨਹੀਂ ਆਉਂਦੇ ਜਦ ਤੱਕ ਖੁਦ ਤੇ ਨਾ ਬੀਤੇ ਹੋਣ।

ਅੱਜ ਜਦ ਆਪਣੇ ਹਲਾਤ ਵੇਖਦੀ ਹਾਂ ਤਾਂ ਦਰਦ ਵਿਛੋੜਾ ਹੁਬਕੀ ਭਰਦਾ ਸੁਣਦਾ ਹੈ।

ਮੇਰੇ ਮਾਪੇ ਬਜੁਰਗ ਹੋਏ ਦਰਾਂ 'ਚ ਬੈਠੇ ਮੈਨੂੰ ਉਡੀਕਦੇ ਆ ਤੇ ਮੈਂ ਆਪਣੀ ਧੀ ਨੂੰ ਉਡੀਕਦੀ ਆਂ ਜਿਹੜੀ ਪ੍ਰਦੇਸ ਤਾਂ ਨਹੀਂ ਦੂਰ ਦੂਜੇ ਸ਼ਹਿਰ ਵਿੱਚ ਰਹਿ ਰਹੀ ਹੈ। ਉਹਦੇ ਬਗੈਰ ਘਰ ਦੀਆਂ ਕਈ ਦੀਵਾਲੀਆਂ ਲੋਹੜੀਆਂ ਆ-ਆ ਲੰਘ ਜਾਂਦੀਆਂ ਨੇ, ਕਈ ਤਕਲੀਫ਼ਾਂ ਆ ਕੇ ਚਲੇ ਜਾਂਦੀਆਂ ਨੇ, ਕਈ ਹੰਝੂ ਰੋ ਰੋ ਸੁੱਕ ਜਾਂਦੇ ਹਨ।

'ਤੇਰੇ ਜਾਣ ਮਗਰੋਂ ਕੁਝ ਵੀ ਬਦਲਿਆ ਨਹੀਂ, ਚੰਦ ਸੂਰਜ ਤਾਰੇ ਸਭ ਪਾਬੰਧੀ ਵਿੱਚ ਰੋਜ ਛੱਤ ਤੇ ਆਉਂਦੇ ਰਹੇ, ਬਸ ਜੇ ਨਹੀਂ ਆਈ ਤਾਂ ਤੇਰੇ ਬਗੈਰ ਨੀਂਦ ਨਹੀਂ ਆਈ।'

ਪ੍ਰਦੇਸ ਪ੍ਰਦੇਸ ਹੀ ਹੈ ਭਾਵੇਂ ਕੰਧ ਉਹਲੇ ਹੋਵੇ ਤੇ ਭਾਵੇਂ ਸਮੁੰਦਰੋਂ ਪਾਰ ਹੋਵੇ।

'ਤਨਹਾਈ ਦੇ ਸਨਾਟੇ ਵਿੱਚ ਖਮੋਸ਼ੀ ਹੁੱਬਕ ਰਹੀ ਹੈ

ਮਜਬੂਰੀ ਦੀ ਛੱਤ ਹੇਠ ਕੋਈ ਕਿਸੇ ਤੋਂ ਜੁਦਾ ਹੋ ਰਿਹਾ ਹੈ

ਯਾਦ ਰੱਖਦੇ ਅੰਜੂ ਕਦ ਤੱਕ ਕੱਚੇ ਮਕਾਨ ਤੇ ਬਜੁਰਗਾਂ ਨੂੰ

ਮੇਰੇ ਜ਼ਹਿਨ ਵਿੱਚ ਪ੍ਰਦੇਸ ਦੀਆਂ ਤਰੱਕੀਆਂ ਗੂੰਜਦੀਆਂ ਸੀ।'

ਪ੍ਰਦੇਸ ਹਰ ਥਾਂ ਉੱਤੇ ਹੈ, ਹਰ ਕੌਮ ਵਿੱਚ ਹੈ ਹਰ ਇੱਕ ਦੇ ਹਿੱਸੇ ਹੈ, ਪ੍ਰਦੇਸ ਦਰਦ ਹੈ ਵਿਛੋੜਾ ਹੈ, ਤਕਲੀਫ਼ ਹੈ, ਖਾਮੋਸ਼ੀ ਹੈ, ਇਕੱਲਤਾ ਹੈ।

ਉਹ ਕਰਮਾਂ ਵਾਲੇ ਹਨ ਜਿਹੜੇ ਖਸਤਾ ਹਲਾਤਾਂ ਨਾਲ ਸਮਝੌਤਾ ਕਰਕੇ ਸਰ-ਜਮੀਨ ਨਾਲ ਜੁੜੇ ਰਹਿੰਦੇ ਹਨ। ਸਾਡੀਆਂ ਖੁਹਾਇਸ਼ਾਂ ਨੇ ਜਨਾਬ, ਸਾਥੋਂ ਕਈ ਕੁਝ ਗਹਿਣੇ ਰਖਵਾ ਕੇ ਪ੍ਰਦੇਸ ਦੇ ਦਿੱਤਾ, ਅਸੀਂ ਨਿਰਮੋਹੇ ਨਾ ਗਹਿਣੇ ਪਈ ਸ਼ੈ ਛੁਡਾ ਸਕੇ, ਨਾ ਇਧਰ ਸਕੂਨ ਵਿੱਚ ਰਹਿ ਸਕਦੇ ਹਾਂ। ਜਿਵੇਂ ਸਾਡੀ ਮੁੱਠੀ 'ਚੋਂ ਕੁਝ ਕਿਰ ਰਿਹਾ ਹੋਵੇ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035



# ਸਿਹਤ ਸੰਭਾਲ

## ਡਾਇਬਟੀਜ਼ ਦੇ ਮਰੀਜ਼ ਲਈ ਕੜ੍ਹੀ ਪੱਤਾ ਲਾਭਦਾਇਕ



ਕੜ੍ਹੀ ਪੱਤੇ ਨੂੰ ਮਿੱਠੇ ਨਿੰਮ ਦੀਆਂ ਪੱਤੀਆਂ ਵੀ ਕਿਹਾ ਜਾਂਦਾ ਹੈ, ਜੋ ਭਾਰਤੀ ਭੋਜਨ ਵਿੱਚ ਬਹੁਤ ਜ਼ਿਆਦਾ ਵਰਤਿਆ ਜਾਂਦਾ ਹੈ। ਕੜ੍ਹੀ ਪੱਤੇ ਖਾਣ ਨੂੰ ਹੋਰ ਮਜ਼ੇਦਾਰ ਬਣਾਉਂਦੇ ਹਨ। ਇਹ ਖਾਸ ਤੌਰ ’ਤੇ ਦੱਖਣੀ ਭਾਰਤੀ ਪਕਵਾਨਾਂ ਵਿੱਚ ਵਰਤਿਆ ਜਾਂਦਾ ਹੈ। ਚਾਹੇ ਇਸ ਨੂੰ ਦਾਲ ਵਿੱਚ ਮਿਕਸ ਕੀਤਾ ਜਾਵੇ, ਸਬਜ਼ੀਆਂ ਵਿੱਚ ਮਿਲਾ ਕੇ ਜਾਂ ਖਿਚੜੀ ਵਿੱਚ, ਕੜ੍ਹੀ ਪੱਤੇ ਨੂੰ ਸਾਂਬਰ ਅਤੇ ਉਪਮਾ ਵਿੱਚ ਵੀ ਜੋੜਿਆ ਜਾਂਦਾ ਹੈ। ਉਂਜ, ਕੜ੍ਹੀ ਪੱਤਾ ਨਾ ਸਿਰਫ਼ ਖਾਣੇ ਦੇ ਸੁਆਦ ਲਈ ਜਾਣਿਆ ਜਾਂਦਾ ਹੈ, ਸਗੋਂ ਇਸ ਦਾ ਸੇਵਨ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ ਦਾ ਵੀ ਕੰਮ ਕਰਦਾ ਹੈ। ਸ਼ੂਗਰ ਵਿਚ ਬਲੱਡ ਸ਼ੂਗਰ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕੜੀ ਪੱਤਾ ਪਾਚਨ, ਦਿਲ ਦੀ ਸਿਹਤ ਅਤੇ ਚਮੜੀ ਅਤੇ ਵਾਲਾਂ ਨੂੰ ਸੁਧਾਰਨ ਦਾ ਵੀ ਕੰਮ ਕਰਦਾ ਹੈ।

**ਮਰਦਾਂ ਨਾਲੋਂ ਜ਼ਿਆਦਾ ਡਿਪਰੈਸ਼ਨ ਦਾ ਸ਼ਿਕਾਰ ਹੁੰਦੀਆਂ ਹਨ ਔਰਤਾਂ, ਖੋਜ ਵਿਚ ਆਇਆ ਸਾਹਮਣੇ**

ਜੇਕਰ ਰੋਜ਼ਾਨਾ ਕੜ੍ਹੀ ਪੱਤੇ ਦਾ ਸੇਵਨ ਕੀਤਾ ਜਾਵੇ ਤਾਂ ਇਸ ਨਾਲ ਬਲੱਡ ਸ਼ੂਗਰ ਦੇ ਉੱਚ ਪੱਧਰ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਕੜ੍ਹੀ ਪੱਤੇ ਬਹੁਤ ਸਾਰੇ ਐਂਟੀਆਕਸੀਡੈਂਟਸ, ਖਾਸ ਕਰਕੇ ਫਲੇਵੋਨੋਇਡਸ ਨਾਲ ਭਰਪੂਰ ਹੁੰਦੇ ਹਨ। ਇਹ ਫਲੇਵੋਨੋਇਡ ਸਰੀਰ ਦੇ ਅੰਦਰ ਗਲੂਕੋਜ਼ ਵਿੱਚ ਸਟਾਰਚ ਦੇ ਮੈਟਾਬੋਲਿਜ਼ਮ ਨੂੰ ਰੋਕਦੇ ਹਨ ਅਤੇ ਇਸ ਤਰ੍ਹਾਂ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੇ ਹਨ।




**ਇਨਸੁਲਿਨ ਦੀ ਵਰਤੋਂ ਵਿੱਚ ਮਦਦ ਕਰਦੈ**

ਇਨਸੁਲਿਨ ਪੈਨਕ੍ਰੀਅਸ ਨਾਮਕ ਅੰਗ ਦੁਆਰਾ ਪੈਦਾ ਹੁੰਦਾ ਹੈ ਅਤੇ ਸਰੀਰ ਨੂੰ ਖੂਨ ਵਿੱਚੋਂ ਸ਼ੂਗਰ ਨੂੰ ਤੋੜਨ ਵਿੱਚ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਸ਼ੂਗਰ ਦੀ ਮਾਤਰਾ ਨੂੰ ਨਿਯੰਤਰਿਤ ਕਰਦਾ ਹੈ। ਜਦੋਂ ਸਾਡਾ ਸਰੀਰ ਇਨਸੁਲਿਨ ਬਣਾਉਣਾ ਬੰਦ ਕਰ ਦਿੰਦਾ ਹੈ, ਤਾਂ ਇਸਦਾ ਨਤੀਜਾ ਸ਼ੂਗਰ ਵਿੱਚ ਹੁੰਦਾ ਹੈ। ਕੜ੍ਹੀ ਪੱਤਾ ਇਸ ਇਨਸੁਲਿਨ ਦੀ ਵਰਤੋਂ ਵਿਚ ਮਦਦ ਕਰਦਾ ਹੈ, ਜਿਸ ਨਾਲ ਖੂਨ ਵਿਚ ਸ਼ੂਗਰ ਦਾ ਪੱਧਰ ਕੰਟਰੋਲ ਵਿਚ ਆਉਂਦਾ ਹੈ।

**ਐਂਟੀ-ਹਾਈਪਰਗਲਾਈਸੀਮਿਕ ਵਿਸ਼ੇਸ਼ਤਾਵਾਂ**

ਇੰਟਰਨੈਸ਼ਨਲ ਜਰਨਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਕੜ੍ਹੀ ਪੱਤੇ ਵਿੱਚ ਐਂਟੀ-ਹਾਈਪਰਗਲਾਈਸੈਮਿਕ ਗੁਣ ਹੁੰਦੇ ਹਨ, ਜੋ ਚੂਹਿਆਂ ਵਿੱਚ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰ ਸਕਦੇ ਹਨ।

**ਫਾਈਬਰ ਨਾਲ ਭਰਪੂਰ ਹੁੰਦਾ ਕੜ੍ਹੀ ਪੱਤੇ**

ਫਾਈਬਰ ਨਾਲ ਭਰਪੂਰ ਭੋਜਨ ਸ਼ੂਗਰ ਵਿਚ ਫਾਇਦੇਮੰਦ ਸਾਬਤ ਹੁੰਦਾ ਹੈ। ਉਹ ਸਰੀਰ ਵਿੱਚ ਸ਼ੂਗਰ ਦੇ ਸਮਾਈ ਨੂੰ ਹੌਲੀ ਕਰਨ ਵਿੱਚ ਮਦਦ ਕਰ ਸਕਦੇ ਹਨ, ਜਿਸ ਨਾਲ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕੀਤਾ ਜਾ ਸਕਦਾ।

## ਈਮਿਊਨ ਸਿਸਟਮ ਕਿਵੇਂ ਠੀਕ ਕੀਤਾ ਜਾਵੇ

ਕੋਰੋਨਾ ਯੁੱਗ ਵਿੱਚ ਈਮਿਊਨ ਸਿਸਟਮ ਨੂੰ ਮਜ਼ਬੂਤ ਕਰਨਾ ਇੱਕ ਲੋੜ ਬਣ ਗਈ ਹੈ। ਇਸ ਸਮੇਂ ਦੌਰਾਨ ਲੋਕਾਂ ਨੇ ਇਸ ਖਤਰਨਾਕ ਮਹਾਂਮਾਰੀ ਨੂੰ ਰੋਕਣ ਲਈ ਆਪਣੀ ਜੀਵਨ ਸ਼ੈਲੀ ਵਿੱਚ ਕਈ ਬਦਲਾਅ ਕੀਤੇ ਹਨ। ਭਾਵੇਂ ਇਹ ਸਮੇਂ-ਸਮੇਂ ’ਤੇ ਹੱਥ ਧੋਣਾ ਹੋਵੇ, ਮਾਸਕ ਪਹਿਨਣਾ ਹੋਵੇ, ਸਿਹਤਮੰਦ ਖ਼ੁਰਾਕ ਦੀ ਪਾਲਣਾ ਕਰੋ ਜਾਂ ਨਿਯਮਿਤ ਤੌਰ ’ਤੇ ਕਸਰਤ ਕਰੋ, ਆਦਿ। ਇਹ ਈਮਿਊਨਿਟੀ ਵਧਾਉਣ ’ਚ ਮਦਦ ਕਰਦੇ ਹਨ। ਕਮਜ਼ੋਰ ਪ੍ਰਤੀਰੋਧਕ ਸ਼ਕਤੀ ਕਾਰਨ ਸਾਨੂੰ ਕਈ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਿੱਚ ਜ਼ੁਕਾਮ, ਜ਼ੁਕਾਮ, ਖੰਘ ਅਤੇ ਫਲੂ ਆਦਿ ਸ਼ਾਮਲ ਹਨ। ਆਓ ਜਾਣਦੇ ਹਾਂ ਕਿ ਈਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਲਈ ਤੁਸੀਂ ਕਿਹੜੀਆਂ ਚੀਜ਼ਾਂ ਨੂੰ ਡਾਈਟ ’ਚ ਸ਼ਾਮਲ ਕਰ ਸਕਦੇ ਹੋ।



**ਖੱਟੇ ਫਲ**

ਈਮਿਊਨਿਟੀ ਵਧਾਉਣ ਲਈ ਖੱਟੇ ਫਲਾਂ ਜਿਵੇਂ ਸੰਤਰਾ, ਨਿੰਬੂ, ਗ੍ਰੇਪਫ੍ਰੂਟ, ਟੈਂਜਰੀਨ ਨੂੰ ਭੋਜਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਵਿਟਾਮਿਨ ਸੀ ਨਾਲ ਭਰਪੂਰ ਹੁੰਦੇ ਹਨ। ਇਹ ਈਮਿਊਨਿਟੀ ਵਧਾਉਣ ’ਚ ਮਦਦ ਕਰਦੇ ਹਨ। ਵਿਟਾਮਿਨ ਸੀ ਚਿੱਟੇ ਰਕਤਾਣੂਆਂ ਦੇ ਉਤਪਾਦਨ ਨੂੰ ਵੀ ਵਧਾਉਂਦਾ ਹੈ। ਉਹ ਇਨਫੈਕਸ਼ਨ ਨਾਲ ਲੜਦੇ ਹਨ। ਇਹ ਈਮਿਊਨਿਟੀ ਵਧਾਉਣ ’ਚ ਮਦਦ ਕਰਦੇ ਹਨ।

**ਲਾਲ ਸ਼ਿਮਲਾ ਮਿਰਚ**

ਲਾਲ ਸ਼ਿਮਲਾ ਮਿਰਚ ਵਿਚ ਵਿਟਾਮਿਨ ਸੀ ਅਤੇ ਬੀਟਾ ਕੈਰੋਟੀਨ ਦੀ ਜ਼ਿਆਦਾ ਮਾਤਰਾ ਹੁੰਦੀ ਹੈ। ਬੀਟਾ ਕੈਰੋਟੀਨ ਸਰੀਰ ਵਿੱਚ ਵਿਟਾਮਿਨ ਏ ਵਿੱਚ ਬਦਲ ਜਾਂਦਾ ਹੈ। ਇਹ ਸਾਡੀਆਂ ਅੱਖਾਂ ਅਤੇ ਚਮੜੀ ਨੂੰ ਸਿਹਤਮੰਦ ਰੱਖਦਾ ਹੈ। ਈਮਿਊਨਿਟੀ ਵਧਾਉਣ ਦੇ ਨਾਲ-ਨਾਲ ਵਿਟਾਮਿਨ ਸੀ ਸਾਡੀ ਚਮੜੀ ਨੂੰ ਵੀ ਚਮਕਦਾਰ ਬਣਾਉਂਦਾ ਹੈ।

**ਬ੍ਰੋਕਲੀ**

ਬ੍ਰੋਕਲੀ ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਹੁੰਦੀ ਹੈ। ਇਸ ਵਿੱਚ ਵਿਟਾਮਿਨ ਏ, ਸੀ, ਈ, ਫਾਈਬਰ ਅਤੇ ਹੋਰ ਕਈ ਐਂਟੀਆਕਸੀਡੈਂਟ ਹੁੰਦੇ ਹਨ। ਇਹ ਸਬਜ਼ੀ ਸਿਹਤ ਲਈ ਬਹੁਤ ਫਾਇਦੇਮੰਦ ਹੈ।

**ਲਸਣ**

ਲਸਣ ਕਿਸੇ ਵੀ ਪਕਵਾਨ ਦਾ ਸਵਾਦ ਵਧਾਉਣ ਦਾ ਕੰਮ ਕਰਦਾ ਹੈ। ਇਹ ਨਾ ਸਿਰਫ਼ ਖਾਣੇ ਦਾ ਸਵਾਦ ਵਧਾਉਂਦਾ ਹੈ ਸਗੋਂ ਸਿਹਤ ਨੂੰ ਵੀ ਕਈ ਫਾਇਦੇ ਪਹੁੰਚਾਉਂਦਾ ਹੈ। ਇਸ ਵਿਚ ਅਜਿਹੇ ਗੁਣ ਹਨ ਜੋ ਇਨਫੈਕਸ਼ਨ ਨਾਲ ਲੜਨ ਵਿਚ ਮਦਦ ਕਰਦੇ ਹਨ। ਇਹ ਈਮਿਊਨਿਟੀ ਵਧਾਉਣ ਵਿਚ ਮਦਦ ਕਰਦੇ ਹਨ।

**ਅਦਰਕ**

ਅਦਰਕ ਸੋਜ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਹ ਗਲੇ ਦੀ ਖਰਾਸ਼ ਅਤੇ ਸੋਜ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਕਰਦਾ ਹੈ। ਇਹ ਮਤਲੀ ਨੂੰ ਰੋਕਣ ਵਿੱਚ ਵੀ ਮਦਦ ਕਰਦਾ ਹੈ। ਇਹ ਪੁਰਾਣੇ ਦਰਦ ਨੂੰ ਘਟਾਉਂਦਾ ਹੈ। ਇਸ ਵਿੱਚ ਕੋਲੈਸਟ੍ਰੋਲ ਘੱਟ ਕਰਨ ਦੇ ਗੁਣ ਹੁੰਦੇ ਹਨ।

**ਹਲਦੀ**

ਹਲਦੀ ਐਂਟੀ-ਇੰਫਲੇਮੇਟਰੀ ਗੁਣਾਂ ਨਾਲ ਭਰਪੂਰ ਹੁੰਦੀ ਹੈ। ਇਸ ਵਿੱਚ ਕਰਕਿਊਮਿਨ ਨਾਮ ਦਾ ਤੱਤ ਹੁੰਦਾ ਹੈ। ਇਹ ਸਰੀਰ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਭੋਜਨ ਦਾ ਸਵਾਦ ਵਧਾਉਣ ਦੇ ਨਾਲ-ਨਾਲ ਇਹ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਦਾ ਕੰਮ ਕਰਦੇ ਹਨ।

## ਸਰੀਰ ਵਿੱਚ ਕਿਉਂ ਹੁੰਦੀ ਹੈ ਆਇਓਡੀਨ ਦੀ ਕਮੀ ਤੇ ਇਸ ਦਾ ਇਲਾਜ ਕੀ ਹੈ ?




ਆਇਓਡੀਨ ਦੀ ਕਮੀ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੀ ਹੈ। ਆਇਓਡੀਨ ਇੱਕ ਖਣਿਜ ਹੈ, ਜੋ ਮਨੁੱਖੀ ਸਰੀਰ ਲਈ ਬਹੁਤ ਜ਼ਰੂਰੀ ਹੈ ਅਤੇ ਇਸ ਦੀ ਕਮੀ ਨਾਲ ਕਈ ਹੋਰ ਬਿਮਾਰੀਆਂ ਹੋ ਸਕਦੀਆਂ ਹਨ।

ਆਇਓਡੀਨ ਥਾਇਰਾਇਡ ਹਾਰਮੋਨ ਦੇ ਉਤਪਾਦਨ ਲਈ ਬਹੁਤ ਮਹੱਤਵਪੂਰਨ ਹੈ। ਜਦੋਂ ਆਇਓਡੀਨ ਦਾ ਸੇਵਨ ਘੱਟ ਜਾਂਦਾ ਹੈ, ਤਾਂ ਇਹ ਥਾਇਰਾਇਡ ਗਲੈਂਡ ਨੂੰ ਥਾਇਰਾਇਡ ਹਾਰਮੋਨ ਦੀ ਲੋੜੀਂਦੀ ਮਾਤਰਾ ਨੂੰ ਸੰਸਲੇਸ਼ਣ ਕਰਨ ਵਿੱਚ ਅਸਮਰੱਥ ਬਣਾਉਂਦਾ ਹੈ। ਆਇਓਡੀਨ ਦੀ ਕਮੀ ਥਾਇਰਾਇਡ ਰੋਗਾਂ ਦਾ ਸਭ ਤੋਂ ਆਮ ਕਾਰਨ ਹੈ। ਜਿਸ ਨਾਲ ਬੱਚਿਆਂ ਵਿੱਚ ਗੰਭੀਰ, ਅਟੱਲ ਦਿਮਾਗੀ ਨੁਕਸਾਨ ਅਤੇ ਬੌਧਿਕ ਕਮਜ਼ੋਰੀ ਹੋ ਸਕਦੀ ਹੈ। ਇਹ ਗਰਭਪਾਤ ਦਾ ਕਾਰਨ ਵੀ ਬਣ ਸਕਦਾ ਹੈ।

ਮਨੁੱਖੀ ਸਰੀਰ ਆਇਓਡੀਨ ਨਹੀਂ ਬਣਾਉਂਦਾ ਅਤੇ ਇਸ ਲਈ ਇਹ ਸਾਡੀ ਖ਼ੁਰਾਕ ਦਾ ਜ਼ਰੂਰੀ ਹਿੱਸਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਆਇਰਨ, ਵਿਟਾਮਿਨ ਅਤੇ ਕੈਲਸ਼ੀਅਮ ਵਰਗੇ ਹੋਰ ਪੌਸ਼ਟਿਕ ਤੱਤ ਵਾਂਗ ਆਇਓਡੀਨ ਭੋਜਨ ਵਿਚ ਕੁਦਰਤੀ ਤੌਰ ’ਤੇ ਨਹੀਂ ਮਿਲਦਾ। ਆਇਓਡੀਨ ਮਿੱਟੀ ਵਿੱਚ ਮੌਜੂਦ ਹੁੰਦਾ ਹੈ ਅਤੇ ਮਿੱਟੀ ਵਿੱਚ ਉਗਾਏ ਗਏ ਭੋਜਨ ਦੁਆਰਾ ਗ੍ਰਹਿਣ ਕੀਤਾ ਜਾਂਦਾ ਹੈ।

ਇਹ ਭੋਜਨ ਉਤਪਾਦਾਂ ਵਿੱਚ ਆਇਓਡੀਨ ਦੀ ਘੱਟ ਗਾੜ੍ਹਾਪਣ ਅਤੇ ਲੋਕਾਂ ਵਿੱਚ ਆਇਓਡੀਨ ਦੀ ਨਾਕਾਫ਼ੀ ਮਾਤਰਾ ਦਾ ਕਾਰਨ ਬਣਦਾ ਹੈ। ਭਾਰਤ ਵਿੱਚ, ਸਾਡੀ ਮਿੱਟੀ ਵਿੱਚ ਆਇਓਡੀਨ ਦੀ ਘਾਟ ਹੈ, ਜਿਸ ਕਾਰਨ ਲੋਕ ਆਇਓਡੀਨ ਦੀ ਘਾਟ ਸੰਬੰਧੀ ਵਿਕਾਰ ਤੋਂ ਵੀ ਪੀੜਤ ਹਨ। ਆਇਓਡੀਨ ਦੀ ਘਾਟ ਪਹਾੜੀ ਸ਼੍ਰੇਣੀਆਂ ਅਤੇ ਹੜ੍ਹਾਂ ਵਾਲੇ ਖੇਤਰਾਂ ਦੀ ਮਿੱਟੀ ਵਿੱਚ ਹੁੰਦੀ ਹੈ।

ਆਇਓਡੀਨ ਦੀ ਕਮੀ ਕਾਰਨ ਸਰੀਰ ਵਿੱਚ ਆਇਓਡੀਨ ਦਾ ਪੱਧਰ ਘੱਟ ਜਾਂਦਾ ਹੈ ਅਤੇ ਥਾਇਰਾਇਡ ਗਲੈਂਡ ਥਾਇਰਾਇਡ ਹਾਰਮੋਨ ਪੈਦਾ ਕਰਨ ਵਿੱਚ ਅਸਮਰੱਥ ਹੋ ਜਾਂਦੀ ਹੈ। ਇਸ ਕਾਰਨ ਆਇਓਡੀਨ ਦੀ ਕਮੀ ਨਾਲ ਜੁੜੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਜੇਕਰ ਨਿਆਣਿਆਂ ਜਾਂ ਛੋਟੇ ਬੱਚਿਆਂ ਨੂੰ ਲੋੜੀਂਦੀ ਆਇਓਡੀਨ ਨਹੀਂ ਮਿਲਦੀ ਹੈ, ਤਾਂ ਇਹ ਉਨ੍ਹਾਂ ਦੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ।

ਬੌਧਿਕ ਅਸਮਰਥਤਾ, ਜਿਸ ਵਿੱਚ ਸਭ ਤੋਂ ਗੰਭੀਰ ਰੂਪ ਅਰਥਾਤ ਕ੍ਰੇਟਿਨਿਜ਼ਮ ਸ਼ਾਮਲ ਹੈ। ਔਰਤਾਂ ਵਿੱਚ ਆਇਓਡੀਨ ਦੀ ਕਮੀ ਕਾਰਨ ਇਹ ਮੁਸ਼ਕਲਾਂ ਆ ਸਕਦੀਆਂ ਹਨ : ਗੋਇਟਰ, ਹਾਈਪੋਥਾਈਰੋਡਿਜ਼ਮ, ਹਾਈਪੋਥਾਈਰੋਡਿਜ਼ਮ ਦੇ ਕਾਰਨ ਜਣਨ ਸਮੱਸਿਆਵਾਂ, ਗਰਭ ਅਵਸਥਾ ਦੀਆਂ ਸਮੱਸਿਆਵਾਂ ਜਿਵੇਂ ਕਿ ਗਰਭਪਾਤ, ਜਮਾਂਦਰੂ ਵਿਗਾੜ, ਵੱਡੀ ਉਮਰ ਦੇ ਬੱਚਿਆਂ ਵਿੱਚ ਆਇਓਡੀਨ ਦੀ ਘਾਟ ਹਾਈਪੋਥਾਈਰੋਡਿਜ਼ਮ ਅਤੇ ਮਾੜੀ ਸਕੂਲੀ ਕਾਰਗੁਜ਼ਾਰੀ ਅਤੇ ਵਿਕਾਸ ਦਾ ਕਾਰਨ ਬਣ ਸਕਦੀ ਹੈ।



ਹਰਦੇਵ ਗਰੇਵਾਲ

ਨਾਵਲ

ਕਿਸ਼ਤ-5

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਲੜਕੀ ਕੋਈ ਗੰਭੀਰ ਬੀਮਾਰੀ ਤੋਂ ਗ੍ਰਸਿਤ, ਕੋਈ ਹਾੱਸਪਿਟਲਾਈਜ਼ਡ ਮਰੀਜ਼ ਨਹੀਂ ਸੀ ਕਿ ਉਸਨੂੰ ਏਨੇ ਇੰਜੈਕਸ਼ਨ ਲੱਗਦੇ ਹੋਣ। ਇੱਕ ਚੱਲਦੀ ਫਿਰਦੀ ਨਿਰੋਗ ਤੰਦਰੁਸਤੀ ਵਾਲ਼ੀ ਕੁੜੀ ਦੀਆਂ ਬਾਹਾਂ ਤੇ ਇਨ੍ਹਾਂ ਨਿਸ਼ਾਨਾਂ ਦਾ ਮਤਲਬ ? ਲੜਕੀ ਤਰੰਗ 'ਚ ਸੀ ਵੀਰ ਮੇਰੇ, ਲੜਕੀ ਜ਼ਰੂਰ ਡਰੱਗ-ਐਡਿਕਟ ਸੀ ਤੇ ਕਹਿਣ ਦੀ ਲੋੜ ਨਹੀਂ ਕਿ ਐਸੇ ਰੁਮਾਂਟਿਕ ਪਲਾਂ ਵਿਚ ਪੂਰੀ ਲੋਰ 'ਚ ਹੋਏਗੀ।

ਤੇ ਨਸ਼ੇ ਦੀ ਲੋਰ ਐਨੀ ਸਿਰ ਤੇ ਚੜ੍ਹੀ ਹੋਈ ਸੀ ਕਿ ਸਿਰ ਤੇ ਮੰਡਰਾਉਂਦੀ ਮਲਕੁਲ-ਮੌਤ ਉਸਨੂੰ ਦਿਖਾਈ ਹੀ ਨਹੀਂ ਦਿੱਤੀ। ਇਸ ਲਈ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ, ਬਿਨਾਂ ਕੋਈ ਪ੍ਰਤੀਕਿਰਿਆ ਦਿਖਾਏ, ਕਾਤਲ ਦੇ ਘਾਤਕ ਮਨਸੂਬੇ ਦਾ ਸ਼ਿਕਾਰ ਬਣ ਗਈ ?

ਐਥੇ ਜਾ ਕੇ ਇੱਕ ਟਵਿਸਟ ਆਉਂਦੈ ਗਗਨ, ਕਿਸੇ ਇੱਕ ਪਲ ਉਸਨੂੰ ਇਹ ਅਹਿਸਾਸ ਜ਼ਰੂਰ ਹੋਇਆ, ਕਿ ਉਸ ਨਾਲ਼ ਕੀ ਭਾਣਾ ਵਰਤਣ ਜਾ ਰਿਹਾ। ਮੇਰੇ ਖ਼ਿਆਲ ਚ ਇਹ ਉਸ ਘੜੀ ਵਾਪਰਿਆ ਹੋਣਾ, ਜਦੋਂ ਕਾਤਿਲ ਐਨ ਉਸਦੇ ਗਲ਼ ਵਿਚ ਫਾਹਾ ਪਾਉਣ ਲੱਗਿਆ ਹੋਏਗਾ। ਆਈ ਥਿੰਕ, ਐਨ ਉਸ ਵਕਤ ਕਿਤੇ ਉਸਦੀਆਂ ਗਿਆਨ-ਇੰਦਰੀਆਂ ਵਿਚ ਚੇਤਨਾ ਜਾਗੀ ਹੋਣੀ ਏ ਕਿ ਮੌਤ ਉਸਦੇ ਸਿਰ ਤੇ ਨੱਚ ਰਹੀ ਏ। ਪਰ, ਭਾਣਾ ਵਰਤ ਹੀ ਗਿਆ ਆਖ਼ਿਰ।

ਚੱਕਰਾਂ 'ਚ ਨਾ ਪਾ ਯਾਰ, ਖੋਲ ਕੇ ਬਿਆਨ ਕਰ ਪੂਰੀ ਗੱਲ। ਕਿਉਂਕਿ ਗਗਨ, ਮੈਂ ਉਸਦੇ ਸੱਜੇ ਹੱਥ ਦੇ ਅੰਗੂਠੇ ਦੀ ਨਾਲ਼ ਵਾਲ਼ੀ ਉਂਗਲ ਦੇ ਨਹੁੰ ਵਿਚਕਾਰ, ਥੋੜ੍ਹਾ ਜਿਹਾ ਫ਼ਸਿਆ ਮਾਸ ਅਤੇ ਖ਼ੂਨ ਲੱਗਿਆ ਵੇਖਿਆ। ਜ਼ਰੂਰ ਕਿਸੇ ਘੜੀ ਉਸ 'ਚ ਚੇਤਨਾ ਜਾਗੀ ਹੋਏਗੀ ਤੇ ਸੁਭਾਵਿਕ ਪ੍ਰਤੀਕਿਰਿਆ ਦੇ ਤੌਰ 'ਤੇ ਉਸਨੇ ਆਪਣਾ ਹੱਥ ਚਲਾਇਆ ਹੋਏਗਾ, ਤੇ ਜ਼ਰੂਰ ਉਸਦਾ ਹੱਥ ਉਸ ਵਿਅਕਤੀ ਦੇ ਚਿਹਰੇ ਤੇ ਜਾ ਲੱਗਾ ਹੋਣਾ। ਤੇਜ਼-ਲੰਬੇ ਨਹੁੰ ਦੇ ਇੱਕ ਘਰੂਟ ਸਦਕਾ, ਲਹੂ ਅਤੇ ਮਾਸ ਦੇ ਕੁਝ ਅੰਸ਼, ਉਸਦੇ ਨਹੁੰ ਵਿਚਕਾਰ ਫਸੇ ਰਹਿ ਗਏ ਹੋਣੇ ਨੇ। ਇਹੋ ਜਿਹੇ ਮੌਕੇ ਤੇ ਇਹੋ ਜਿਹਾ ਐਕਸ਼ਨ ਹੋਣਾ ਐਨ ਸੁਭਾਵਿਕ ਏ, ਪਰ ਸ਼ਾਇਦ ਉਦੋਂ ਤੱਕ ਦੇਰ ਹੋ ਚੁੱਕੀ ਸੀ। ਨਾਲ਼ੇ ਐਨੀ ਪਤਲੀ ਰੱਸੀ ਦਾ ਫੰਦਾ ਗਲ਼ 'ਚ ਹੋਵੇ, ਤਾਂ ਲਟਕਦਿਆਂ ਮੌਤ ਹੋਣ ਵਿਚ ਵਕਤ ਹੀ ਕਿੰਨਾ ਕੁ ਲੱਗਦਾ ? ਉੱਤੋਂ ਦੀ ਨਸ਼ੇ ਦੀ

ਬਹੁਤਾਤ ਵਾਲ਼ੀ ਤਰੰਗ। ਆਈ ਐਮ ਸ਼ਯੋਰ ਕਿ ਉਸਦੀ ਰੈਗੁਲਰ ਡੋਜ਼ ਤੋਂ ਵੱਧ ਨਸ਼ਾ ਕਰੀ ਬੈਠੀ ਸੀ ਕੁੜੀ, ਤੇ ਕੋਈ ਅੱਤਕਥਨੀ ਨਹੀਂ ਹੋਵੇਗੀ ਜੇ ਕਿਹਾ ਜਾਵੇ, ਕਿ ਇਸਦੇ ਪਿੱਛੇ ਵੀ ਕਾਤਿਲ ਦੀ ਮਨਸੂਬਾਬੰਦੀ ਹੀ ਕੰਮ ਕਰ ਰਹੀ ਹੋਵੇਗੀ।

ਵਿਚਾਰੀ ਨੂੰ ਬਹੁਤਾ ਅਹਿਸਾਸ ਵੀ ਨਹੀਂ ਹੋਇਆ ਹੋਣਾ ਤੇ ਖੇਲ ਖ਼ਤਮ। ਪਰ ਤੇਜਵੀਰ, ਇਹ ਵੀ ਤਾਂ ਹੋ ਸਕਦੈ ਕਿ ਉਸ ਸ਼ਖ਼ਸ ਦੇ ਉਥੋਂ ਜਾਣ ਤੋਂ ਬਾਅਦ ਮ੍ਰਿਤਕਾ ਨੇ ਖ਼ੁਦਕੁਸ਼ੀ ਕੀਤੀ ਹੋਵੇ। ਮੈਂ ਮੰਨਦਾਂ ਕਿ ਹਾਲਾਤ ਇਸ ਗੱਲ ਦੀ ਸਾਫ਼ ਗਵਾਹੀ ਦੇ ਰਹੇ ਨੇ ਕਿ ਉਥੇ ਕੋਈ ਨਾ ਕੋਈ ਬੰਦਾ ਜ਼ਰੂਰ ਮੌਜੂਦ ਸੀ, ਪਰ ਉਸਦੀ ਰਵਾਨਗੀ ਤੋਂ ਬਾਅਦ ਵੀ ਤਾਂ ਲੜਕੀ ਇਹ ਕਦਮ ਚੁੱਕ ਸਕਦੀ ਸੀ ? ਆਈ ਮੀਨ ਦੋਹਾਂ ਚ ਕਿਸੇ ਗੱਲ ਨੂੰ ਲੈ ਕੇ, ਕੋਈ ਐਸੀ ਬਦਮਜ਼ਾ ਸਿਚੁਏਸ਼ਨ ਖੜ੍ਹੀ ਹੋ ਗਈ ਹੋਵੇ ਕਿ ਲੜਕੀ ਨੇ ਖ਼ੁਦਕੁਸ਼ੀ ਹੀ ਕਰ ਲਈ ਹੋਵੇ। ਇਹ ਵੀ ਹੋ ਸਕਦਾ ਏ ਕਿ ਕੋਈ ਇਸ਼ਕ-ਮੁਹੱਬਤ ਦਾ ਚੱਕਰ ਹੋਵੇ ? ਲੜਕਾ ਪੈਰ ਪਿੱਛੇ ਖਿੱਚ ਰਿਹਾ ਹੋਵੇ ? ਵਿਆਹ ਤੋਂ ਇਨਕਾਰ ਮਿਲਣ ਦੀ ਸੂਰਤ 'ਚ ਲੜਕੀ ਖ਼ੁਦਕੁਸ਼ੀ ਬਾਰੇ ਪਹਿਲਾਂ ਹੀ ਸੋਚੀ ਬੈਠੀ ਹੋਵੇ ? ਇਸੇ ਨੀਅਤ ਨਾਲ਼ ਰੱਸੀ ਵੀ ਪਹਿਲਾਂ ਹੀ ਮੁਹੱਈਆ ਕਰ ਲਈ ਹੋਵੇ ? ਪਰ ਲੜਕੇ ਨੂੰ ਮਨਾਉਣ ਦੀ ਆਖ਼ਰੀ ਕੋਸ਼ਿਸ਼ ਵਜੋਂ ਮੁਲਾਕਾਤ ਰੱਖੀ ਹੋਵੇ ? ਪਰ ਕੋਸ਼ਿਸ਼ ਨਾਕਾਮ ਸਿੱਧ ਹੋਈ, ਤੇ ਫਿਰ ਆਖ਼ਰੀ ਸੰਭੋਗ, ਲਾਈਕ ਲਾਸਟ ਰਾਈਡ ਟੁਗੈਦਰ ਤੇ ਫਿਰ ਇਸ ਆਖ਼ਰੀ ਮੁਲਾਕਾਤ ਤੋਂ ਬਾਅਦ ਜੀਵਨ ਦਾ ਅੰਤ, ਖ਼ੁਦਕੁਸ਼ੀ। ਇਹ ਵੀ ਤਾਂ ਹੋ ਸਕਦਾ ਐ ਤੇਜਵੀਰ ਕਿ ਕੇਸ ਖ਼ੁਦਕੁਸ਼ੀ ਦਾ ਹੀ ਹੋਵੇ ?

ਗਗਨ, ਇਹੋ ਜਿਹੇ ਮਾਮਲੇ 'ਚ ਤੇਰੀ ਥਿਊਰੀ ਸਾਰੀਆਂ ਥਿਊਰੀਆਂ ਨਾਲੋਂ ਸਟੀਕ ਸਾਬਿਤ ਹੁੰਦੀ ਏ, ਪਰ ਜੇ ਮਾਮਲਾ ਖ਼ੁਦਕੁਸ਼ੀ ਦਾ ਹੋ ਸਕਦਾ ਹੋਵੇ ਤਾਂ, ਪਰ ਵੀਰ ਮੇਰੇ, ਇਹ ਮਾਮਲਾ ਖ਼ੁਦਕੁਸ਼ੀ ਦਾ ਹੋ ਹੀ ਨਹੀਂ ਸਕਦਾ।

ਪਰ ਯਾਰ, ਐਨ ਫੱਟੇ ਤੇ ਗੱਡੇ ਕਿੱਲ ਵਾਂਗੂੰ ਤੂੰ ਕਿਵੇਂ ਕਹਿ ਸਕਦਾਂ, ਕਿ ਮਾਮਲਾ ਖ਼ੁਦਕੁਸ਼ੀ ਦਾ ਹੋ ਹੀ ਨਹੀਂ ਸਕਦਾ ?

ਆਖ਼ਿਰ ਮੇਰੀ ਥੀਅਰੀ ਦਾ ਐਸਾ ਕਿਹੜਾ ਤੋੜ ਐ ਤੇਰੇ ਕੋਲ਼, ਕਿ ਤੂੰ ਖ਼ੁਦਕੁਸ਼ੀ ਦੀ ਸੰਭਾਵਨਾ ਤੇ ਈ ਫ਼ੁਲਸਟਾੱਪ ਲਾਈ ਜਾਨਾਂ ?

ਚੱਲ ਫਿਰ ਤੂੰ ਹੀ ਦੱਸ ਗਗਨ, ਕਿ ਜੇ ਲੜਕੀ ਨੇ ਖ਼ੁਦਕੁਸ਼ੀ ਹੀ ਕੀਤੀ ਤਾਂ ਕੀਤੀ ਕਿਵੇਂ ?

ਕੀਤੀ ਕਿਵੇਂ ਕੀ ਮਤਲਬ ? ਰੱਸੀ ਦਾ ਫੰਦਾ ਬਣਾਇਆ, ਇੱਕ ਸਿਰਾ ਪੱਖੇ ਨਾਲ਼ ਬੰਨਿ ਆ, ਫੰਦਾ ਗਲ਼ 'ਚ ਪਾਇਆ ਤੇ ਲਟਕ ਗਈ, ਕਹਾਣੀ ਖ਼ਤਮ।

ਕਹਾਣੀ ਇਉਂ ਨਹੀਂ ਨਾ ਖ਼ਤਮ ਹੁੰਦੀ ਵੀਰ ਮੇਰੇ, ਤੂੰ ਤਾਂ ਮੇਰਾ ਸਵਾਲ ਈ ਦੁਹਰਾਇਆ, ਜਵਾਬ ਨਹੀਂ ਦਿੱਤਾ।

ਦੇਖ ਯਾਰ, ਆਹ ਗੋਲ਼-ਮੋਲ਼ ਜਿਹੀਆਂ ਗੱਲਾਂ ਨਾ ਕਰ ਤੂੰ, ਇਹ ਸਾਲ਼ੀਆਂ ਗੋਲ਼-ਮੋਲ਼ ਜਿਹੀਆਂ ਗੱਲਾਂ ਸੁਣ ਕੇ ਸਿਰ ਘੁੰਮਣ ਲੱਗ ਜਾਂਦਾ ਮੇਰਾ ਧਰਮ ਨਾਲ਼। ਸਿੱਧੇ-ਸਾਦੇ ਲਫ਼ਜ਼ਾਂ 'ਚ ਦੱਸ ਬਈ ਮਤਲਬ ਕੀ ਆ ਤੇਰਾ ?

ਤਾਂ ਫਿਰ ਸੁਣ ਵੀਰ ਮੇਰੇ, ਧਿਆਨ ਨਾਲ਼ ਐਨ ਕੰਨ ਲਾ ਕੇ। ਕੁੜੀ ਨੇ ਰੱਸੀ ਦਾ ਫੰਦਾ ਬਣਾਇਆ, ਮੰਨ ਲਈ ਗੱਲ। ਪਰ ਦੂਜਾ ਸਿਰਾ ਪੱਖੇ ਨਾਲ਼ ਕਿਵੇਂ ਬੰਨਿ ਆ ? ਤੇ ਲਟਕੀ ਕਿਵੇਂ ?

ਯਾਰ ਤੂੰ ਫੇਰ ਚੱਕਰਾਂ 'ਚ ਪਾਈ ਜਾਨਾਂ ? ਤੂੰ ਆਪ ਈ ਦੱਸ ਭਰਾਵਾ ਜੋ ਦੱਸਣਾ, ਆਪਾਂ ਤੋਂ ਐਨੀ ਮਗ਼ਜ਼ਮਾਰੀ ਨੀ ਹੁੰਦੀ।

ਚੱਲ ਫਿਰ ਆਪਾਂ ਸਿਲਸਿਲੇਵਾਰ ਸੋਚ ਕੇ ਦੇਖਦੇ ਆਂ ਕਿ ਕੀ ਲੜਕੀ ਨੇ ਖ਼ੁਦਕੁਸ਼ੀ ਕੀਤੀ ਹੋਈ ਹੋ ਸਕਦੀ ਐ ਜਾਂ ਨਹੀ ? ਤੂੰ

ਗ਼ੌਰ ਕੀਤਾ ਹੋਣਾ ਗਗਨ ਕਿ ਫ਼ਰਸ਼ ਤੋਂ ਛੱਤ ਦੀ ਉਚਾਈ, ਤਕਰੀਬਨ ਬਾਰਾਂ ਫੁੱਟ ਦੀ ਤਾਂ ਹੋਏਗੀ ਹੀ। ਤੇ ਉਹ ਬਾਬਾ ਆਦਮ ਵੇਲ਼ੇ ਦਾ ਭਾਰੀ-ਭਰਕਮ ਪੱਖਾ, ਕੋਈ ਦੋ ਕੁ ਫੁੱਟੀ ਰਾੱਡ ਦੇ ਸਹਾਰੇ, ਛੱਤ 'ਚ ਲੱਗੀ ਹੁੱਕ ਨਾਲ਼ ਲਮਕ ਰਿਹਾ ਸੀ। ਠੀਕ ?

ਐਨ ਠੀਕ, ਤੂੰ ਦੱਬੀ ਚੱਲ ਘੋੜਾ।

ਰੱਸੀ ਦੀ ਗੰਢ ਪੱਖੇ ਦੀ ਰਾੱਡ ਨਾਲ਼ ਬੰਨ੍ਹੀ ਹੋਈ ਸੀ, ਮਤਲਬ ਕਿ ਘੱਟੋ-ਘੱਟ ਫ਼ਰਸ਼ ਤੋਂ ਦਸ ਫੁੱਟ ਦੀ ਉਚਾਈ ਤੇ। ਲੜਕੀ ਦਾ ਕੱਦ ਮੇਰੇ ਖ਼ਿਆਲ ਨਾਲ਼ ਪੰਜ ਫੁੱਟ ਤੇ ਚਾਰ ਜਾਂ ਪੰਜ ਕੁ ਇੰਚ ਦੇ ਵਿਚਕਾਰ ਹੋਏਗਾ, ਪਰ ਸਾਢੇ ਪੰਜ ਫੁੱਟ ਤੋਂ ਵੱਧ ਉਹ ਹਰਗਿਜ਼ ਵੀ ਨਹੀਂ ਸੀ। ਬਿਲਕੁਲ ਠੀਕ ?

ਤੇ ਮੇਜ਼ ਦੀ ਉਚਾਈ ਵੀ ਅੰਦਾਜ਼ਨ ਸਾਢੇ ਕੁ ਤਿੰਨ ਫੁੱਟ ਦੀ ਸੀ, ਇੰਚ ਕੁ ਦਾ ਹੇਰ-ਫੇਰ ਤਾਂ ਹੋ ਸਕਦਾ ਮੇਰੇ ਅੰਦਾਜ਼ੇ 'ਚ, ਪਰ ਬਹੁਤਾ ਨਹੀਂ। ਹੁਣ ਸੂਰਤੇ-ਹਾਲ ਇਹ ਬਣਦੀ ਏ ਕਿ ਲੜਕੀ ਨੂੰ ਰੱਸੀ ਬੰਨ ਣ ਲਈ, ਮੇਜ਼ ਦੇ ਉੱਪਰ ਕੁਰਸੀ ਰੱਖਣੀ ਪਈ ਹੋਵੇਗੀ। ਇਸ ਤਰ੍ਹਾਂ ਕਰਨ ਨਾਲ਼ ਉਸਨੇ ਔਖੇ-ਸੌਖੇ ਰੱਸੀ ਬੰਨ੍ਹ ਲਈ ਹੋ ਸਕਦੀ ਏ।

ਮਤਲਬ ਰੱਸੀ ਤਾਂ ਬੰਨ੍ਹੀ ਗਈ ਨਾ ?

ਠੀਕ ! ਪਰ ਲਟਕੀ ਕਿੱਦਾਂ ? ਐਥੇ ਆ ਕੇ ਖ਼ੁਦਕੁਸ਼ੀ ਵਾਲ਼ੀ ਥਿਉਰੀ ਫੇਲ੍ਹ ਹੋ ਜਾਂਦੀ ਐ ਵੀਰ ਮੇਰੇ ! ਤੂੰ ਗ਼ੌਰ ਕੀਤਾ ਹੋਣਾ ਕਿ

ਲਾਸ਼ ਦੇ ਪੈਰ, ਫ਼ਰਸ਼ ਤੋਂ ਕੋਈ ਤਿੰਨ ਕੁ ਫੁੱਟ ਦੀ ਉਚਾਈ ਤੇ, ਹਵਾ 'ਚ ਲਟਕ ਰਹੇ ਸੀ। ਹੁਣ ਮੇਰਾ ਸਵਾਲ ਏ ਕਿ ਕਿਸ ਚੀਜ਼ ਦੇ ਸਹਾਰੇ ਤੇ ਖੜ ਕੇ, ਕੁੜੀ ਨੇ ਗਲ਼ 'ਚ ਫੰਦਾ ਪਾਇਆ ਹੋਣਾ ? ਇਹੀ ਐਥੇ ਸਭ ਤੋਂ ਅਹਿਮ ਸਵਾਲ ਐ।ਕੀ ਮਤਲਬ ?



ਮਤਲਬ ਇਹ ਕਿ ਉਹ ਦੋਵੇਂ ਆਈਟਮਾਂ, ਜਿਨ੍ਹਾਂ ਦੀ ਵਰਤੋਂ ਇਸ ਸਾਰੇ ਐਕਸ਼ਨ 'ਚ ਹੋਈ ਪ੍ਰਤੀਤ ਹੋ ਰਹੀ ਏ, ਉਹ ਨੇ ਕੁਰਸੀ ਤੇ ਮੇਜ਼। ਹੁਣ ਕੁਰਸੀ ਤੇ ਮੇਜ਼ ਦੀ ਸਥਿਤੀ ਤੇ ਗ਼ੌਰ ਫ਼ਰਮਾ ਕੇ ਦੇਖ। ਜੇ ਕੁਰਸੀ ਦੀ ਗੱਲ ਕਰੀਏ ਤਾਂ ਕੁਰਸੀ ਲਾਸ਼ ਦੇ ਪੈਰਾਂ ਤੋਂ, ਤਕਰੀਬਨ ਦਸ ਕੁ ਫੁੱਟ ਦੀ ਦੂਰੀ ਤੇ ਲੁੜਕੀ ਪਈ ਸੀ। ਤੂੰ ਆਪ ਹੀ ਸੋਚ ਗਗਨ, ਕਿ ਪੁਰਾਣੇ ਜ਼ਮਾਨੇ ਦੀ, ਭਾਰੀ ਲੱਕੜ ਦੀ ਬਣੀ ਹੋਈ ਉਸ ਮਜ਼ਬੂਤ ਕੁਰਸੀ ਨੂੰ, ਓਸ ਹਾਲਤ 'ਚ ਤਾਂ ਕੋਈ ਭਲਵਾਨ ਵੀ ਨਹੀਂ ਐਨੀ ਦੂਰ ਲੁੜਕਾ ਸਕਦਾ ਯਾਰ, ਜਦਕਿ ਮਰਨ ਵਾਲ਼ੀ ਤਾਂ ਵਿਚਾਰੀ ਇੱਕ ਸਧਾਰਨ ਜਿਹੀ ਕੱਦ-ਕਾਠੀ ਦੀ ਮਲੂਕ ਜਿਹੀ ਲੜਕੀ ਸੀ। ਤੇ ਜੇ ਮੇਜ਼ ਦੀ ਗੱਲ ਕਰੀਏ, ਤਾਂ ਉਹ ਲਾਸ਼ ਦੇ ਪੈਰਾਂ ਤੋਂ ਚਾਰ ਕੁ ਫੁੱਟ ਦੀ ਦੂਰੀ ਤੇ, ਇੱਕਦਮ ਸਿੱਧੀ ਹਾਲਤ 'ਚ ਪਿਆ ਸੀ। ਹੁਣ ਤੂੰ ਹੀ ਦੱਸ, ਬਈ ਐਡਾ ਵਜ਼ਨਦਾਰ ਮੇਜ਼ ਤਾਂ ਉਹਦੇ ਤੋਂ ਓਸ ਹਾਲਤ 'ਚ ਇੱਕ ਇੰਚ ਵੀ ਨਹੀਂ ਸੀ ਸਰਕਣਾ, ਚਾਰ ਫੁੱਟ ਤਾਂ ਬੜੀ ਦੂਰ ਦੀ ਗੱਲ ਐ ਯਾਰ। ਹਾਂ, ਛਾਲ਼ ਮਾਰ ਕੇ ਔਖੇ-ਸੌਖਿਆਂ ਰੱਸੀ ਫੜ ਕੇ, ਗਲ਼ 'ਚ ਪਾਈ ਜਾ ਸਕਦੀ ਏ। ਪਰ ਇਹ ਸੰਭਾਵਨਾ, ਮੇਰੇ ਗਲ਼ੇ ਤਾਂ ਨੀ ਉੱਤਰਦੀ। ਜਦ ਕੁਰਸੀ 'ਤੇ ਚੜ੍ਹ ਕੇ, ਆਰਾਮ ਨਾਲ਼ ਫੰਦਾ ਗਲ਼ ਵਿਚ ਪਾ ਕੇ, ਕੁਰਸੀ ਲੁੜਕਾਈ ਜਾ ਸਕਦੀ ਸੀ, ਤਾਂ ਮਰਨ ਵਾਲ਼ੀ ਕਿਉਂ ਖ਼ਾਮਖਾਹ ਛੜੱਪੇ ਮਾਰਦੀ ਫਿਰੂ ?

ਬਿਲਕੁਲ ਸੋਲ਼ਾਂ ਆਨੇ ਸੱਚ ਆਖਿਆ ਮਿੱਤਰਾ ! ਇੱਕ-ਇੱਕ ਗੱਲ ਤੇਰੀ ਐਨ ਸਟੀਕ। ਪਰ ਹੁਣ ਸਵਾਲ ਇਹ ਕਿ ਆਖਿਰ ਉਸ ਕਮਰੇ 'ਚ, ਉਹ ਬੰਦਾ ਆਇਆ ਕਿਵੇਂ ? ਤੇ ਜੇ ਆ ਗਿਆ, ਤਾਂ ਕਤਲ ਕਰਕੇ ਗ਼ਾਇਬ ਕਿੱਥੇ ਹੋ ਗਿਆ ? ਕਿਉਂਕਿ ਦਰਵਾਜ਼ੇ ਦੀ ਕੁੰਡੀ ਤਾਂ ਅੰਦਰੋਂ ਬੰਦ ਸੀ ? ਸਾਲ਼ਾ ਬਾਹਰ ਕਿਵੇਂ ਗਿਆ ਭੂਤਨੀ ਦਾ ?

ਸਹੀ ਕਿਹਾ ਗਗਨ ! ਏਹੋ ਸਵਾਲ ਹੀ ਤਾਂ ਮੇਰੇ ਦਿਮਾਗ 'ਚ ਥਾੜ -ਥਾੜ ਕਰਕੇ ਵੱਜੀ ਜਾਂਦੇ ਨੇ। ਇਨ੍ਹਾਂ ਸਵਾਲਾਂ ਦੇ ਜਵਾਬ ਲਈ ਤਾਂ ਗਗਨ, ਆਪਾਂ ਨੂੰ ਸਭ ਤੋਂ ਪਹਿਲਾਂ, ਓਸ ਕਮਰੇ ਦਾ ਠੋਕ-ਵਜਾ ਕੇ ਮੁਆਇਨਾ ਕਰਨਾ ਪੈਣਾ। ਤੇ ਭਰਾਵਾ, ਅੱਜ ਦੇ ਪੰਗੇ ਤੋਂ ਬਾਅਦ, ਘੱਟੋ-ਘੱਟ ਅੱਜ ਦੀ ਤਰੀਕ 'ਚ ਤਾਂ ਇਹ ਮੁਮਕਿਨ ਨਹੀਂ ਲੱਗਦਾ। ਚਲੋ ! ਦੇਖਦੇ ਆਂ, ਕੱਲ੍ਹ ਨੂੰ।

ਊਂਠ ਕਿਸ ਕਰਵਟ ਬੈਠਦਾ ? ਨਾਲ਼ੇ ਸਭ ਤੋਂ ਅਹਿਮ ਸਵਾਲ ਹੈ- ਕਾਰਣ, ਮੋਟਿਵ, ਕਤਲ ਦੀ ਵਜ੍ਹਾ ? ਤੇ ਸਭ ਤੋਂ ਆਖ਼ਰੀ, ਪੂਰੇ ਪੰਜ ਕਰੋੜ ਦਾ ਸਵਾਲ ਕਿ ਕਾਤਿਲ ਕੌਣ ? ਕਹਿ ਕੇ ਕਦੋਂ ਦੇ ਖ਼ਾਲੀ ਹੋ ਚੁੱਕੇ ਕੌਫ਼ੀ ਦੇ ਮੱਗ ਵੱਲ ਆਖ਼ਰੀ ਨਿਗ੍ਹਾ ਮਾਰ ਕੇ, ਤੇਜਵੀਰ ਉੱਠ ਖੜ੍ਹਾ ਹੋਇਆ ਤੇ ਕਹਿਣ ਦੀ ਲੋੜ ਨਹੀਂ ਕਿ ਮਗਰੇ ਹੀ ਗਗਨ ਵੀ।

ਹੁਣ ਉਨ੍ਹਾਂ ਦੀ ਮੰਜ਼ਿਲ ਸੀ ਬੈਕ ਟੂ ਪਾਵੇਲੀਅਨ ਜਾਣੀਂ ਕਿ ਦਫ਼ਤਰੇ-ਰੋਜ਼ਾਨਾ ਖ਼ਬਰਨਾਮਾ।

ਜਿੰਨੇ ਚਿਰ ਨੂੰ ਸਰਦੂਲ ਸਿੰਘ ਸਕਤੇ ਦੀ ਹਾਲਤ 'ਚੋਂ ਬਾਹਰ ਨਿੱਕਲਿਆ, ਤੇਜਵੀਰ ਤੇ ਗਗਨ ਹੋਸਟਲ ਦੇ ਗੇਟ ਵਿਚੋਂ ਬਾਹਰ ਹੋ ਚੁੱਕੇ ਸਨ।

ਪੁਲਿਸ 'ਚ ਸਿਪਾਹੀ ਵਜੋਂ ਭਰਤੀ ਹੋਏ, ਦੋਹਾਂ ਭਰਾਵਾਂ 'ਚੋਂ ਛੋਟੇ ਸਰਦੂਲ ਸਿੰਘ ਦਾ ਬਾਪ ਇੱਕ ਦਿਹਾੜੀਦਾਰ ਕਾਮਾ ਸੀ ਤੇ ਉੱਤੋਂ ਦੀ ਅਫ਼ੀਮ ਅਤੇ ਡੋਡੇ ਦੀ ਭੈੜੀ ਲਤ ਦਾ ਸ਼ਿਕਾਰ। ਸੁਰਤ ਸੰਭਾਲਦਿਆਂ ਹੀ ਅੰਤਾਂ ਦੀ ਗ਼ਰੀਬੀ ਨਾਲ਼ ਵਾਹ ਪਿਆ ਸੀ ਉਸਦਾ। ਘਰੇ ਭੰਗ ਭੁੱਜਦੀ ਸੀ। ਕਦੇ ਰੋਟੀ ਪੱਕਦੀ ਤੇ ਕਦੇ ਚੁੱਲ੍ਹਾ ਠੰਡਾ ਹੀ ਰਹਿੰਦਾ। ਜਿਹੜੇ ਡੰਗ ਰੋਟੀ ਪੱਕਣੀ, ਰੋਟੀ ਖਾ ਲੈਣੀ ਤੇ ਜਿਹੜੇ ਡੰਗ ਰੋਟੀ ਨਾ ਪੱਕਣੀ, ਬੇਬੇ ਦੇ ਦੋ ਥੱਪੜ ਖਾ ਲੈਣੇ। ਦੋਹਾਂ ਭਰਾਵਾਂ ਦੇ ਤੇੜ ਕੱਪੜੇ ਵੀ ਮੰਗਵੇਂ ਹੀ ਪਾਏ ਹੋਣੇ। ਵੱਡਾ ਭਰਾ ਨਿਰੰਜਣ ਸਿੰਘ, ਜਿਸਨੂੰ ਸਾਰੇ ਨੰਜੀ ਆਖਦੇ, ਸੁਭਾਅ ਤੋਂ ਡਰਾਕਲ਼ ਤੇ ਦੱਬੂ ਸੀ; ਪਰ ਦੌਲਾ ਜਾਣੀਂ ਕਿ ਸਰਦੂਲ ਸਿੰਘ, ਸ਼ੁਰੂ ਤੋਂ ਹੀ ਖਰ-ਦਿਮਾਗ਼, ਇੱਲਤੀ ਅਤੇ ਰੱਜ ਕੇ ਲੜਾਕਾ ਸੀ। ਜਿੱਥੇ ਘਰ ਦੀ ਤੰਗੀ ਨੇ ਨੰਜੀ ਨੂੰ ਸਬਰ-ਸੰਤੋਖ ਤੇ ਉਡੀਕ ਸਿਖਾਈ, ਓਥੇ ਦੌਲਾ ਸਬਰ-ਸੰਤੋਖ ਤੋਂ ਕੋਹਾਂ ਦੂਰ ਸੀ। ਪੈਸੇ-ਧੇਲੇ ਦੀ ਥੁੜ ਨੇ ਤਾਂ ਚੀਜ਼ਾਂ ਪ੍ਰਤੀ ਦੌਲੇ ਦੀ ਭੁੱਖ ਨੂੰ, ਸਗੋਂ ਹੋਰ ਵਧਾ ਦਿੱਤਾ ਸੀ। ਭਾਵੇਂ ਖਾਣ-ਪੀਣ ਦਾ ਮਾਮਲਾ ਹੋਵੇ ਜਾਂ ਪਹਿਨਣ-ਵਰਤਣ ਦੀਆਂ ਚੀਜ਼ਾਂ ਦਾ, ਉਡੀਕ ਤੇ ਸਬਰ ਤਾਂ ਦੌਲੇ ਨੇ ਸਿੱਖਿਆ ਹੀ ਨਹੀਂ ਸੀ। ਉਹ ਤਾਂ ਦਾਅ ਲੱਗਣ 'ਤੇ, ਹਮੇਸ਼ਾ ਝਪਟਣ ਲਈ ਤਿਆਰ ਰਹਿੰਦਾ। ਜਦੋਂ ਭੁੱਖ ਲੱਗਣੀ, ਜਿਹੜੀ ਕਿ ਉਸਨੂੰ ਲੱਗੀ ਹੀ ਰਹਿੰਦੀ ਸੀ, ਤਾਂ ਹਰ ਹੀਲੇ ਖਾਣ-ਪੀਣ ਦਾ ਪ੍ਰਬੰਧ ਕਰ ਹੀ ਲੈਂਦਾ ਸੀ ਦੌਲਾ। ਦਾਅ ਲੱਗਣਾ ਤਾਂ ਜਮਾਤੀਆਂ ਦੇ ਬਸਤੇ 'ਚੋਂ ਰੋਟੀ, ਚੋਰੀ ਕਰਕੇ ਖਾ ਲੈਣੀ; ਨਹੀਂ ਤਾਂ ਆਪਣੇ ਤੋਂ ਮਾੜੇ ਤੋਂ ਖੋਹ ਕੇ ਖਾ ਲੈਣੀ। ਕਿਸੇ ਦੀ ਮੱਝ ਚੋਰੀ ਚੋਅ ਕੇ ਦੁੱਧ ਪੀ ਲੈਣਾ, ਜ਼ਿਮੀਂਦਾਰਾਂ ਦੇ ਖੇਤਾਂ ਵਿਚੋਂ ਗੰਨੇ, ਗਾਜਰਾਂ, ਮੂਲ਼ੀਆਂ ਤੇ ਸ਼ਲਗਮਾਂ ਚੋਰੀ ਪੁੱਟ ਲੈਣੀਆਂ, ਤੇ ਜੇ ਕਿਤੇ ਫੜੇ ਜਾਣਾ, ਤਾਂ ਕੁੱਟ ਖਾ ਲੈਣੀ, ਪਰ ਬਾਜ਼ ਆਉਣਾ ਤਾਂ ਦੌਲੇ ਨੇ ਸਿੱਖਿਆ ਹੀ ਨਹੀਂ ਸੀ। ਜੇ ਕਿਤੇ ਕਿਸੇ ਜੁਆਕ ਦੇ ਖਿਡੌਣੇ 'ਤੇ ਅੱਖ ਧਰਲੀ, ਤਾਂ ਉਹ ਖਿਡੌਣਾ ਦੌਲੇ ਦਾ ਬਣ ਜਾਂਦਾ, ਭਾਵੇਂ ਚੋਰੀ ਤੇ ਭਾਵੇਂ ਮੱਲੋ ਜ਼ੋਰੀ।

ਇਉਂ ਜੁਆਨ ਹੁੰਦਿਆਂ-ਹੁੰਦਿਆਂ ਦੌਲਾ ਚੋਰੀ-ਚਕਾਰੀ, ਸ਼ਰਾਬ ਕੱਢਣ ਅਤੇ ਮਾੜੀਆਂ-ਮੋਟੀਆਂ ਲੁੱਟਾਂ-ਖੋਹਾਂ 'ਚ ਹੱਥ ਅਜ਼ਮਾਉਣ ਲੱਗ ਪਿਆ ਸੀ। ਪੜ੍ਹਨਾ-ਲਿਖਣਾ ਤਾਂ ਉਸਨੂੰ ਇੱਲ੍ਹ ਤੇ ਕੁੱਕੜ ਨਹੀਂ ਸੀ ਆਉਂਦਾ, ਪਰ ਪਾਸ ਹੋਣ ਦਾ ਜੁਗਾੜ ਉਹ ਆਪੇ ਹੀ ਸਿੱਖ ਗਿਆ ਸੀ। ਪੰਜਵੀਂ ਤੱਕ ਤਾਂ ਓਦੋਂ ਪੇਂਡੂ ਸਕੂਲਾਂ 'ਚ ਮਾਸਟਰ ਆਪੇ ਹੀ ਜੁਆਕਾਂ ਨੂੰ ਪਾਸ ਕਰ ਦਿੰਦੇ, ਬਾਕੀ ਨਕਲ-ਨੁਕਲ ਦਾ ਜੁਗਾੜ ਫਿੱਟ ਕਰਕੇ ਦੌਲਾ, ਕਿਸੇ ਹੀਲੇ ਦੋ ਵਾਰ ਫੇਲ੍ਹ ਹੋ ਕੇ ਦਸਵੀਂ ਪਾਸ ਕਰ ਹੀ ਗਿਆ।

ਉਸ ਦੌਰ ਵਿੱਚ ਖਾੜਕੂਵਾਦ ਆਪਣੇ ਪੂਰੇ ਸਿਖਰ 'ਤੇ ਸੀ। ਪੂਰੇ ਪੰਜਾਬ ਵਿਚ ਉਸ ਵਕਤ ਪੁਲਿਸ ਦਾ ਅੰਨ੍ਹਾ ਰਾਜ ਚੱਲਦਾ ਸੀ। ਆਲ਼ੇ-ਦੁਆਲ਼ੇ ਦੇ ਹਾਲਾਤਾਂ 'ਤੋਂ ਦੌਲਾ ਵੀ ਨਾਵਾਕਿਫ਼ ਨਹੀਂ ਸੀ।

'ਜੇ ਕਿਤੇ ਪੁਲ਼ਸ ਮਹਿਕਮੇ 'ਚ ਲੱਤ ਅੜਜੇ ਤਾਂ ,'

ਇਹ ਵਿਚਾਰ ਹੁਣ ਚੌਵੀ ਘੰਟੇ ਦੌਲੇ ਦੇ ਦਿਮਾਗ਼ ਵਿਚ ਸੂਈ ਦੀ ਟਿੱਕ-ਟਿੱਕ ਵਾਂਗੂੰ ਵੱਜਦਾ ਰਹਿੰਦਾ ਸੀ। ਵੈਸੇ ਵੀ ਮਾੜੀਆਂ-ਮੋਟੀਆਂ ਚੋਰੀਆਂ-ਚਕਾਰੀਆਂ ਤੇ ਘਰ ਦੀ ਕੱਢੀ ਸ਼ਰਾਬ ਦੇ ਧੰਦੇ ਨਾਲ਼ ਹੁਣ ਦੌਲੇ ਦੀ ਨੀਅਤ ਨਹੀਂ ਭਰਦੀ ਸੀ। ਨਵੇਂ-ਨਵੇਂ ਜੁਆਨ ਹੋਏ ਦੌਲੇ ਦੀਆਂ ਸਾਰੀਆਂ ਭੁੱਖਾਂ ਦਾ ਕੇਂਦਰ-ਬਿੰਦੂ, ਹੁਣ ਪੈਸਾ ਤੇ ਉਹ ਵੀ ਬਹੁਤ ਸਾਰਾ ਪੈਸਾ ਜੋ ਬਣ ਚੁੱਕਾ ਸੀ।

ਤੇ ਇੱਕ ਦਿਨ ਮੌਕਾ ਆ ਹੀ ਗਿਆ, ਤੇ ਝਪਟਣਾ ਤਾਂ ਕਿਸੇ ਸ਼ਿਕਾਰੀ ਕੁੱਤੇ ਵਾਂਗ ਦੌਲੇ ਦੇ ਸੁਭਾਅ 'ਚ ਮੁੱਢ ਤੋਂ ਹੀ ਰਚਿਆ-ਵਸਿਆ ਹੋਇਆ ਸੀ।

ਉਸ ਦਿਨ ਸ਼ਰਾਬ ਦੀ ਭੱਠੀ 'ਤੇ ਰੰਗੇ ਹੱਥੀਂ ਫੜਿਆ ਦੌਲਾ, ਹਵਾਲਾਤ ਵਿਚ ਬੰਦ ਸੀ। ਉਸਦੇ ਨਾਲ਼ ਹਵਾਲਾਤ ਵਿਚ ਦੋ ਗੁਰਸਿੱਖ ਨੌਜੁਆਨ ਵੀ ਬੰਦ ਸਨ। ਪੁਲਿਸ ਦੇ ਤਸ਼ੱਦਦ ਸਦਕਾ ਦੋਨਾਂ ਦੀ ਹਾਲਤ ਬਹੁਤ ਖ਼ਰਾਬ ਸੀ।

'ਵੱਡੇ ਈ ਖਾੜਕੂ ਲੱਗਦੇ ਆ।'

ਸੋਚਦਾ ਦੌਲਾ ਪਰਲੀ ਨੁਕਰੇ ਲੱਗਿਆ ਬੈਠਾ ਸੀ।

'ਸਾਲ਼ਿਓ ! ਹਿੱਸਾ-ਪੱਤੀ ਨੂੰ ਤਾਂ ਐਡਾ ਬੂਥਾ ਅੱਡ ਕੇ ਬਹਿ ਜਾਨੇ ਓਂ, ਤੇ ਕੰਮ ਦੇ ਵੇਲ਼ੇ ਮੂਤ ਜਾਨੇ ਓਂ।'

ਨਾਲ਼ ਆ ਰਹੇ ਦੋ ਮਾਤਹਤ ਸਿਪਾਹੀਆਂ ਨੂੰ ਕੋਸਦਾ ਇੰਸਪੈਕਟਰ ਰਾਜ ਕੁਮਾਰ ਪੁਰੀ ਹਵਾਲਾਤ 'ਚ ਦਾਖਲ ਹੋਇਆ।

ਪੁਰੀ ਦੀ ਪੂਰੇ ਇਲਾਕੇ ਵਿਚ ਪੂਰੀ ਦਹਿਸ਼ਤ ਸੀ। ਪਲਿਸ ਮੁਕਾਬਲਿਆਂ ਦੇ ਮਾਮਲੇ 'ਚ ਉਸਦੇ ਨਾਂ ਦੀ ਤੂਤੀ ਬੋਲਦੀ ਸੀ। ਉਸਦੇ ਹੱਥੇ ਚੜ੍ਹਿਆ ਮੁੰਡਾ ਘੱਟ ਈ ਬਚਦਾ ਸੀ, ਤੇ ਜੇ ਕਿਤੇ ਟੁੱਟੀ-ਫੁੱਟੀ ਹਾਲਤ ਵਿਚ ਬਚਦਾ ਵੀ ਸੀ ਕੋਈ, ਤਾਂ ਪੁਰੀ ਦਾ ਮੂੰਹ ਭਰਨ 'ਚ ਉਸਦੇ ਮਾਪਿਆਂ ਦਾ ਘਰ-ਬਾਰ ਹੁੰਝਿਆ ਜਾਂਦਾ ਸੀ ਤੇ ਮਾਵਾਂ-ਭੈਣਾਂ ਦੀ ਪੱਤ ਵੱਖਰੀ ਰੁਲ਼ਦੀ ਸੀ। ਇਲਾਕੇ ਦਾ ਰਾਜਾ ਆਖਦੇ ਸੀ ਲੋਕ ਉਸਨੂੰ।

ਦੌਲਾ ਪੁਰੀ ਦੀ ਦਹਿਸ਼ਤ ਦੇ ਕਿੱਸਿਆਂ ਤੋਂ ਨਾਵਾਕਿਫ਼ ਨਹੀਂ ਸੀ, ਪਰ ਪੁਰੀ ਦੇ ਹੱਥੇ ਚੜ੍ਹਨ ਦੀ ਉਸਨੂੰ ਕੋਈ ਬਹੁਤੀ ਫ਼ਿਕਰ ਨਹੀਂ ਸੀ। ਉਹ ਜਾਣਦਾ ਸੀ ਕਿ ਪੁਰੀ ਅਫ਼ੀਮ-ਡੋਡੇ ਵੇਚਣ ਵਾਲ਼ਿਆਂ ਤੇ ਸ਼ਰਾਬ ਕੱਢ ਕੇ ਵੇਚਣ ਵਾਲ਼ਿਆਂ ਨਾਲ਼ ਬਹੁਤੀ ਸਖ਼ਤੀ ਨਾਲ਼ ਪੇਸ਼ ਨਹੀਂ ਆਉਂਦਾ ਸੀ। ਬੱਸ ਥੋੜ੍ਹੀ ਬਹੁਤ ਛਿਤਰੌਲ਼, ਬਣਦਾ ਚੜ੍ਹਾਵਾ ਤੇ ਬੰਨ੍ਹਵੇਂ ਚੜ੍ਹਾਵੇ ਦਾ ਹੁਕਮ, ਪਿੱਛੋਂ ਉਹ ਤੇ ਉਸਦਾ ਫੜਿਆ ਸਮਾਨ, ਦੋਹਾਂ ਦੀ ਰਿਹਾਈ ਦੀ ਪੂਰੀ ਗਾਰੰਟੀ ਸੀ।

ਚੀੜ੍ਹੇ ਬੱਕਰੇ ਖਾਣ ਦਾ ਸ਼ੌਕੀਨ ਨਹੀਂ ਸੀ ਪੁਰੀ, ਬਲਕਿ ਉਸਨੂੰ ਤਾਂ ਨਰਮ-ਨਰਮ ਖ਼ਰਗੋਸ਼ਾਂ ਦਾ ਮਾਸ ਖਾਣ ਦੀ ਆਦਤ ਸੀ।

ਐਸ ਵੇਲ਼ੇ ਵੀ ਪੁਰੀ ਦੀਆਂ ਨਿਗਾਹਾਂ ਦਾ ਮਰਕਜ਼, ਉਸਦੇ ਨਾਲ਼ ਹਵਾਲਾਤ 'ਚ ਬੰਦ ਦੋ ਨਰਮ ਖ਼ਰਗੋਸ਼ ਹੀ ਸਨ।

(ਚਲਦਾ)

ਕਹਾਣੀ

# ਮੁਜ਼ਰਿਮ ਵਾਰਿਸ ਸ਼ਾਹ !

ਸਾਂਵਲ ਧਾਮੀ

ਸੰਤਾਲੀ ਤੋਂ ਸੱਤ ਕੁ ਸਾਲ ਬਾਅਦ ਦੀ ਗੱਲ ਏ। ਡਸਕੇ ਦਾ ਚੌਧਰੀ ਮੁਹੱਬਤ ਨਸਰੁੱਲਾ ਖਾਂ ਸਾਹੀ ਸਿਆਲਕੋਟ ਦੀ ਕਚਹਿਰੀ ਅੱਗਿਓਂ ਲੰਘ ਰਿਹਾ ਸੀ। ਉਸਨੇ ਵੇਖਿਆ ਇਕ ਸਰਦਾਰ ਨੂੰ ਪੁਲਿਸ ਵਾਲੇ ਹੱਥਕੜੀਆਂ ਲਗਾਈਂ ਕਚਹਿਰੀ ਦੇ ਮੁੱਖ ਦਰਵਾਜ਼ੇ ਵੱਲ ਲਿਜਾ ਰਹੇ ਨੇ।

ਉੱਚੇ-ਲੰਮੇ ਅੱਧਖੜ ਸਰਦਾਰ ਦੇ ਖ਼ਸਤਾ ਹਾਲ ਕੱਪੜੇ ਅਤੇ ਸਿਰ 'ਤੇ ਮੈਲ਼ੀ ਪੱਗ ਵੇਖਦਿਆਂ ਚੌਧਰੀ ਦਾ ਦਿਲ ਤੜਫ਼ ਉੱਠਿਆ। ਉਨ੍ਹਾਂ ਨੇ ਆਪਣੇ ਡਰਾਈਵਰ ਨੂੰ ਕਾਰ ਰੋਕਣ ਲਈ ਆਖਿਆ। ਕਾਹਲੀ ਨਾਲ ਕਾਰ 'ਚੋਂ ਉਤਰਿਆ ਤੇ ਪੁਲਿਸ ਵਾਲਿਆਂ ਨੂੰ ਰੁਕਣ ਲਈ ਆਵਾਜ਼ ਮਾਰੀ।

ਚੌਧਰੀ ਸਿਆਲਕੋਟ ਜ਼ਿਲ੍ਹੇ ਦੇ ਸਿਰਕੱਢ ਆਦਮੀਆਂ 'ਚ ਇਕ ਸੀ। ਉਸਦਾ ਦਾਦਾ ਇਸ ਕਚਹਿਰੀ 'ਚ ਵਕਾਲਤ ਕਰਦਾ ਰਿਹਾ ਸੀ। ਉਸਦਾ ਤਾਇਆ ਚੌਧਰੀ ਸਰ ਮੁਹੰਮਦ ਨਸਰੁੱਲਾ ਖਾਂ ਪਾਕਿਸਤਾਨ ਦਾ ਪਹਿਲਾ ਵਿਦੇਸ਼ ਮੰਤਰੀ ਰਿਹਾ ਸੀ। ਕੋਲ ਜਾਣ 'ਤੇ ਉਸਨੇ ਮਹਿਸੂਸ ਕੀਤਾ ਕਿ ਸਰਦਾਰ ਦੇ ਮੈਲ਼ੇ ਕੱਪੜਿਆਂ 'ਚੋਂ ਬਦਬੂ ਉੱਠ ਰਹੀ ਏ। ਉਸਦੀ ਡੀਲ-ਡੌਲ਼, ਰੋਹਬਦਾਰ ਦਿੱਖ ਤੇ ਚਮਕਦੀਆਂ ਭੂਰੀਆਂ ਅੱਖਾਂ ਤੋਂ ਚੌਧਰੀ ਨੇ ਸਹਿਜੇ ਅੰਦਾਜ਼ਾ ਲਗਾ ਲਿਆ ਕਿ ਕਦੇ ਉਹ ਬੜਾ ਸੋਹਣਾ ਤੇ ਸ਼ੌਕੀਨ ਜਵਾਨ ਰਿਹਾ ਹੋਵੇਗਾ। ਚੌਧਰੀ ਨੇ ਸਰਦਾਰ ਨੂੰ ਫਤਿਹ ਬੁਲਾਈ ਤਾਂ ਉਹ ਹੈਰਾਨ ਹੋ ਗਿਆ। ਉਸਨੇ ਜਵਾਬ ਦਿੰਦਿਆਂ ਚੌਧਰੀ ਨੂੰ ਗਹੁ ਨਾਲ ਵੇਖਿਆ। ਇਕ ਪਲ ਲਈ ਉਸਨੇ ਸੋਚਿਆ ਕਿ ਸ਼ਾਇਦ ਉਸਦਾ ਕੋਈ ਬਚਪਨ ਦਾ ਦੋਸਤ ਹੋਵੇਗਾ।

'ਕਿਹੜੇ ਗੁਨਾਹ 'ਚ ਫੜ ਲਿਆ, ਸਰਦਾਰ ਜੀ ਨੂੰ ?' ਚੌਧਰੀ ਨੇ ਪੁਲਿਸ ਵਾਲਿਆਂ ਨੂੰ ਸਵਾਲ ਕੀਤਾ ਤਾਂ ਸਰਦਾਰ ਸਮਝ ਗਿਆ ਕਿ ਉਹ ਕੋਈ ਤੁਰਿਆ ਜਾਂਦਾ ਅਣਜਾਣ ਬੰਦਾ ਏ ਜੋ ਉਸਨੂੰ ਵੇਖ ਕੇ ਉਂਜ ਹੀ ਰੁਕ ਗਿਆ ਏ।

ਪੁਲਿਸ ਵਾਲਿਆਂ ਨੇ ਦੱਸਿਆ ਕਿ ਉਹ ਜਸੂਸ ਏ ਤੇ ਦੋ ਮਹੀਨੇ ਪਹਿਲਾਂ ਹੱਦ ਉਲੰਘ ਕੇ ਪਾਕਿਸਤਾਨ ਦੇ ਸਰਹੱਦੀ ਪਿੰਡ 'ਚ ਆਣ ਵੜਿਆ ਸੀ।

'ਪੱਗ ਬੰਨ੍ਹ ਕੇ ?' ਚੌਧਰੀ ਨੇ ਹਲਕਾ ਜਿਹਾ ਹੱਸ ਕੇ ਸਵਾਲ ਕੀਤਾ ਤਾਂ ਪੁਲਿਸ ਵਾਲਿਆਂ ਨੇ ਨਜ਼ਰਾਂ ਝੁਕਾਂ ਲਈਆਂ।

'ਮੈਂ ਸਰਦਾਰਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾਂ। ਯਕੀਨ ਕਰੋ ਕਿ ਇਹ ਕਿਤੇ ਨਹੀਂ ਦੌੜ ਚੱਲਾ। ਤੁਸੀਂ ਹੱਥਕੜੀਆਂ ਖੋਲ੍ਹ ਦਿਓ। ਆਓ ਪਹਿਲਾਂ ਇਨ੍ਹਾਂ ਦੀ ਕੋਈ ਟਹਿਲ-ਸੇਵਾ ਤਾਂ ਕਰੀਏ।'

ਕੋਈ ਹੋਰ ਹੁੰਦਾ ਤਾਂ ਸ਼ਾਇਦ ਪੁਲਿਸ ਵਾਲੇ ਉਸਨੂੰ ਦਬਕ ਕੇ ਦੂੜਾ ਦਿੰਦੇ। ਉਹ ਤਾਂ ਡਸਕੇ ਦੇ ਉਸ ਸ਼ਾਹੀ ਖਾਨਦਾਨ ਦਾ ਜਵਾਨ ਸੀ, ਜਿਸਦੀ ਸਾਰੇ ਦੇਸ਼ 'ਚ ਤੂਤੀ ਬੋਲਦੀ ਸੀ। ਪੁਲੀਸ ਵਾਲਿਆਂ ਨੇ ਹੱਥਕੜੀ ਖੋਲ੍ਹ ਦਿੱਤੀ। ਉਹ ਕਿਸੇ ਵਕੀਲ ਦੇ ਕੈਬਿਨ 'ਚ ਬੈਠ ਗਏ। ਚੌਧਰੀ ਨੇ ਉਸ ਸਰਦਾਰ ਕੋਲੋਂ ਪਿੰਡ ਪੁੱਛਿਆ ਤਾਂ ਉਸ ਦੀਆਂ ਮੋਟੀਆਂ ਅੱਖਾਂ 'ਚ ਚਾਣਚੱਕ ਅੱਥਰੂ ਛਲਕ ਆਏ।

'ਮੇਰਾ ਅਸਲ ਪਿੰਡ ਤਾਂ ਇੱਧਰ ਰਹਿ ਗਿਆ। ਮੈਂ ਵਜ਼ੀਰਾਬਾਦ ਦੇ ਹਾਈ ਸਕੂਲ 'ਚ ਪੜ੍ਹਿਆਂ। ਸਾਨੂੰ ਉਰਦੂ ਮੌਲਵੀ ਹਸਨ ਸ਼ਾਹ ਹੋਰੀਂ ਪੜ੍ਹਾਉਂਦੇ ਹੁੰਦੇ ਸਨ। ਉਹ ਸ਼ਾਇਰ ਵੀ ਸਨ। ਉਨ੍ਹਾਂ ਨੇ ਮੈਨੂੰ ਵੀ ਸ਼ਾਇਰੀ ਪੜ੍ਹਨ ਦਾ ਸ਼ੌਕ ਪਾ ਦਿੱਤਾ ਸੀ। ਮੈਂ ਵਧੀਆ ਸ਼ਾਇਰੀ ਦਾ ਸ਼ੈਦਾਈ ਵਾਂ। ਸ਼ਾਹ ਹੁਸੈਨ, ਵਾਰਿਸ ਸ਼ਾਹ, ਮੁਹੰਮਦ ਸ਼ਾਹ, ਮੌਲਵੀ ਗੁਲਾਮ ਰਸੂਲ, ਇਨ੍ਹਾਂ ਨੂੰ ਤਾਂ ਮੈਂ ਘੋਲ ਕੇ ਪੀਤਾ ਹੋਇਆ।

ਜਦੋਂ ਅਸੀਂ ਇੱਧਰੋਂ ਉੱਜੜ ਕੇ ਗਏ ਤਾਂ ਮੈਂ ਆਪਣੀਆਂ ਕਿਤਾਬਾਂ ਬਗ਼ੈਰਾ ਹੋਰ ਕੁਝ ਨਹੀਂ ਸੀ ਚੁੱਕਿਆ। ਸਾਡੇ ਕਾਫ਼ਲੇ 'ਤੇ ਬੜੇ ਹਮਲੇ ਹੋਏ। ਵਾਰਿਸ ਸ਼ਾਹ ਦੀ ਹੀਰ ਤੋਂ ਬਿਨਾਂ ਬਾਕੀ ਸਭ ਕਿਤਾਬਾਂ ਰਾਹ 'ਚ ਹੀ ਖਿੱਲਰ-ਖੁੱਲਰ ਗਈਆਂ। ਅੱਜ ਵੀ ਮੈਂ ਹਲ਼ ਵਾਹੁੰਦਿਆਂ ਵਾਰਿਸ ਦੀ ਹੀਰ ਗਾਉਂਦਾ ਰਹਿੰਦਾ। ਬਹੁਤੇ ਲੋਕ ਮੈਨੂੰ ਸ਼ੁਦਾਈ ਸਮਝਦੇ ਨੇ।' ਉਹ ਕੌੜਾ ਜਿਹਾ ਹੱਸ ਕੇ ਚੁੱਪ ਹੋ ਗਿਆ।

'ਓਧਰ ਕਿੱਥੇ ਬੈਠੇ ਹੋ ?' ਚੌਧਰੀ ਨੇ ਸਵਾਲ ਕੀਤਾ।

'ਬਿਲਕੁਲ ਹੱਦ 'ਤੇ ਪਿੰਡ ਏ ਸਾਡਾ। ਅਸੀਂ ਹਲ਼ ਵਾਹੁੰਦੇ ਇਕ ਦੂਜੇ ਨਾਲ ਗੱਲਾਂ ਕਰਦੇ ਰਹਿੰਦੇ ਆਂ। ਸ਼ਾਹ ਵੇਲੇ ਇਕ-ਦੂਜੇ ਕੋਲੋਂ ਅਚਾਰ ਤੇ ਲੱਸੀ ਵੀ ਮੰਗ ਲੈਂਦੇ ਆਂ। ਅਸੀਂ ਇਕ ਦੂਜੇ ਕੋਲੋਂ ਦਾਤੀ ਰੰਬਾ ਵੀ ਮੰਗ ਲੈਂਦੇ ਆਂ। ਅਸੀਂ ਵੱਖ ਜ਼ਰੂਰ ਹੋ ਗਏ ਆਂ, ਪਰ ਸਾਡੀ ਬੋਲੀ ਤੇ ਰਹਿਤਲ ਤਾਂ ਸਾਂਝੀ ਏ ਨਾ। ਸਾਡੀ ਧਰਤੀ ਜ਼ਰੂਰ ਵੰਡੀ ਗਈ ਆ, ਪਰ ਸਾਡੇ ਗੁਰੂ ਨਾਨਕ, ਬਾਬਾ ਫ਼ਰੀਦ, ਬੁੱਲ੍ਹੇ ਤੇ ਵਾਰਿਸ ਨੂੰ ਕੌਣ ਵੰਡ ਸਕਦਾ ?' ਉਸਦੇ ਬੋਲ ਭਾਰੇ ਹੋ ਗਏ। ਚੌਧਰੀ ਨੇ ਸਿਪਾਹੀਆਂ ਕੋਲੋਂ ਜੇਲ੍ਹ ਦਾ ਪਤਾ ਪੁੱਛਿਆ ਤੇ ਜਲਦੀ ਮਿਲਣ ਦਾ ਵਾਅਦਾ ਕਰਕੇ ਉੱਠ ਪਿਆ।

'ਸਰਦਾਰ ਜੀ, ਤੁਹਾਨੂੰ ਕਿਹੜੇ ਰੰਗ ਦੀਆਂ ਪੱਗਾਂ ਪਸੰਦ ਨੇ ?' ਵਿਛੜਨ ਲੱਗਿਆਂ ਚੌਧਰੀ ਨੇ ਸਵਾਲ ਕੀਤਾ।

'ਚੌਧਰੀ ਸਾਬ.. ਵਾਹਿਗੁਰੂ ਦੀ ਕ੍ਰਿਪਾ ਨਾਲ ਵਕਤ ਬੜਾ ਸੋਹਣਾ ਰਿੜੀ ਜਾਂਦੈ। ਕਿਸੇ ਸ਼ੈਅ ਦੀ ਲੋੜ ਨਹੀਂ।' ਸਰਦਾਰ ਨੇ ਨਾਂਹ ਕੀਤੀ ਤਾਂ ਚੌਧਰੀ ਨੇ ਉਸਦਾ ਹੱਥ ਫੜਦਿਆਂ ਮੋਹ ਨਾਲ ਆਖਿਆ- ਅਸੀਂ ਵੀ ਪਹਿਲਾਂ ਸਿੱਖ ਸਾਂ। ਮੇਰੇ ਪੜਦਾਦੇ ਸਿਕੰਦਰ ਖਾਂ ਦਾ ਦਾਦਾ ਨਬਾਈਦਾਰ ਸਿੰਘ ਭੰਗੀਆਂ ਵੇਲੇ ਮੁਸਲਮਾਨ ਹੋ ਗਿਆ ਸੀ। ਜ਼ੈਲਦਾਰ ਅਮਰ ਸਿੰਘ ਤੇ ਸਰਦਾਰ ਸ਼ਿਵਦੇਵ ਸਿੰਘ ਸਾਹੀ ਮੇਰੇ ਚਾਚੇ ਤਾਏ ਸਨ। ਤਾਏ ਸ਼ਿਵਦੇਵ ਸਿੰਘ ਦਾ ਪੁੱਤਰ ਸ਼ਿਵਚਰਨ ਸਿੰਘ ਸਾਹੀ ਮੇਰਾ ਜਿਗਰੀ ਯਾਰ ਸੀ। ਅਸੀਂ ਡਸਕੇ ਦੇ ਸਕੂਲ 'ਚ ਇਕੱਠੇ ਪੜ੍ਹੇ ਸਾਂ। ਉਨ੍ਹਾਂ ਦੀ ਮੋਰਾਂਵਾਲੀ ਕੋਠੀ ਵਿਚਲੇ ਪੁਰਾਣੇ ਖੂਹ ਦੀ ਮੌਣ ਨਾਲ ਢਾਸਣਾ ਲਗਾ ਕੇ ਅਸੀਂ ਦਸਵੀ 'ਚ ਪੜ੍ਹਦਿਆਂ ਸਾਰਾ ਦੀਵਾਨ-ਏ-ਗਾਲ਼ਿਬ ਹਿਫ਼ਜ਼ ਕਰ ਲਿਆ ਸੀ। ਫਿਰ ਸੰਤਾਲੀ ਆ ਗਿਆ। ਮੇਰੇ ਅੱਬਾ ਚੌਧਰੀ ਸ਼ਕਰੂਲਾ ਖਾਂ ਸਾਹੀ ਨੇ ਡਸਕੇ ਇਲਾਕੇ ਦੇ ਹਿੰਦੂ ਸਿੱਖਾਂ ਦੀ ਹਰ ਤਰ੍ਹਾਂ ਹਿਫ਼ਾਜ਼ਤ ਕੀਤੀ। ਕਿੰਜ ਦੱਸਾਂ ਕਿ ਸਰਦਾਰਾਂ ਨਾਲ ਕਿੰਨਾ ਪਿਆਰ ਸੀ ਸਾਡਾ। ਮੇਰੀਆਂ ਅੱਖਾਂ...' ਚੌਧਰੀ ਹੋਰਾਂ ਦਾ ਗੱਚ ਭਰ ਆਇਆ।

'...ਸਰਦਾਰਾਂ ਨੂੰ ਵੇਖਣ ਲਈ ਤਰਸ ਗਈਆਂ ਸਨ, ਪਰ ਆਹ ਕਦੇ ਨਹੀਂ ਸੀ ਸੋਚਿਆ ਕਿ ਮੈਂ ਕਿਸੇ ਸਰਦਾਰ ਨੂੰ ਇਸ ਹਾਲਤ 'ਚ ਵੇਖਾਂਗਾ। ਉਹ ਸਰਦਾਰ ਜਿਹੜੇ ਕੁਝ ਸਾਲ ਪਹਿਲਾਂ ਤਕ ਇੱਥੋਂ ਦੇ ਮਾਲਕ ਸਨ। ਉਨ੍ਹਾਂ 'ਚੋਂ ਇਕ ਅੱਜ ਹੱਥਕੜੀਆਂ 'ਚ ਨੂੜਿਆ ਸਿਆਲਕੋਟ ਦੀਆਂ ਸੜਕਾਂ 'ਤੇ ਤੁਰ ਰਿਹਾ ਏ। ਇਹ ਸਭ ਕੁਝ ਜਰਨਾ ਮੇਰੇ ਲਈ ਬੜਾ ਔਖਾ ਏ।' ਇਹ ਕਹਿੰਦਿਆਂ ਚੌਧਰੀ ਹੋਰੀਂ ਰੋ ਪਏ।

'ਦਿਲ ਹੌਲਾ ਨਾ ਕਰੋ ਚੌਧਰੀ ਸਾਹਬ!' ਕਿਸੇ ਸਿਪਾਹੀ ਨੇ ਕੰਬਦੀ ਜ਼ੁਬਾਨ 'ਚ ਆਖਿਆ। ਚੌਧਰੀ ਹੋਰਾਂ ਲੰਮੇ-ਲੰਮੇ ਸਾਹ ਲਏ ਤੇ ਸੰਭਲਦਿਆਂ ਗਾਲਿਬ ਦੀ ਗ਼ਜ਼ਲ ਛੋਹ ਲਈ:

'ਦਿਲ ਹੀ ਤੋ ਹੈ ਨਾ ਸੰਗ-ਓ-ਖ਼ਿਸ਼ਤ...' ਚੌਧਰੀ ਦੀ ਅਵਾਜ਼ ਫਿਰ ਤੋਂ ਹਉਕੇ 'ਚ ਡੁੱਬ ਗਈ।

'ਦਰਦ ਸੇ ਭਰ ਨਾ ਆਏ ਕਿਉਂ ?' ਸਰਦਾਰ ਨੇ ਮਿਸਰਾ ਪੂਰਾ ਕੀਤਾ।

'ਰੋਏਂਗੇ ਹਮ ਹਜ਼ਾਰ ਵਾਰ...' ਇਹ ਆਖ ਚੌਧਰੀ ਹੋਰੀਂ ਸਰਦਾਰ ਵੱਲ ਵੇਖਣ ਲੱਗੇ।

'ਕੋਈ ਹਮੇਂ ਮਨਾਏ ਕਿਉਂ ?' ਸ਼ਿਅਰ ਮੁਕੰਮਲ ਕਰਦਿਆਂ ਸਰਦਾਰ ਦੀ ਵੀ ਧਾਹ ਨਿਕਲ ਗਈ।

ਇਸ ਤੋਂ ਬਾਅਦ ਦੋਵੇਂ ਕੋਈ ਗੱਲ ਨਾ ਕਰ ਸਕੇ। ਇਸ ਮੁਲਾਕਾਤ ਤੋਂ ਤਿੰਨ ਦਿਨ ਬਾਅਦ ਚੌਧਰੀ ਸਾਹਬ ਜੇਲ੍ਹਦਾਰ ਕੋਲ ਗਏ। ਉਸਨੂੰ ਸਾਰੀ ਕਹਾਣੀ ਸੁਣਾ ਕੇ ਗੁਜਾਰਿਸ਼ ਕੀਤੀ ਕਿ ਸਰਦਾਰ ਹੋਰਾਂ ਦੇ ਖਾਣ-ਪੀਣ ਦਾ ਖ਼ਾਸ ਖਿਆਲ ਰੱਖਿਆ ਜਾਏ। ਸਾਰਾ ਖ਼ਰਚ ਉਹ ਖ਼ੁਦ ਦੇਣਗੇ।

ਸਰਦਾਰ ਨੂੰ ਜੇਲ੍ਹਦਾਰ ਦੇ ਕਮਰੇ 'ਚ ਬੁਲਾਇਆ ਗਿਆ। ਹਾਲ-ਚਾਲ ਪੁੱਛਣ ਮਗਰੋਂ ਚੌਧਰੀ ਨੇ ਜੁੱਤੀਆਂ ਦਾ ਜੋੜਾ, ਕੁਝ ਕੱਪੜੇ ਤੇ ਤਿੰਨ ਪੱਗਾਂ ਬੜੇ ਅਦਬ ਨਾਲ ਉਸਦੇ ਹਵਾਲੇ ਕਰ ਦਿੱਤੀਆਂ।

ਸਰਦਾਰ ਦੀਆਂ ਅੱਖਾਂ ਛਲਕ ਗਈਆਂ।

'ਸਰਦਾਰ ਜੀ..ਮੈਂ ਤੁਹਾਡੇ ਕੇਸ ਬਾਬਤ ਗੱਲ ਤੋਰ ਲਈ ਏ। ਤੁਸੀਂ ਹੁਣ ਬਹੁਤੀ ਦੇਰ ਇੱਥੇ ਨਹੀਂ ਰਹਿਣ ਲੱਗੇ, ਪਰ ਜਿੰਨੀ ਦੇਰ ਤੁਸੀਂ ਇੱਥੇ ਹੋ ਮੈਂ ਤੁਹਾਨੂੰ ਹ਼ਫ਼ਤੇ 'ਚ ਦੋ ਵਾਰ ਜ਼ਰੂਰ ਮਿਲਣ ਆਇਆ ਕਰਾਂਗਾ।' ਚੌਧਰੀ ਨੇ ਸਰਦਾਰ ਦਾ ਹੱਥ ਫੜਦਿਆਂ ਆਖਿਆ।

ਜੇਲ੍ਹਦਾਰ ਨੇ ਚਾਹ ਮੰਗਵਾ ਲਈ। ਉਹ ਬੜੀ ਦੇਰ ਅਦਬ ਦੀਆਂ ਗੱਲਾਂ ਕਰਦੇ ਰਹੇ। ਸਰਦਾਰ ਨੇ ਚੌਧਰੀ ਨੂੰ ਆਪਣੇ ਯਾਰ ਮੁਨੀਰ ਹੁਸੈਨ ਬਾਰੇ ਦੱਸਿਆ। ਉਨ੍ਹਾਂ ਦੋਵਾਂ ਨੂੰ ਸਕੂਲੋਂ ਕਈ ਵਾਰ ਕੁੱਟ ਪਈ ਸੀ। ਕਾਰਨ ਇਹ ਹੁੰਦਾ ਸੀ ਕਿ ਉਹ ਸਬਕ ਯਾਦ ਕਰਨ ਨਾਲੋਂ ਸ਼ਾਇਰੀ ਪੜ੍ਹਨੀ ਵੱਧ ਪਸੰਦ ਕਰਦੇ ਸਨ।

'ਸਰਦਾਰ ਜੀ, ਮੈਨੂੰ ਇਸ ਗੱਲ ਦਾ ਪੂਰਾ-ਪੂਰਾ ਯਕੀਨ ਹੈ ਕਿ ਤੁਸੀਂ ਜਸੂਸ ਨਹੀਂ ਹੋ। ਹੈਰਾਨੀ ਇਸ ਗੱਲ ਦੀ ਏ ਕਿ ਤੁਸੀਂ ਹੱਦ ਉਲੰਘ ਕੇ ਇਸ ਪਾਸੇ ਕਿਉਂ ਆ ਗਏ ਸੋ ?' ਚੌਧਰੀ ਦਾ ਸਵਾਲ ਸੁਣ ਕੇ ਸਰਦਾਰ ਹੱਸ ਪਿਆ।

'ਇਹ ਸੱਚ ਹੈ ਕਿ ਮੈਂ ਹੱਦ ਟੱਪ ਕੇ ਇਸ ਪਾਸੇ ਆਇਆਂ ਹਾਂ, ਪਰ ਮੈਂ ਮੁਜ਼ਰਿਮ ਬਿਲਕੁਲ ਨਹੀਂ ਹਾਂ। ਉਹ ਕੋਈ ਹੋਰ ਏ, ਜਿਸਦੀ ਵਜ੍ਹਾ ਨਾਲ ਮੈਂ ਇਸ ਜੇਲ੍ਹ ਅੰਦਰ ਡੱਕਿਆ ਹੋਇਆਂ।' ਸਰਦਾਰ ਨੇ ਮੁਸਕਰਾ ਕੇ ਆਖਿਆ।

'ਉਹ ਕੌਣ ਏ ?' ਜੇਲ੍ਹਦਾਰ ਨੇ ਹੈਰਾਨੀ ਨਾਲ ਪੁੱਛਿਆ।

'ਉਹ ਵਾਰਿਸ ਸ਼ਾਹ ਏ!' ਇਹ ਆਖ ਉਹ ਫਿੱਕਾ ਜਿਹਾ ਹੱਸ ਪਿਆ।

'ਉਹ ਕਿਵੇਂ ?' ਚੌਧਰੀ ਦੇ ਮੂੰਹੋਂ ਇਹ ਸਵਾਲ ਆਪ-ਮੁਹਾਰੇ ਨਿਕਲ ਗਿਆ ਸੀ।

'ਚਾਨਣੀ ਰਾਤ ਸੀ...' ਸਰਦਾਰ ਨੇ ਕਾਵਿਕ-ਲਹਿਜੇ 'ਚ ਗੱਲ ਸ਼ੁਰੂ ਕੀਤੀ।

'...ਫ਼ਿਜ਼ਾ ਪੁੰਗਾਰਿਆਂ ਦੀ ਮਹਿਕ ਨਾਲ ਭਰੀ ਪਈ ਸੀ। ਛੋਟਾ ਭਾਈ ਹਲਟ ਹਿੱਕ ਰਿਹਾ ਸੀ ਤੇ ਬਲ਼ਦਾਂ ਦੇ ਗਲ਼ਾਂ 'ਚ ਪਈਆਂ ਟੱਲੀਆਂ ਨਿਰੰਤਰ ਸੰਗੀਤ ਪੈਦਾ ਕਰ ਰਹੀਆਂ ਸਨ। ਮੈਂ ਨਿਸਰੀ ਕਣਕ ਨੂੰ ਆਖਰੀ ਪਾਣੀ ਲਗਾ ਰਿਹਾ ਸਾਂ। ਬਿਲਕੁਲ ਟਿਕੀ ਰਾਤੇ, ਕਿਤੇ ਦੂਰੋਂ ਸੁਰੀਲੀ ਤੇ ਦਰਦ ਭਰੀ ਆਵਾਜ਼ ਉੱਭਰੀ। ਕੋਈ ਇਸ਼ਕ ਦਾ ਡੰਗਿਆ, ਧੁਰ ਰੂਹ 'ਚੋਂ ਵਾਰਿਸ ਸ਼ਾਹ ਦੀ ਹੀਰ ਗਾ ਰਿਹਾ ਸੀ :

ਰੂਹ ਛੱਡ ਕਲਬੂਤ ਜਿਉਂ ਵਿਦਾਅ ਹੁੰਦਾ,
ਤਿਵੇਂ ਏਹ ਦਰਵੇਸ਼ ਸਿਧਾਰਿਆ ਈ ।
ਅੰਨ ਪਾਣੀ ਹਜ਼ਾਰੇ ਦਾ ਕਸਮ ਕਰਕੇ, ਕਸਦ
ਝੰਗ ਸਿਆਲ ਚਿਤਾਰਿਆ ਈ ।
ਕੀਤਾ ਰਿਜ਼ਕ ਨੇ ਆਣ ਉਦਾਸ ਰਾਂਝਾ, ਚਲੋ
ਚਲੀ ਹੀ ਜੀਉ ਪੁਕਾਰਿਆ ਈ ।
ਕੱਛੇ ਵੰਝਲੀ ਮਾਰ ਕੇ ਰਵਾਂ ਹੋਇਆ, ਵਾਰਿਸ
ਸ਼ਾਹ ਨੇ ਵਤਨ ਵਿਸਾਰਿਆ ਈ ।

ਮੈਂ ਕਣਕ, ਕਿਆਰਾ, ਪਾਣੀ, ਹੱਦਾਂ ਸਭ ਕੁਝ ਭੁੱਲ ਗਿਆ। ਉਸਨੂੰ ਹੋਰ ਗਹੁ ਨਾਲ ਸੁਣਨ ਲਈ ਮੈਂ ਉਸ ਆਵਾਜ਼ ਦੇ ਨੇੜੇ ਤੇ ਹੋਰ ਨੇੜੇ ਹੁੰਦਾ ਗਿਆ। ਉਨ੍ਹਾਂ ਪਲਾਂ 'ਚ ਦਿਸ਼ਾਵਾਂ ਕਿਸਨੂੰ ਯਾਦ ਰਹਿੰਦੀਆਂ ਨੇ। ਤੁਰਦਾ-ਤੁਰਦਾ ਮੈਂ ਉਸ ਫ਼ਕੀਰ ਦੇ ਬਿਲਕੁਲ ਸਾਹਵੇਂ ਜਾ ਬੈਠਾ। ਉਹ ਗਾਉਂਦਾ ਰਿਹਾ ਤੇ ਮੈਂ ਰੋਂਦਾ ਰਿਹਾ। ਫਿਰ ਕਿਸੇ ਨੇ ਮੈਨੂੰ ਵੇਖ ਲਿਆ। ਉਸਨੇ ਪੁਲਿਸ ਸੱਦ ਲਿਆਂਦੀ ਤੇ ਮੈਂ...।'

ਸਰਦਾਰ ਦੀ ਕਹਾਣੀ ਸੁਣਦਿਆਂ ਚੌਧਰੀ ਅਤੇ ਜੇਲ੍ਹਦਾਰ ਦੋਵਾਂ ਦੇ ਨੈਣ ਉੱਛਲ ਆਏ ਸਨ।

---

ਕਹਾਣੀ

ਅ.ਫਜ਼ਲ ਅਹਿਸਨ ਰੰਧਾਵਾ

ਕਿਸ਼ਤ ਪਹਿਲੀ



# ਬੰਨੇ ਚੰਨੇ ਦੇ ਭਰਾ

'ਸਬਜ਼ਾ ਗੁਲਜ਼ਾਰ ਰੰਗ ਦੀ ਉਹ ਘੋੜੀ ਬੜੀ ਵੱਡੀ ਸਾਰੀ ਘੋੜੀ ਸੀ। ਲੱਖਾਂ 'ਚੋਂ ਇਕ-ਅੱਧਾ ਜਾਨਵਰ ਹੀ ਏਡਾ ਪੂਰਾ, ਏਡਾ ਸੋਹਣਾ, ਏਡਾ ਸਾਊ ਤੇ ਏਡੀਆਂ ਸਿਫ਼ਤਾਂ ਵਾਲਾ ਹੁੰਦਾ ਹੈ। ਉਹ ਘੋੜੀ ਦੇਸੀ ਸੀ, ਮਾਂ-ਪਿਓ ਵਲੋਂ ਖਾਲਸ ਪੰਜਾਬੀ, ਪਰ ਚੰਗੀਆਂ ਸੋਹਣੀਆਂ ਸੁਥਰੀਆਂ ਸਿੰਧੀ, ਬਲੋਚੀ, ਅਰਬੀ, ਇਰਾਕੀ ਤੇ ਥਾਰੋ ਨਸਲ ਦੀਆਂ ਘੋੜੀਆਂ ਰੰਗ-ਰੂਪਾਂ, ਕੰਮ ਤੇ ਦਮ ਵਿਚ ਕਿਧਰੇ ਉਹਦੇ ਨੇੜੇ-ਤੇੜੇ ਵੀ ਨਹੀਂ ਸਨ ਢੁਕਦੀਆਂ। ਉਹ ਘੋੜੀ ਵੇਖਣ ਨੂੰ ਤਸਵੀਰ ਤੇ ਉਡਣ ਨੂੰ ਪਰੀ ਸੀ-ਵੇਖਿਆਂ ਉਹਨੂੰ ਭੁੱਖਾਂ ਲਹਿੰਦੀਆਂ ਤੇ ਉਤੇ ਚੜ੍ਹੇ ਸਵਾਰ ਨੂੰ ਲੈ ਕੇ ਹਵਾ ਹੋ ਜਾਂਦੀ। ਮੂੰਹ ਦੀ ਨਰਮ, ਤਬੀਅਤ ਦੀ ਗਰਮ ਤੇ ਸਾਹ ਦੀ ਪੱਕੀ। ਲੰਮੀ, ਦੌੜ, ਜ਼ੋਰ ਤੇ ਸਾਹ ਦਮ ਵਿਚ ਥਾਰੋ-ਨਸਲਾਂ ਵੀ ਉਹਦੇ ਅੱਗੇ ਸਿਰ ਸੁੱਟ ਜਾਂਦੀਆਂ। ਦਸ ਕੋਹ ਉਹਨੂੰ ਸਰਪਟ ਦੌੜਾਓ, ਫੇਰ ਵੀ ਨਵੀਂ ਨਕੋਰ, ਤਿਆਰ ਤੇ ਤਾਜ਼ਾ ਦਮ-ਜ਼ਰਾ ਲਗਾਮ ਨੂੰ ਇਸ਼ਾਰਾ ਦਿਓ ਤੇ ਫੇਰ ਸਵਾਰ ਨੂੰ ਲੈ ਕੇ ਉਡ ਜਾਏ। ਉਹਦੇ ਲਹੂ ਵਿਚ ਜਾਂ ਅੱਗ ਸੀ ਜਾਂ ਬਿਜਲੀਆਂ। ਨਰਾਂ ਤੋਂ ਚੌੜੀ ਉਹਦੀ ਛਾਤੀ ਵਿਚ ਨਰਾਂ ਤੋਂ ਕਿੱਧਰੇ ਵੱਧ ਹੌਸਲਾ ਤੇ ਦਲੇਰੀ ਸੀ!

ਜਵਾਨ ਕੁੜੀਆਂ ਵਰਗੀਆਂ ਸ਼ੋਖੀਆਂ, ਤੇਜ਼ੀਆਂ ਤੇ ਚੁੱਘੀਆਂ ਭਰਨ ਦੇ ਸ਼ੌਕ ਦੇ ਨਾਲ ਨਾਲ ਦਾਨੀਆਂ-ਪ੍ਰਧਾਨੀਆਂ ਸਵਾਣੀਆਂ ਵਰਗਾ ਸੁਹੱਪਣ, ਠਹਿਰਾਓ, ਨਿੱਘ ਤੇ ਸਾਊਪੁਣਾ ਵੀ ਉਹਦੇ ਵਿਚ ਵਾਫਰ ਸੀ-ਕੀ ਕਦੇ ਉਸ ਵੱਢਣ ਨੂੰ ਮੂੰਹ ਖੋਲ੍ਹਿਆ ਤੇ ਮਾਰਨ ਨੂੰ ਪੌੜ ਚੁੱਕਿਆ ਹੋਣਾ ਏਂ ? ਕਿੱਲੇ ਬੱਧੀ ਦੀ ਪੂਛਲ ਨਾਲ ਭਾਵੇਂ ਅੰਞਾਣੇ ਲਮਕ ਕੇ ਖੇਡਦੇ ਰਹਿਣ, ਪਰ ਇਕ ਵਾਰੀ ਲਗਾਮ ਦੇ ਕੇ ਕਾਠੀ ਉਹਦੇ ਉਤੇ ਪਾ ਕੇ ਰਕਾਬ ਵਿਚ ਪੈਰ ਧਰਨ ਦੀ ਦੇਰ ਹੁੰਦੀ ਤੇ ਘੋੜੀ ਆਪਣੇ ਚਾਰੇ ਪੌੜ ਜ਼ਮੀਨ 'ਤੇ ਧਰਨੇ ਹੀ ਨਹੀਂ ਇਕੱਠੇ-ਤੇ ਇਹ ਵੀ ਆਖਿਆ ਜਾਂਦਾ ਕਿ ਸ਼ਾਹ ਸਵਾਰ ਉਹ, ਜਿਹੜਾ ਉਹਦੇ ਉਤੇ ਚੜ੍ਹ ਕੇ ਉਹਦੇ ਚਾਰੇ ਪੌੜ 'ਕੱਠੇ ਜ਼ਮੀਨ ਉਤੇ ਲਵਾ ਦੇਵੇ। ਸਵਾਰ ਉਹ ਨਹੀਂ ਹੈ, ਜਿਹੜਾ ਘੋੜੀ 'ਤੇ ਚੜ੍ਹ ਕੇ ਉਹਨੂੰ ਆਪਣੀ ਮਨਮਰਜ਼ੀ ਦੀ ਚਾਲ ਚਲਾਏ। ਘੋੜੀ ਸਰਪਟ ਦੌੜਨਾ ਚਾਹਵੇ ਤਾਂ ਸਵਾਰ ਉਹਨੂੰ ਪੋਈਏ 'ਚੋਂ ਨਾ ਨਿਕਲਣ ਦੇਵੇ। ਘੋੜੀ ਪੋਈਏ ਪੈਣਾ ਚਾਹਵੇ ਤਾਂ ਸਵਾਰ ਉਹਨੂੰ ਲਗਾਮ 'ਚੋਂ ਨਾ ਨਿਕਲਣ ਦੇਵੇ। ਘੋੜੀ ਟਾਪ ਪੈਣਾ ਚਾਹਵੇ ਤਾਂ ਸਵਾਰ ਉਹਨੂੰ ਰਵਾਲ ਟੋਰੇ। ਘੋੜੀ ਚੁੱਘੀਆਂ ਭਰਦੀ ਛੁੱਟਣ ਲਈ ਲਗਾਮ ਦੀ ਢਿੱਲ ਮੰਗੇ ਤਾਂ ਸਵਾਰ ਉਹਨੂੰ ਪੋਈਏ 'ਚੋਂ ਕੱਢ ਕੇ ਟਾਪ ਵਿਚ ਲੈ ਜਾਏ-ਤੇ ਫੇਰ ਜਦੋਂ ਚਾਹਵੇ ਟਾਪ ਤੋਂ ਪੋਈਏ ਪਾ ਲਏ ਤੇ ਜਦੋਂ ਚਾਹਵੇ ਪੋਈਏ ਤੋਂ ਸਰਪਟ ਸੁੱਟ ਦੇਵੇ, ਤੇ ਫੇਰ ਜਦੋਂ ਚਾਹਵੇ ਸਰਪਟ ਨੂੰ ਥੰਮ੍ਹ ਕੇ ਫੇਰ ਲਗਾਮ ਟੋਰ ਲਏ। ਅਜਿਹੇ ਸਵਾਰ ਹੀ ਸ਼ਾਹ ਸਵਾਰ ਅਖਵਾਉਣ ਦੇ ਲਾਇਕ ਹੁੰਦੇ ਨੇ, ਸ਼ਾਹ ਸਵਾਰ ਦੀਆਂ ਲਗਾਮਾਂ ਫੜਨ ਵਾਲੀਆਂ ਉਂਗਲਾਂ ਵਿਚ ਹੁਨਰ, ਰਕਾਬ ਵਿਚ ਧਰਨ ਵਾਲੇ ਪੱਬ ਵਿਚ ਸੱਤ, ਘੋੜੀ ਦਵਾਲੇ ਜਮੂਰ ਵਾਂਗ ਕੱਸੇ ਹੋਏ ਪੱਟਾਂ ਵਿਚ ਤਾਕਤ ਤੇ ਘੋੜੀ ਦੀ ਹਰਕਤ, ਹਰ ਅਦਾ 'ਤੇ ਨਜ਼ਰ ਰੱਖਣ ਵਾਲੀ ਅੱਖ ਵਿਚ ਸਮਝ-ਸਿਆਣ ਦਾ ਨੂਰ ਹੋਵੇ ਤੇ ਘੋੜੀ ਆਪਣਾ ਜੁੱਸਾ ਸਵਾਰ ਦੇ ਜੁੱਸੇ ਨਾਲ ਰਲਾ ਲੈਂਦੀ ਏ।

ਸਬਜ਼ਾ ਗੁਲਜ਼ਾਰ ਰੰਗ ਦੀ ਓਸ ਅਨਮੋਲ ਘੋੜੀ ਨੂੰ, ਉਹਦੀ ਸਾਰੀ ਹਯਾਤੀ ਵਿਚ ਇਕ ਹੀ ਅਜਿਹਾ ਸ਼ਾਹ ਸਵਾਰ ਲੱਭਾ ਸੀ-ਉਹ ਮੇਰੇ ਭਾਈ ਸਾਹਿਬ ਸਨ।

ਉਹ ਘੋੜੀ ਜ਼ਿਲ੍ਹਾ ਸਰਗੋਧਾ ਦੇ ਚੱਕ ਚਾਲੀ ਦੀ ਜੰਮਪਲ ਸੀ। ਉਸ ਈ ਚੱਕ ਦੇ ਇਕ ਤਗੜੇ ਸੌਖੇ ਮੁਸਲਮਾਨ ਜੱਟ ਦੀ ਘੋੜੀ ਦੀ ਵਛੇਰੀ ਸੀ, ਜਿਹਨੂੰ ਜੱਟ ਨੇ ਬੜੀ ਰੀਝ ਤੇ ਬੜੀ ਜਾਨ ਮਾਰ ਕੇ ਪਾਲਿਆ ਸੀ। ਜਦੋਂ ਘੋੜੀ ਜਵਾਨ ਹੋਣ ਲੱਗੀ, ਤਾਂ ਉਹਦੀ ਧੁੰਮ ਦੂਰ-ਦੂਰ ਤੱਕ ਖਿੱਲਰ ਗਈ। ਸਰਗੋਧੇ, ਲਾਇਲਪੁਰ ਦੀਆਂ ਮੰਡੀਆਂ ਵਿਚ, ਨਾ ਉਸ ਘੋੜੀ ਦੀ ਕਦੇ ਮੂੰਹ ਵਿਖਾਈ ਹੋਈ ਤੇ ਨਾ ਹੀ ਉਹ ਦੌੜੀ, ਤਾਂ ਵੀ ਉਹਦੀ ਦੱਸ ਭੈਣੀ ਸਾਹਿਬ ਸਾਡੇ ਗੁਰੂ ਸਾਹਿਬ ਨੂੰ ਪੈ ਗਈ। ਗੁਰੂ ਸਾਹਿਬ ਮਹਾਰਾਜ ਭੈਣੀ ਸਾਹਿਬ ਤੋਂ ਚੜ੍ਹੇ ਤੇ ਸਰਗੋਧਾ, ਚਾਲੀ ਚੱਕ ਵਿਚ ਜਾ ਉਤਰੇ-ਉਹ ਘੋੜੀ ਦੇਖੀ, ਜਾਂਚੀ ਤੇ ਉਹਦਾ ਮੁੱਲ ਕਰਕੇ ਇਕ ਤੀਲਾ ਮਾਲਕ ਦੀ ਤਲੀ ਉਤੇ ਰੱਖਿਆ ਸਾਈ ਦਾ ਤੇ ਆ ਗਏ। ਆਉਂਦਿਆਂ ਫਰਮਾਇਓ ਨੇ, 'ਸਾਡਾ ਬੰਦਾ ਆਏਗਾ। ਪੈਸੇ ਦੇ ਜਾਏਗਾ ਤੇ ਘੋੜੀ ਲੈ ਜਾਏਗਾ। ਉਦੋਂ ਤੀਕ ਸਾਡੀ ਏਸ ਘੋੜੀ ਦੀ ਅੱਗੇ ਵਾਂਗ ਹੀ ਸੇਵਾ ਕਰੀਂ।' ਸਾਈਂ 'ਆਮੀਨ' ਆਖਿਆ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਨੂੰ ਗੁਰੂਆਂ ਦੀ ਘੋੜੀ ਜਾਣ ਕੇ ਅੱਗੇ ਨਾਲੋਂ ਵੀ ਵੱਧ ਸੇਵਾ ਕਰਨ ਲੱਗ ਪਿਆ।

ਏਸ ਗੱਲ ਦਾ ਹੁਣ ਮੈਨੂੰ ਥਹੁ ਨਹੀਂ ਭਈ ਗੁਰੂ ਮਹਾਰਾਜ ਉਦੋਂ ਹੀ ਉਹਦਾ ਮੁੱਲ ਤਾਰ ਕੇ ਘੋੜੀ ਲੈ ਕਿਉਂ ਨਾ ਗਏ ? ਖੌਰੇ ਏਸ ਗੱਲ ਵਿਚ ਵੀ ਕੋਈ ਹਿਕਮਤ ਸੀ ? ਫੇਰ ਇਹ ਗੱਲ ਪਤਾ ਨਹੀਂ ਕਿਦਾਂ ਕਈ ਮਹੀਨੇ ਗੁਰੂ ਸਾਹਿਬ ਮਹਾਰਾਜ ਹੁਰਾਂ ਦੇ ਮਨੋਂ ਵਿਸਰ ਗਈ ?

ਕੋਈ ਚਾਰ-ਪੰਜ ਮਹੀਨੇ ਮਗਰੋਂ ਜਦੋਂ ਗੁਰਾਂ ਦਾ ਬੰਦਾ ਪੈਸੇ ਲੈ ਕੇ ਘੋੜੀ ਲੈਣ ਗਿਆ ਤਾਂ ਘੋੜੀ ਮਾਲਕ ਨੇ ਕਿਧਰੇ ਹੋਰ ਵੇਚ ਛੱਡੀ ਹੋਈ ਸੀ। ਜਦੋਂ ਗੁਰੂ ਸਾਹਿਬ ਦੇ ਬੰਦੇ ਨੇ ਮਾਲਕ ਨੂੰ ਸੌਦੇ ਤੋਂ ਫਿਰ ਜਾਣ 'ਤੇ ਹੋਏ ਤੋਏ ਕੀਤੀ ਤਾਂ ਖਚਰੇ ਜੱਟ ਨੇ ਹੱਥ ਜੋੜ ਕੇ ਕਿਹਾ, 'ਮਹਾਰਾਜ, ਬਾਦਸ਼ਾਹਾਂ ਦੇ ਘਰ ਲਾਲਾਂ ਦਾ ਕੀ ਕਾਲ ? ਗੁਰੂ ਹੋਰਾਂ ਕੋਲ ਤੇ ਦੁਨੀਆਂ ਜਹਾਨ ਦੀਆਂ ਚੰਗੀਆਂ ਚੰਗੀਆਂ ਤੇ ਇਕ ਤੋਂ ਇਕ ਵੱਧ ਘੋੜੀਆਂ ਨੇ। ਤੁਸੀਂ ਭੌਂ ਕੇ ਬਹੁੜੇ ਹੀ ਨਾ, ਤੇ ਮੈਂ ਸਮਝਿਆ ਘੋੜੀ ਤੁਹਾਨੂੰ ਪਸੰਦ ਹੀ ਨਹੀਂ ਆਈ। ਉਤੋਂ ਉਸ ਘੋੜੀ ਨੇ ਤਾਂ ਮੇਰੀਆਂ ਨੀਂਦਰਾਂ ਹੀ ਹਰਾਮ ਕਰ ਛੱਡੀਆਂ ਸਨ। ਬੰਦੂਕਾਂ ਵਾਲੇ ਦੋ ਬੰਦੇ ਰਾਤ ਉਹਦਾ ਪਹਿਰਾ ਦੇਂਦੇ। ਤਾਂ ਵੀ ਚਾਰ ਵਾਰ ਚੋਰ ਉਹਦੇ 'ਤੇ ਝਪਟੇ। ਜਿਉਂ ਹੀ ਘੋੜੀ ਘਰੋਂ ਗਈ, ਮਗਰੋਂ ਲੱਥੀ। ਹੁਣ ਅਮਨ ਦੀ ਨੀਂਦ ਸੌਂਦਾ ਆਂ। ਗੁਰੂਆਂ ਦਾ ਮੈਂ ਦੇਣਦਾਰ ਆਂ। ਹੁਣ ਜਦੋਂ ਉਹਦੀ ਮਾਂ ਸੂਈ, ਤੋੜ ਆ ਕੇ ਵਛੇਰਾ-ਵਛੇਰੀ ਗੁਰਾਂ ਦੇ ਅਸਤਬਲ ਵਿਚ ਬੰਨ੍ਹ ਆਵਾਂਗਾ। ਗੋਲੀ ਕੀਹਦੀ ਤੇ ਗਹਿਣੇ ਕੀਹਦੇ।'

ਜਦੋਂ ਘੋੜੀ ਲੈਣ ਗਏ ਬੰਦੇ ਨੇ ਭੈਣੀ ਸਾਹਿਬ ਪਰਤ ਕੇ ਖਾਲੀ ਹੱਥ ਬੰਨ੍ਹ ਕੇ ਗੁਰੂ ਨੂੰ ਸਾਰੀ ਗੱਲ ਸੁਣਾਈ ਤਾਂ ਗੁਰੂ ਦੇ ਸਿੱਖਾਂ ਦਾ ਲਹੂ ਖੌਲ ਗਿਆ। ਪਰ ਗੁਰੂ ਮਹਾਰਾਜ ਘੜੀ ਕੁ ਚੁੱਪ ਰਹੇ, ਫੇਰ ਫ਼ੁਰਮਾਉਣ ਲੱਗੇ, 'ਅਸੀਂ ਵੀ ਤੇ ਭੁੱਲ ਹੀ ਗਏ ਸਾਂ। ਚਲੋ ਘੋੜੀ ਕੋਈ ਸ਼ੌਕੀਨ ਬੰਦਾ ਲੈ ਗਿਆ। ਮੌਜਾਂ ਲੁੱਟੇ, ਉਹਦੇ ਨਸੀਬ।'

ਇਹ ਗੱਲ ਸਾਰੇ ਪੰਜਾਬ ਵਿਚ ਪੰਜਾਂ ਦਰਿਆਵਾਂ ਦੇ ਹੜ੍ਹ ਵਾਂਗ ਖਿੱਲਰ ਗਈ ਕਿ ਕੋਈ ਬੰਦਾ ਗੁਰੂਆਂ ਦੇ ਸੌਦੇ ਉਤੇ ਸੌਦਾ ਕਰਕੇ ਉਨ੍ਹਾਂ ਦੀ ਘੋੜੀ ਲੈ ਗਿਆ, ਪਰ ਕਿਹੜਾ ਮਾਈ ਦਾ ਲਾਲ ? ਬੜੇ ਚਿਰ ਤੱਕ ਮੈਨੂੰ ਇਹ ਪਤਾ ਨਾ ਲੱਗ ਸਕਿਆ। (ਚਲਦਾ)

# ਕਾਵਿ ਸੰਸਾਰ



## ਕਵਿਤਾ

ਖੈਰ ਲੈਣੀ ਤੇਰੇ ਕੋਲੋਂ ਝੋਲੀਆਂ ਫੈਲਾਈਆਂ ਨੇ,
ਆਸਾ ਸੋਹਣੇ ਪ੍ਰੀਤਮਾਵੇਂ ਤੇਰੇ ਉਤੇ ਲਾਈਆਂ ਨੇ,
ਨਾਮ ਦੀ ਕਮਾਈ ਵਾਲੀ ਮੰਗਦੇ ਸੌਗਾਤ ਨੂੰ,
ਖਾਲੀ ਝੋਲੀ ਵਿੱਚ ਪਾ ਦੇ ਐਸੀ ਖੈਰਾਤ ਨੂੰ,
ਦਰ ਤੇਰੇ ਉਤੇ ਅਸੀਂ ਆਸਾਂ ਲਗਾਈਆਂ ਨੇ,
ਖੈਰ ਲੈਣੀ ਤੇਰੇ ਕੋਲੋਂ ਝੋਲੀਆਂ ਫੈਲਾਈਆਂ ਨੇ,
ਮੇਰੀ ਤਾਂ ਔਕਾਤ ਕੋਈ ਨੀ ਤੈਨੂੰ ਰਿਝਾ ਲਵਾਂ,
ਜੇ ਨਜਰ ਸਵੱਲੀ ਕਰੇ ਮੇਹਰ ਤੇਰੀ ਪਾ ਲਵਾਂ,
ਭਲੇ ਕਰ ਕਰ ਲੱਖਾਂ ਰੂਹਾਂ ਤੂੰ ਤਰਾਈਆਂ ਨੇ,
ਖੈਰ ਲੈਣੀ ਤੇਰੇ ਕੋਲੋਂ ਝੋਲੀਆਂ ਫੈਲਾਈਆਂ ਨੇ,
ਪੰਜ ਪ੍ਰਣ ਜੀਵਨ ਚ ਜਦੋਂ ਢੱਲ ਜਾਂਦੇ ਨੇ,
ਦਾਤਿਆ ਵੇ ਦਾਨੀ ਲੋਕੀ ਤਾਇਓ ਤੈਨੂੰ ਕਹਿੰਦੇ ਨੇ,
ਪਹੁੰਚੇ ਨਿਜ ਘਰ ਜਿਨਾਂ ਕੀਤੀਆਂ ਕਮਾਈਆਂ ਨੇ,
ਖੈਰ ਲੈਣੀ ਤੇਰੇ ਕੋਲੋਂ ਝੋਲੀਆਂ ਫੈਲਾਈਆਂ ਨੇ,
ਭਗਤਾਂ ਦਾ ਰਾਖਾ ਤੂੰ ਏ ਭਗਤ ਵੀ ਤੇਰੇ ਨੇ,
ਬੈਠੇ ਸਵਾਲੀ ਗੁਰੂ ਦਰ ਤੇਰੇ ਡੇਰੇ ਨੇ,
(ਪੈਲ ਵਾਲੇ ਜੀਵਨ) ਤੇ ਰਹਿਮਤਾਂ ਲੁਟਾਇਆ ਨੇ,
ਖੈਰ ਲੈਣੀ ਤੇਰੇ ਕੋਲੋਂ ਝੋਲੀਆਂ ਫੈਲਾਈਆਂ ਨੇ,

## ਇੱਕ ਮਿੱਟੀ ਦੀ ਮੁੱਠੀ

ਪ੍ਰੀਤਮ ਸਿੰਘ ਸ.ਫ਼ੀਰ

ਇੱਕ ਮਿੱਟੀ ਦੀ ਮੁੱਠੀ
ਭਰ ਕੇ,
ਨੈਣਾਂ ਨਾਲ ਨੀਝ ਲਾ ਤੱਕੀ,
ਨਕਸ਼ ਗਵਾਚੇ ਹੋਏ ਨਾ ਦਿੱਸੇ,
ਹੋਠ ਹਸਾ ਨਾ ਸੱਕੀ,
ਲੱਭ ਲੱਭ ਚਮਕੀਲੀਆਂ ਘੁੰਘਰਾਲੀਆਂ,
ਨਜ਼ਰ ਸਹਿਕ ਕੇ ਥੱਕੀ,
ਕੇਰ ਕੇਰ ਉਂਗਲਾਂ 'ਚੋਂ ਭੋਂ ਤੇ,
ਕੂਕ ਅੰਤ ਮੈਂ ਉੱਠੀ,
ਹਾਇ! ਨੀ ਇੱਕ ਮਿੱਟੀ ਦੀ ਮੁੱਠੀ!
ਇੱਕ ਮਿੱਟੀ ਦੀ ਮੁੱਠੀ,
ਸੁ.ਫ਼ਨੇ,
ਸੈ ਬ੍ਰਹਿਮੰਡਾਂ, ਕੁਲ ਹੁਸਨਾਂ ਦੇ,
ਇੱਕ ਇੱਕ ਕਿਣਕੇ ਵਿੱਚ ਸਾਂਭੇ ਹੋਏ,
ਵੱਲਾਂ ਫੁੱਲਾਂ ਦੇ, ਦਰਿਆਂ ਦੇ,
ਹੁਸ਼ਨਾਕਾਂ ਦੇ, ਦਿਲ ਪ੍ਰੋਏ,
ਝੁਲ ਪੈਂਦੇ ਵਿੱਚ ਸਖ਼ਤ ਹਵਾਂ ਦੇ,
ਕਦੇ ਜ਼ਿਮੀਂ ਤੇ ਫੇਰ ਸਿਸਕਦੀ
ਆ ਪੈਂਦੀ ਏ ਪੁੱਠੀ,
ਕੀ ਬੋਲੇ?
ਇੱਕ ਮਿੱਟੀ ਦੀ ਮੁੱਠੀ।
ਇੱਕ ਮਿੱਟੀ ਦੀ ਮੁੱਠੀ,
ਆਵੇ ਨੀ,
ਕੋਈ ਜਿੰਦ ਤੈਨੂੰ ਜੋੜੇ,
ਵੱਸੇਂ ਕਿਸੇ ਸਿਤਾਰੇ ਅੰਦਰ,
ਉੱਡ ਉੱਡ ਕੇ ਰੂਹ ਮੇਰੀ ਲੋੜੇ,
ਹੋਵੇਂ ਜੇ ਸੁਹਜਾਂ ਦਾ ਮੰਦਰ,
ਫਿਰ ਨਾ ਉਪਾਸ਼ਕ ਥੋਹੜੇ,
ਨਾ ਪਰ ਹੁਸਨ, ਨਾ ਇਸ਼ਕ ਨਿਆਜ਼ਾਂ,
ਜੱਦ ਤੀਕਰ ਜਿੰਦ ਰੁੱਠੀ,
ਰੁਲੇਂ ਪਈ,
ਇੱਕ ਮਿੱਟੀ ਦੀ ਮੁੱਠੀ।

## .ਗ਼ਜ਼ਲ

ਭਾਈ ਨੰਦ ਲਾਲ ਗੋਯਾ

ਜੇ ਦਿਲ ਸਮਝ ਵਾਲਾ ਹੋਵੇ,
ਤਾਂ ਸੱਜਨ ਉਸ ਦੀ ਗਲਵਕੜੀ ਵਿਚ ਹੈ।
ਅਤੇ ਅੱਖ ਜੇਕਰ ਵੇਖਣ ਵਾਲੀ ਹੋਵੇ,
ਤਾਂ ਹਰ ਪਾਸੇ ਦੀਦਾਰ ਹੀ ਦੀਦਾਰ ਹੈ।
ਹਰ ਪਾਸੇ ਦੀਦਾਰੇ ਹਨ,
ਪ੍ਰੰਤੂ ਵੇਖਣ ਵਾਲੀ ਅੱਖ ਕਿੱਥੇ ਹੈ?
ਹਰ ਤਰ.ਫ਼ ਤੂਰ ਦੀ ਪਹਾੜੀ ਹੈ,
ਹਰ ਪਾਸੇ ਨੂਰ ਦਾ ਭਾਂਬੜ ਹੈ।
ਜੇ ਤੇਰੇ ਕੋਲ ਸਿਰ ਹੈ,
ਤਾਂ ਜਾ, ਜਾ ਕੇ ਸਿਰ ਨੂੰ ਉਸ ਦੇ ਚਰਨਾਂ ਤੇ ਧਰ ਦੇ,
ਅਤੇ ਜੇ ਤੇਰੇ ਪਾਸ ਜਾਨ ਹੈ ਅਤੇ ਤੈਨੂੰ ਲੋੜੀਂਦੀ ਹੈ,
ਤਾਂ ਇਸ ਨੂੰ ਕੁਰਬਾਨ ਕਰ ਦੇ।
ਜੇ ਤੇਰੇ ਪਾਸ ਹੱਥ ਹੈ,
ਤਾਂ ਜਾਹ ਮਿਤ੍ਰ ਪਿਆਰੇ ਦਾ ਪੱਲਾ ਫੜ ਲੈ,
ਅਤੇ ਜੇ ਤੇਰੇ ਪੈਰਾਂ ਵਿਚ ਟੁਰਨ ਦੀ ਤਾਂਘ ਹੈ,
ਤਾਂ ਉਸ ਸੱਜਨ ਵਲ ਨੂੰ ਟੁਰ।

## .ਗ਼ਜ਼ਲ

ਮੁਨੀਰ ਨਿਆਜ਼ੀ

ਦਿਲ ਨੂੰ ਅਪਣੀ ਹਸਤੀ ਦਾ ਚਾਰਗਰ ਬਣਾ ਲੈਂਦੇ
ਦਿਲ ਨੂੰ ਅਪਣੀ ਹਸਤੀ ਦਾ ਚਾਰਗਰ ਬਣਾ ਲੈਂਦੇ।
ਮੈਂ ਤੇ ਉਹ ਜੇ ਮਿਲ ਜਾਂਦੇ ਇਕ ਨਗਰ ਬਣਾ ਲੈਂਦੇ।
ਦਰ ਬਦਰ ਨਾ ਮੈਂ ਫਿਰਦਾ, ਦਰ ਬਦਰ ਨਾ ਉਹ ਹੁੰਦਾ,
ਇਕ ਜਗ੍ਹਾ 'ਤੇ ਮਿਲਕੇ ਜੇ ਅਪਣਾ ਦਰ ਬਣਾ ਲੈਂਦੇ।
ਖ਼ਾਬ ਜੇ ਨਾ ਬਣ ਜਾਂਦੇ ਮੈਕਦੇ ਦੀ ਦੁਨੀਆਂ ਵਿਚ,
ਇਹ ਅਜ਼ਾਬ ਦੁਨੀਆਂ ਦੇ ਦਿਲ 'ਚ ਘਰ ਬਣਾ ਲੈਂਦੇ।
ਹੁਣ ਖ਼ਿਆਲ ਆਉਂਦਾ ਏ ਮੰਜ਼ਿਲਾਂ ਦੀ ਸਖ਼ਤੀ ਦਾ,
ਕੋਈ ਯਾਰ ਤੇ ਆਪਣਾ ਹਮਸ.ਫ਼ਰ ਬਣਾ ਲੈਂਦੇ।
ਰਹਿਬਰਾਂ ਬਿਨਾਂ ਚਲਣਾਂ, 'ਮੁਨੀਰ' ਔਖਾ ਸੀ,
ਪਰ ਗਵਾਚ ਜਾਂਦੇ ਜੇ ਰਾਹਬਰ ਬਣਾ ਲੈਂਦੇ।



## ਇੱਕ ਉਦਾਸੀ ਹੋਰ !

ਅਮਰਦੀਪ ਸਿੰਘ ਗਿੱਲ

ਮਨ ਬੜਾ
ਉਦਾਸ ਰਹਿੰਦਾ ਹੈ
ਪਾਤਸ਼ਾਹ !
ਇਸ ਵਾਰ ਜਦ
ਉਦਾਸੀ ਤੇ ਗਿਆ
ਤਾਂ ਨਾਲ ਲੈ ਜਾਵੀਂ !
ਚੁੱਗ ਚੁੱਗ
ਝੋਲੀ ਭਰਦਾ ਜਾਵਾਂਗਾ
ਤੇਰੀਆਂ ਪੈੜਾਂ ਦੇ ਅੱਖਰ !
ਤੇਰੇ ਬੋਲ ਹਿਰਦੇ 'ਚ
ਸੰਭਾਲਦਾ ਜਾਵਾਂਗਾ !
ਝਾੜ ਪੂੰਝ ਕੇ ਰੱਖਾਂਗਾ
ਬਾਬੇ ਮਰਦਾਨੇ ਦੀ ਰਬਾਬ !
ਸੇਵਾ ਕਰਾਂਗਾ
ਤੇਰੇ ਹਰ ਸੰਗੀ ਸਾਥੀ ਦੀ !
ਤੇਰੀਆਂ ਲੱਤਾਂ ਘੁੱਟਾਂਗਾ
ਹਰ ਪੜਾਅ ਤੇ ,
ਤੂੰ ਜੋ ਕਹੇਂਗਾ ਕਰਾਂਗਾ !
ਤੂੰ ਜੋ ਚਾਹੇਂਗਾ ਕਰਾਂਗਾ !
ਇਸ ਵਾਰ ਉਦਾਸੀ ਤੇ ਜਾਂਦਿਆਂ
ਬੱਸ ਨਾਲ ਲੈ ਜਾਵੀਂ ,
ਕਿ ਉਦਾਸੀ ਤੇ ਜਾਣ ਬਿਨ
ਉਦਾਸੀ ਦੂਰ ਨਹੀਂ ਹੋਣੀ !

## ਮੈਨੂੰ ਔਖੀ ਕਵਿਤਾ

ਰਮਨਦੀਪ ਕੌਰ ਵਿਰਕ

ਮੈਨੂੰ ਔਖੀ ਕਵਿਤਾ
ਸਮਝ ਨਹੀਂ ਆਉਂਦੀ
ਡੌਰ ਭੌਰ ਜਿਹੀ ਝਾਕਦੀ ਹਾਂ
ਅੱਖਰਾਂ ਵੱਲ
ਕਵਿਤਾ 'ਚ ਰਿਦਮ ਲੱਭਦੀ ਹਾਂ
ਤੇ ਮਾਯੂਸ ਹੁੰਦੀ ਹਾਂ
ਆਪਣੀ ਨਾਸਮਝੀ 'ਤੇ
ਮੁੜ ਸੋਚਣ ਲਗਦੀ ਹਾਂ
ਕਿਸੇ ਸੌਖੀ ਕਵਿਤਾ ਬਾਰੇ
ਤੇਰਾ ਆਖਿਆ ਯਾਦ ਆਉਂਦਾ ਹੈ
ਕਵਿਤਾ ਅੱਖਰਾਂ ਵਿੱਚ ਨਹੀਂ ਹੁੰਦੀ
ਮੈਂ ਸ਼ੀਸ਼ੇ ਸਾਹਮਣੇ ਖੜ੍ਹੋ
ਆਪਣੀਆਂ ਅੱਖਾਂ ਵਿੱਚ
ਦੇਖਣ ਲਗਦੀ ਹਾਂ
ਤੂੰ ਆਖਿਆ ਸੀ
ਕਵਿਤਾ ਅੱਖਾਂ ਵਿੱਚ ਹੁੰਦੀ ਹੈ...।

## ਇਕੋ ਕਰਤਾਰ



ਜਸਕੀਰਤ ਸਿੰਘ
98889-49201

ਓਹਦੀ ਮਹਿਮਾ ਅਪਰਮਪਾਰ ਏ,
ਜੋ ਸਭ ਦਾ ਸਿਰਜਣਹਾਰ ਏ,
ਦੁੱਖ ਸੁੱਖ ਵਟਾਉਂਦਾ ਆਪੇ ਓ,
ਜਿਸਦਾ ਨਾਮ ਕਰਤਾਰ ਏ।
ਰੂਹਾਨੀਅਤ ਜਿਸਦੀ ਬਾਣੀ 'ਚ ਬਰਸੇ,
ਜਿਹਨੂੰ ਪਾਉਣ ਲਈ ਹਰ ਕੋਈ ਤਰਸੇ।
ਓਹੀ ਤੇ ਸਭ ਦਾ ਪਾਲਣਹਾਰ ਏ,
ਜਿਸਦਾ ਨਾਮ ਕਰਤਾਰ ਏ।
ਜੋ ਔਖੀ ਘੜੀ ਨਾ ਵੇਖਣ ਦਿੰਦਾ,
ਸਭਨਾ ਨੂੰ ਹੈ ਜੋ ਮੱਤੀ ਦਿੰਦਾ।
ਓਹੀ ਤੇ ਇਕੋ ਇਕ ਸੱਚਾ ਯਾਰ ਏ,
ਜਿਸਦਾ ਨਾਮ ਕਰਤਾਰ ਏ।
ਨਾਮ ਜਪਣ ਦਾ ਜੋ ਲਾਵੇ ਹੋਕਾ,
ਸਭ ਨੂੰ ਦੇਵੇ ਜੋ ਨਵਾਂ ਮੌਕਾ।
ਓਹੀ ਤੇ ਲਾਉਂਦਾ ਬੇੜੀ ਪਾਰ ਏ
ਜਿਸਦਾ ਨਾਮ ਕਰਤਾਰ ਏ।
ਹੈ ਮੁਲਾਂ, ਰਾਮ, ਬੁੱਧ, ਸਿੰਘ ਓ,
ਜਿਸਦੀ ਹੈ ਅੰਤਰ ਰੂਹ ਨਾਲ ਛੋਹ।
ਓਹੀ ਤੇ ਲੈਂਦੈ ਨਿਮਾਣਿਆ ਦੀ ਸਾਰ ਏ,
ਜਿਸਦਾ ਨਾਮ ਕਰਤਾਰ ਏ।

## ਨਾਨਕ ਪਿਆਰਾ



ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
+447438398345

ਤ੍ਰਿਪਤਾ ਦੇ ਘਰ ਨਾਨਕ ਪਿਆਰਾ,
ਦਰਗਾਹੋਂ ਚਲ ਆਇਆ ਏ
ਨਨਕਾਣੇ ਸੰਗ ਜਿਸ ਨੇ ਸਾਰੀ,
ਦੁਨੀਆਂ ਨੂੰ ਰੁਸ਼ਨਾਇਆ ਏ
ਮਹਿਤਾ ਕਾਲੂ ਦੇ ਘਰ ਸੋਹਣਾ
ਅਰਸ਼ੋਂ ਚੱਲ ਆਇਆ ਮਨਮੋਹਣਾ
ਸ਼ਾਹੂਕਾਰ ਬੁਲਾਰ ਵੀ ਆ ਕੇ,
ਚਰਨੀਂ ਸੀਸ ਨਿਵਾਇਆ ਏ
ਨਨਕਾਣੇ ਸੰਗ...।
ਮੁੱਖੜੇ ਉੱਤੇ ਨੂਰ ਇਲਾਹੀ
ਜੱਗ ਤੇ ਆਇਆ ਜੱਗ ਦਾ ਮਾਹੀ
ਭੈਣ ਨਾਨਕੀ ਮੱਥਾ ਚੁੰਮਕੇ,
ਸੀਨੇ ਨਾਲ ਲਗਾਇਆ ਏ
ਨਨਕਾਣੇ ਸੰਗ...।
ਪਹਿਲੇ ਦਰਸ਼ਨ ਦੌਲਤਾਂ ਕੀਤੇ
ਰਹਿ ਗਏ ਹੋਂਠ ਸੀਤੇ ਦੇ ਸੀਤੇ
ਲਾਲ ਚਮਕਦਾ ਜਿਉਂ ਚੰਦਰਮਾ,
ਉਸਨੇ ਸ਼ੋਰ ਮਚਾਇਆ ਏ।
ਨਨਕਾਣੇ ਸੰਗ...।
ਲੋਕੀਂ ਆ ਆ ਦੇਣ ਵਧਾਈਆਂ
ਚਾਰੇ ਪਾਸੇ ਖੁਸ਼ੀਆਂ ਛਾਈਆਂ
ਸਲੇਮਪੁਰੇ ਦੇ 'ਲੱਖੇ' ਨੇ ਵੀ,
ਦਿਲ ਦੇ ਵਿੱਚ ਵਸਾਇਆ ਏ
ਨਨਕਾਣੇ ਸੰਗ....।

## ਮਨ ਦੀ ਖੁਸ਼ੀ

ਜੀਵਨ ਪਾਇਲ ਜ਼ਿਲ੍ਹਾ ਲੁਧਿਆਣਾ।

ਖੁਸ਼ੀਆਂ ਦਾ ਹਰ ਪਲ ਸਾਡੇ ਤੇ ਲੁਟਾਇਆ ਏ,
ਸੰਤ ਮੇਰਾ ਸਤਿਗੁਰੂ ਕ੍ਰਿਪਾ ਦਾ ਸਾਇਆ ਏ,
ਮੇਹਰ ਕੀਤੀ ਦਾਸ ਉਤੇ ਘਰ ਵਿਚ ਆਇਆ ਏ,
ਖੁਸ਼ੀਆਂ ਦਾ ਹਰ ਪਲ ਸਾਡੇ ਤੇ ਲੁਟਾਇਆ ਏ,
ਤਾਰੀ ਜਾਵੇ ਮੈਨੂੰ ਅਤੇ ਤਾਰੀ ਜਾਵੇ ਜੱਗ ਨੂੰ,
ਗੁਰੂ ਦਾ ਪੈਗਾਮ ਪਿਆ ਵੰਡੇ ਸਾਰੇ ਜੱਗ ਨੂੰ,
ਰਹਿਮਤਾਂ ਦੀ ਵਾਰਿਸ਼ ਦੇ ਨਾਲ ਨਹਿਲਾਇਆ ਏ,
ਖੁਸ਼ੀਆਂ ਦਾ ਹਰ ਪਲ ਸਾਡੇ ਤੇ ਲੁਟਾਇਆ ਏ,
ਦੁਖ ਤੋੜੇ ਸਭਨਾ ਦੇ ਤੋੜਨ ਹੀ ਆਇਆ ਏ,
ਭਰਮ ਵੀ ਤੋੜੇ ਹੋਮੈ ਰੋਗ ਵੀ ਮੁਕਾਇਆ ਏ,
ਗਿਆਨ ਦੇ ਕੇ ਬ੍ਰਹਮ ਦਾ ਦਾਤੇ ਨੂੰ ਮਿਲਾਇਆ ਏ
ਖੁਸ਼ੀਆਂ ਦਾ ਹਰ ਪਲ ਸਾਡੇ ਤੇ ਲੁਟਾਇਆ ਏ,
ਜੋੜੇ ਸਤਿਸੰਗ ਨਾਲ ਪਿਆਰ ਦਾ ਚਮਨ ਹੈ,
ਸਾਰੇ ਪਰਿਵਾਰ ਵੱਲੋਂ ਕੋਟੀ ਕੋਟੀ ਨਮਨ ਹੈ,
ਬੇਗਮਪੂਰਾ ਸ਼ਹਿਰ ਸਾਧੋ ਇਸੀ ਨੇ ਵਸਾਇਆ ਏ,
ਖੁਸ਼ੀਆਂ ਦਾ ਹਰ ਪਲ ਸਾਡੇ ਤੇ ਲੁਟਾਇਆ ਏ,
ਪਟਾ ਮੇਰੇ ਗਲ ਵਿੱਚ ਏਸੇ ਨੇ ਹੀ ਪਾਇਆ ਹੈ,
ਦੇ ਕੇ ਸਾਰੇ ਸੁਖ ਸਾਨੂੰ ਬੁਕਲ ਬਿਠਾਇਆ ਹੈ,
(ਪੈਲ ਵਾਲੇ ਜੀਵਨ) ਨੂੰ ਸੂਹਾ ਰੰਗ ਲਾਇਆ ਏ,
ਖੁਸ਼ੀਆਂ ਦਾ ਹਰ ਪਲ ਸਾਡੇ ਤੇ ਲੁਟਾਇਆ ਏ,

## ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ

ਸੁਰਜੀਤ ਪਾਤਰ

ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ,
ਚਾਨਣੀ ਵਿਚ ਹੋਰ ਰਸਤੇ ਚਮਕਦੇ,
ਹੋਰ ਮੰਜ਼ਿਲ ਦੱਸਦਾ ਘਰ ਦਾ ਚਿਰਾਗ,
ਸਿਵਿਆਂ ਲੋਏ ਹੋਰ ਪਗ-ਚਿੰਨ੍ਹ ਸੁਲਗਦੇ।
ਇਹ ਸਿਵਾ, ਇਹ ਚੰਨ, ਸੂਰਜ, ਇਹ ਚਿਰਾਗ,
ਵੱਖੋ ਵੱਖਰੇ ਰਸਤਿਆਂ ਵੱਲ ਖਿੱਚਦੇ,
ਮੈਂ ਚੁਰਾਹੇ 'ਤੇ ਖੜਾ ਹਾਂ ਸੋਚਦਾ,
ਕਿੰਨੇ ਟੋਟੇ ਕਰ ਦਿਆਂ ਇਕ ਹੋਂਦ ਦੇ।
ਐ ਮਨਾ ਤੂੰ ਬੇਸੁਰਾ ਏਂ ਸਾਜ਼ ਕਿਉਂ,
ਏਨੀ ਗੰਧਲੀ ਹੈ ਤੇਰੀ ਆਵਾਜ਼ ਕਿਉਂ,
ਸੁਰ ਨਹੀਂ ਹੁੰਦਾ ਤੂੰ ਕਿਉਂ ਕੀ ਗੱਲ ਹੈ,
ਇਲਮ ਦੇ ਮਸਲੇ ਨੇ ਜਾਂ ਇਖਲਾਕ ਦੇ।
ਮਨ ਹੈ ਇਕ ਪੁਸਤਕ ਜਿਵੇਂ ਲਿਖ ਹੋ ਰਹੀ,
ਜਿਸ ਦਾ ਕੋਈ ਆਦ ਹੈ ਨਾ ਅੰਤ ਹੈ,
ਇਕ ਇਬਾਰਤ ਹੈ ਜੋ ਅੰਦਰ ਤੜਪਦੀ,
ਵਾਕ ਨੇ ਇਕ ਦੂਸਰੇ ਨੂੰ ਕੱਟਦੇ।

## ਪੰਜਾਬ

ਬਨਾਰਸੀ ਦਾਸ ਅਧਿਆਪਕ ਰੱਤੇਵਾਲ
ਮੋ: 94635-05286

ਸਭ ਹੱਦਾਂ ਬੰਨੇ ਤੋੜ ਕੇ, ਇਕ ਪੰਜਾਬ ਬਣਾ ਦੇ,
ਸੁਣ ਲੈ ਤੂੰ ਰੱਬਾ ਮੇਰਿਆ, ਕਿਤੇ ਨੇੜਿਓਂ ਆ ਕੇ।
ਨਫਰਤ ਸਾੜੇ ਦੂਰ ਕਰ, ਮੁੜ ਇਕ ਬਣਾ ਦੇ,
ਅਣ-ਵੰਡੇ ਪੰਜਾਬ ਦੀ, ਇਕ ਝਲਕ ਵਿਖਾ ਦੇ।
ਧਰਤੀ ਪੰਜ ਦਰਿਆਵਾਂ ਦੀ, ਪਈ ਖਿੜ-ਖਿੜ ਹੱਸੇ,
ਹਿੰਦੂ ਮੁਸਲਿਮ ਸਿੱਖ ਇਸਾਈ, ਇੱਥੇ ਰਲ-ਮਿਲ ਵੱਸੇ।
ਰਾਵੀ ਉਆਰ ਪਾਰ ਵਿੱਚ, ਕੋਈ ਫਰਕ ਨਾ ਜਾਪੇ,
ਫਰਕ ਮਨਾਂ 'ਚੋਂ ਕੱਢ ਦੇ, ਤੂੰ ਆਉਣ ਕੇ ਆਪੇ।
ਸਾਂਝੇ ਮੰਦਰ ਇਸ ਦੇ, ਹਨ ਸਾਂਝੀਆਂ ਮਸੀਤਾਂ,
ਸਾਂਝੇ ਇਹਦੇ ਗੁਰਦੁਆਰੇ, ਕਿਹਨੇ ਪਾਈਆਂ ਲੀਕਾਂ।
ਰਲ-ਮਿਲ ਸਭਨਾਂ ਦਾ, ਮੁੜ ਇਕ ਬਣਾਈਂ ਸਰੀਕਾ,
ਲੰਬੀਆਂ ਨਾ ਹੁਣ ਤੂੰ, ਹੈ ਰੱਬਾ ਪਾਈਂ ਤਰੀਕਾਂ।
ਫੱਕਰ ਸੰਤ ਫਕੀਰ ਇਹਦੇ, ਦਿਲਦਾਰ ਨੇ ਸਾਂਝੇ,
ਵਾਰਿਸ ਹਾਸ਼ਮ ਸ਼ਾਹ ਜਿਹੇ, ਕਿੱਸਾਕਾਰ ਨੇ ਸਾਂਝੇ।
ਗੁਰੂ ਪੈਗੰਬਰ ਔਲੀਏ, ਹਨ ਇਹ ਦੇ ਸਾਂਝੇ,
ਕਾਹਨੂੰ ਸਾਨੂੰ ਕਰ ਦਿੱਤਾ, ਨਨਕਾਣੇ ਤੋਂ ਵਾਂਝੇ।
ਸਾਂਝ ਦਿਲਾਂ ਵਿੱਚ ਆਉਣ ਕੇ, ਤੂੰ ਮੁੜ ਜਗਾ ਜਾ,
ਨਾਨਕ ਬੁੱਲ੍ਹੇ ਦੀ ਧਰਤੀ 'ਤੇ, ਆ ਗੇੜਾ ਲਾ ਜਾ।
ਜੋ ਦੋਖੀ ਮੇਰੇ ਪੰਜਾਬ ਦੇ, ਉਨ੍ਹਾਂ ਸਬਕ ਸਿਖਾ ਜਾ।
ਬਨਾਰਸੀ ਦਾਸ ਦੀ ਲਿਖਤ ਦੇ, ਕੁੱਝ ਬੋਲ ਪੁਗਾ ਜਾ।

# ਪੰਜਾਬੀ ਐਕਟਰ ਦਲਜੀਤ ਕੌਰ ਮਰੀ ਗੁੰਮਨਾਮੀ ਦੀ ਮੌਤ



## 80 ਤੋਂ ਵੱਧ ਫਿਲਮਾਂ ਕਰਨ ਵਾਲੀ ਪੰਜਾਬੀ ਅਦਾਕਾਰਾ ਦੇ ਸਸਕਾਰ ਵਿਚ ਨਹੀਂ ਪੁੱਜੀ ਕੋਈ ਫਿਲਮੀ ਹਸਤੀ



ਪੰਜਾਬੀ ਸਿਨੇਮਾ ਦੀ ਮਸ਼ਹੂਰ ਅਦਾਕਾਰ ਦਲਜੀਤ ਕੌਰ, ਜਿਨ੍ਹਾਂ ਨੇ 80ਵੇਂ ਦਹਾਕੇ ਵਿੱਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ, ਨੇ ਲੰਬੀ ਬਿਮਾਰੀ ਤੋਂ ਬਾਅਦ ਦੁਨੀਆਂ ਨੂੰ ਅਲਵਿਦਾ ਕਹਿ ਦਿੱਤਾ।

ਅੱਸੀ ਨੱਬੇ ਦਾ ਦਹਾਕਾ ਪੰਜਾਬੀ ਸਿਨੇਮਾ ਨੂੰ ਬੁਲੰਦੀਆਂ ’ਤੇ ਲੈ ਜਾਣ ਦਾ ਦੌਰ ਸੀ। ਇਸ ਦੌਰ ਵਿੱਚ ਆਪਣੀ ਛਾਪ ਛੱਡਣ ਵਾਲੀਆਂ ਅਦਾਕਾਰਾਵਾਂ ਵਿੱਚ ਦਲਜੀਤ ਕੌਰ ਸ਼ੁਮਾਰ ਸਨ। ਉਨ੍ਹਾਂ ਨੇ ਪੰਜਾਬੀ ਦੇ ਨਾਲ-ਨਾਲ ਕਈ ਹਿੰਦੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ। ਦਲਜੀਤ ਕੌਰ ਉਰਫ਼ ਦਲਜੀਤ ਕੌਰ ਖੰਗੂੜਾ ਦੀ ਪੈਦਾਇਸ਼ ਮਾਰਚ 1953 ਵਿੱਚ ਪੱਛਮੀ ਬੰਗਾਲ ਦੇ ਸ਼ਹਿਰ ਸਿਲੀਗੁੜੀ ਦੇ ਜੱਟ ਸਿੱਖ ਪਰਿਵਾਰ ਵਿੱਚ ਹੋਈ। ਦਲਜੀਤ ਕੌਰ ਦਾ ਪਿਛਲਾ ਪਿੰਡ ਐਤੀਆਣਾ (ਕਸਬਾ ਸੁਧਾਰ), ਜ਼ਿਲ੍ਹਾ ਲੁਧਿਆਣਾ ਸੀ। ਉਨ੍ਹਾਂ ਦੇ ਪਿਤਾ ਦਾਰਜਲਿੰਗ ਦੇ ਬਹੁਤ ਵੱਡੇ ਕਾਰੋਬਾਰੀ ਸਨ। ਦਲਜੀਤ ਨੇ ਕਾਨਵੈਂਟ ਸਕੂਲ ਦਾਰਜਲਿੰਗ ਤੋਂ ਸਕੂਲੀ ਪੜ੍ਹਾਈ ਮੁਕੰਮਲ ਕੀਤੀ ਅਤੇ ਦਿੱਲੀ ਦੇ ਲੇਡੀ ਸ੍ਰੀਰਾਮ ਕਾਲਜ ਤੋਂ ਗਰੈਜੂਏਸ਼ਨ ਕੀਤੀ।

ਦਲਜੀਤ ਕੌਰ ਸਫ਼ਲ ਅਦਾਕਾਰਾ ਹੋਣ ਦੇ ਨਾਲ-ਨਾਲ ਉਨ੍ਹਾਂ ਸਮਿਆਂ ਅੰਦਰ ਰਾਸ਼ਟਰੀ ਪੱਧਰ ’ਤੇ ਕਬੱਡੀ ਸਮੇਤ ਹਾਕੀ ਦੀ ਵੀ ਨਾਮਵਰ ਖਿਡਾਰਨ ਰਹੀ ਸੀ। ਦਲਜੀਤ ਕੌਰ ਨੇ ਪੂਨਾ ਇੰਸਟੀਚਿਊਟ ਆਫ਼ ਫ਼ਿਲਮ ਸਟੱਡੀਜ਼ ਤੋਂ ਐਕਟਿੰਗ ਦਾ ਡਿਪਲੋਮਾ ਕੀਤਾ।ਦਲਜੀਤ ਕੌਰ ਨੂੰ ਪੰਜਾਬੀ ਫ਼ਿਲਮਾਂ ਵਿਚ ਇੰਦਰਜੀਤ ਸਿੰਘ ਹਸਨਪੁਰੀ ਲੈ ਕੇ ਆਏ। ਜਦੋਂ ਇੰਦਰਜੀਤ ਹਸਨਪੁਰੀ ਨੇ ਆਪਣੇ ਫ਼ਿਲਮਸਾਜ਼ ਅਦਾਰੇ ਲੁਧਿਆਣਾ ਫ਼ਿਲਮਜ਼ ਦੇ ਬੈਨਰ ਹੇਠ ਧਰਮ ਕੁਮਾਰ ਦੀ ਨਿਰਦੇਸ਼ਨ ਵਿੱਚ ਪੰਜਾਬੀ ਫ਼ਿਲਮ ‘ਦਾਜ’ (1976) ਬਣਾਈ ਤਾਂ ਦਲਜੀਤ ਕੌਰ ਨੂੰ ਨਵੀਂ ਅਦਾਕਾਰਾ ਵਜੋਂ ਸ਼ੁਰੂਆਤ ਕਰਵਾਈ।ਫ਼ਿਲਮਸਾਜ਼ ਤੇ ਗੀਤਕਾਰ ਹਸਨਪੁਰੀ ਦੀ ਦਾਜ ਪ੍ਰਥਾ ’ਤੇ ਆਧਾਰਿਤ ਇਸ ਫ਼ਿਲਮ ਵਿੱਚ ਦਲਜੀਤ ਕੌਰ ਨੇ ਚਰਚਿਤ ਅਦਾਕਾਰ ਮਨਮੋਹਨ ਕ੍ਰਿਸ਼ਨ (ਚੌਧਰੀ) ਦੀ ਧੀ ‘ਲਾਜੋ’ ਦਾ ਕਿਰਦਾਰ ਨਿਭਾਇਆ।ਇਸ ਵਿੱਚ ਦਲਜੀਤ ਕੌਰ ਨਾਲ ਧੀਰਜ ਕੁਮਾਰ ਨੇ ਸਹਿ-ਅਦਾਕਾਰ ਵਜੋਂ ਭੂਮਿਕਾ ਨਿਭਾਈ।

ਐੱਸ. ਮੋਹਿੰਦਰ ਦੇ ਪੁਰਅਸਰ ਸੰਗੀਤ ਵਿੱਚ ਦਲਜੀਤ ਕੌਰ ਤੇ ਧੀਰਜ ਕੁਮਾਰ ’ਤੇ ਫ਼ਿਲਮਾਏ ਗੀਤ ‘ਮੈਨੂੰ ਦੇ ਕੇ ਟਕੇ ਦਾ ਛੱਲਾ’ ‘ਨੀ ਕੁੜੀਏ ਤੂੰ ਪਿਆਰ ਨਾ ਪਾਵੀਂ’ (ਨਰਿੰਦਰ ਬੀਬਾ, ਮੀਨੂੰ ਪ੍ਰਸ਼ੋਤਮ), ‘ਸੋਹਣਿਓ ਮੱਖਣੋ ਮਲਾਈ ਦੇ ਡੋਨਿਓ ਤੇ ਖੋਏ ਦੇ ਪੇੜਿਓ’ (ਮੁਹੰਮਦ ਰਫ਼ੀ, ਨਰਿੰਦਰ ਬੀਬਾ) ਤੇ ਭੰਗੜਾ ਗੀਤ ‘ਓ ਗੋਰੇ ਰੰਗ ਨੇ ਸਦਾ ਨਈਓ ਰਹਿਣਾ’ (ਮਹਿੰਦਰ ਕਪੂਰ, ਸ਼ਮਸ਼ਾਦ ਬੇਗਮ) ਨੇ ਹੱਦ ਦਰਜਾ ਮਕਬੂਲੀਅਤ ਹਾਸਿਲ ਕੀਤੀ।

ਦਲਜੀਤ ਕੌਰ ਦੀ ਪਹਿਲੀ ਫ਼ਿਲਮ ਹਿੰਦੀ ਵਿੱਚ ਵੀ ਡੱਬ ਕੀਤੀ ਗਈ।ਹਿੰਦੀ ਵਿੱਚ ਇਹ ਫ਼ਿਲਮ ਲੁਧਿਆਣਾ ਫ਼ਿਲਮਸ, ਬੰਬਈ ਦੇ ਬੈਨਰ ਹੇਠ ‘ਦਹੇਜ’ (1981) ਦੇ ਸਿਰਲੇਖ ਹੇਠ ਡੱਬ ਹੋਈ। ਦਲਜੀਤ ਕੌਰ ਦੀ ਦੂਜੀ ਪੰਜਾਬੀ ਫ਼ਿਲਮ ਅਮਰ ਫ਼ਿਲਮਸ, ਬੰਬੇ ਦੀ ਬੀ. ਐੱਸ. ਸ਼ਾਦ (ਬੂਟਾ ਸਿੰਘ ਸ਼ਾਦ) ਦੀ ਕਹਾਣੀ ਤੇ ਨਿਰਦੇਸ਼ਿਤ ਪੰਜਾਬੀ ਫ਼ਿਲਮ ‘ਗਿੱਧਾ’ (1978) ਸੀ।ਇਸ ਫ਼ਿਲਮ ਵਿੱਚ ਦਲਜੀਤ ਕੌਰ ਨੇ ਧਰਮਿੰਦਰ ਨਾਲ ਅਦਾਕਾਰੀ ਕੀਤੀ।ਇਹ ਫ਼ਿਲਮ ਹਿੰਦੀ ਵਿੱਚ ‘ਜ਼ਖ਼ਮੀ ਦਿਲ’ ਸਿਰਲੇਖ ਹੇਠ ਡੱਬ ਕੀਤੀ ਗਈ।

ਵਰਿੰਦਰ ਵਲੋਂ ਬਣਾਈ ਗਈ ਫ਼ਿਲਮ ‘ਬਟਵਾਰਾ’ (1983) ਵਿੱਚ ਦਲਜੀਤ ਕੌਰ ਨੂੰ ਮੁੱਖ ਭੂਮਿਕਾ ਮਿਲੀ।

ਗੁਰਦਾਸ ਮਾਨ ਨਾਲ ਫ਼ਿਲਮਾਂ

ਦਲਜੀਤ ਕੌਰ ਅਸੀਵਿਆਂ ਵਿੱਚ ਗੁਰਦਾਸ ਮਾਨ ਦੀ ਮਕਬੂਲ ਫ਼ਿਲਮ ‘ਮਾਮਲਾ ਗੜਬੜ ਹੈ’ ਵਿੱਚ ਇੱਕ ਵੱਖਰੇ ਕਿਰਦਾਰ ਵਿੱਚ ਨਜ਼ਰ ਆਏ। ਉਨ੍ਹਾਂ ਨੇ ਇੱਕ ਨਵੇਂ ਜ਼ਮਾਨੇ ਦੀ ਹਾਮੀ ਭਰਦੀ ਕੁੜੀ ‘ਕਿੱਟੀ’ ਦਾ ਕਿਰਦਾਰ ਨਿਭਾਇਆ।

ਦਲਜੀਤ ਕੌਰ ਤੇ ਗੁਰਦਾਸ ਮਾਨ ’ਤੇ ਫ਼ਿਲਮਾਏ ਗੀਤ ‘ਦਿਲ ਦਾ ਮਾਮਲਾ ਹੈ’ ਜਿਸ ਨੂੰ ਸਵਿਤਾ ਸਾਥੀ ਤੇ ਗੁਰਦਾਸ ਮਾਨ ਵਲੋਂ ਹੀ ਗਾਇਆ ਗਿਆ ਸੀ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ।ਉਨ੍ਹਾਂ ਨੇ ਗੁਰਦਾਸ ਮਾਨ ਦੀ ਫ਼ਿਲਮ ‘ਕੀ ਬਣੂੰ ਦੁਨੀਆ ਦਾ’ ਵਿੱਚ ਵੀ ਭੂਮਿਕਾ ਨਿਭਾਈ। ਉਨ੍ਹਾਂ ਨੇ ਵਰਿੰਦਰ ਨਾਲ ਵੀ ਫ਼ਿਲਮਾਂ ਕੀਤੀਆਂ। ਅਦਾਕਾਰ ਵਰਿੰਦਰ ਨਾਲ ਉਨ੍ਹਾਂ ਦੀ ਫ਼ਿਲਮ ‘ਵੈਰੀ ਜੱਟ’ ਵਿੱਚ ਦੋਵਾਂ ਨੂੰ ਜੋੜੀ ਵਜੋਂ ਪਸੰਦ ਕੀਤਾ ਗਿਆ। 90ਵੇਂ ਦਹਾਕੇ ਵਿੱਚ ਅਦਾਕਾਰੀ ਦੀਆਂ ਸਿਖ਼ਰਾਂ ਨੂੰ ਛੂਹਿਆ, 90 ਦੇ ਦਹਾਕੇ ਵਿੱਚ ਦਲਜੀਤ ਕੌਰ ਦੀ ਪੰਜਾਬੀ ਫ਼ਿਲਮਾਂ ਵਿੱਚ ਸ਼ਮੂਲੀਅਤ ਵਧੀ। ਇਸ ਦਹਾਕੇ ਦੀਆਂ ਮਕਬੂਲ ਹੋਈਆਂ ਵੱਡੀ ਗਿਣਤੀ ਫ਼ਿਲਮਾਂ ਵਿੱਚ ਉਨ੍ਹਾਂ ਨੇ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ।

ਰਵਿੰਦਰ ਰਵੀ ਨਿਰਦੇਸ਼ਿਤ ਐਕਸ਼ਨ ਫ਼ਿਲਮ ‘ਅਣਖ ਜੱਟਾਂ ਦੀ’ (1990) ਵਿੱਚ ਦਲਜੀਤ ਕੌਰ ਪਹਿਲੀ ਵਾਰ ਗੁੱਗੂ ਗਿੱਲ ਦੇ ਸਨਮੁੱਖ ‘ਮੁੱਖੋ’ ਦਾ ਕਿਰਦਾਰ ਨਿਭਾ ਰਹੇ ਸਨ। ‘ਜੱਟ ਦਾ ਗੰਡਾਸਾ’ ਫ਼ਿਲਮ ਵਿੱਚ ਦਲਜੀਤ ਕੌਰ ਤੇ ਸਤੀਸ਼ ਕੌਲ ਦੀ ਜੋੜੀ ਨੂੰ ਲੋਕਾਂ ਵਲੋਂ ਪਸੰਦ ਕੀਤਾ ਗਿਆ। 90 ਦੇ ਦਹਾਕੇ ਤੋਂ ਬਾਅਦ ਦਲਜੀਤ ਕੌਰ ਨੇ ਪੰਜਾਬੀ ਫ਼ਿਲਮਾਂ ਵਿੱਚ ਸਿਰਫ਼ ਚਰਿੱਤਰ ਕਿਰਦਾਰ ਹੀ ਨਿਭਾਏ। ਜਿਨ੍ਹਾਂ ਵਿਚ ‘ਮਾਹੌਲ ਠੀਕ ਹੈ’ (1999) ‘ਜੀ ਆਇਆਂ ਨੂੰ’ (2002), ‘ਸੱਜਣਾ ਵੇ ਸੱਜਣਾ’ (2007), ‘ਹੀਰ ਰਾਂਝਾ ਏ ਟਰੂ ਲਵ ਸਟੋਰੀ’ (2009), ‘ਸਿੰਘ ਵਰਸਿਸ ਕੌਰ’, ‘ਪੰਜਾਬ ਬੋਲਦਾ’ (2013), ‘ਜੱਟ ਬੁਆਏਜ਼ ਪੁੱਤ ਜੱਟਾਂ ਦੇ’, ‘ਦਿਲ ਪਰਦੇਸੀ ਹੋ ਗਿਆ’ (2013) ਆਦਿ ਤੋਂ ਇਲਾਵਾ ਆਖ਼ਰੀ ਪੰਜਾਬੀ ਫ਼ਿਲਮ ‘ਦੇਸੀ ਮੁੰਡੇ’ (2014) ਦੇ ਨਾਮ ਖ਼ਾਸ ਹਨ।

ਪੰਜਾਬੀ ਫ਼ਿਲਮਾਂ ਤੋਂ ਇਲਾਵਾ ਦਲਜੀਤ ਕੌਰ ਨੇ ਹਿੰਦੀ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ। ਪਰ ਜੋ ਮਕਬੂਲੀਅਤ ਉਨ੍ਹਾਂ ਨੂੰ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰ ਕੇ ਹਾਸਿਲ ਹੋਈ ਸੀ, ਉਹ ਉੱਥੇ ਨਾ ਮਿਲੀ।

ਦਲਜੀਤ ਕੌਰ ਦੀ ਬਤੌਰ ਅਦਾਕਾਰਾ ਪਹਿਲੀ ਹਿੰਦੀ ਫ਼ਿਲਮ ‘ਯਾਰੀ ਦੁਸ਼ਮਣੀ’ ਸੀ। ਇਹ ਫ਼ਿਲਮ 1980 ਵਿੱਚ ਰੀਲੀਜ਼ ਹੋਈ।ਇਸ ਤੋਂ ਬਾਅਦ ‘ਧਨ ਦੌਲਤ’, ‘ਪਾਂਚ ਕੈਦੀ’, ‘ਵਿਦੇਸ਼’ ‘ਅੰਮ੍ਰਿਤ’, ‘ਕਬਰਿਸਤਾਨ’, ‘ਖ਼ਰੀਦਾਰ’ ਤੇ ‘ਵੰਸ਼’ ਵਰਗੀਆਂ ਹਿੰਦੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ।

ਗ਼ਮਗੀਨ ਅੰਤ

ਦਲਜੀਤ ਕੌਰ ਦਾ ਵਿਆਹ ਪੰਜਾਬੀ ਫ਼ਿਲਮਾਂ ਦੇ ਫ਼ਿਲਮਸਾਜ਼ ਗਜ਼ ਦਿਓਲ ਉਰਫ਼ ਹਰਮਿੰਦਰ ਸਿੰਘ ਦਿਓਲ ਨਾਲ ਹੋਇਆ। ਲੰਬੀ ਬਿਮਾਰੀ ਤੋਂ ਬਾਅਦ ਹਰਮਿੰਦਰ ਮੌਤ ਹੋ ਗਈ ਸੀ।ਪਤੀ ਦੀ ਮੌਤ ਤੋਂ ਬਾਅਦ ਦਲਜੀਤ ਕੌਰ ਬੁਰੀ ਤਰ੍ਹਾਂ ਟੁੱਟ ਗਏ ਸਨ। ਅਜਿਹੇ ਹਾਲਾਤ ਨਾਲ ਦੋ-ਚਾਰ ਹੁੰਦਿਆਂ ਉਹ ਡਿਮੇਂਸ਼ੀਆ (ਦਿਮਾਗੀ ਕਮਜ਼ੋਰੀ) ਨਾਮੀ ਬਿਮਾਰੀ ਤੋਂ ਪੀੜਿਤ ਹੋ ਗਏ।ਦਲਜੀਤ ਕੌਰ ਆਪਣੇ ਪਿਛਲੇ ਸਾਲਾਂ ਵਿੱਚ ਮੁੰਬਈ ਨੂੰ ਛੱਡ ਕੇ ਪੰਜਾਬ ਆ ਵਸੇ।

ਉਹ ਆਪਣੇ ਰਿਸ਼ਤੇਦਾਰਾਂ ਕੋਲ ਲੁਧਿਆਣਾ ਜ਼ਿਲ੍ਹੇ ਦੇ ਕਸਬੇ ਗੁਰੂਸਰ ਸੁਧਾਰ ਰਹਿਣ ਲੱਗੇ।ਆਪਣੇ ਆਖ਼ਰੀ ਦਿਨਾਂ ਵਿੱਚ ਦਲਜੀਤ ਕੌਰ ਮੁਕੰਮਲ ਤੌਰ ’ਤੇ ਆਪਣੀ ਯਾਦਾਸ਼ਤ ਗਵਾ ਚੁੱਕੇ ਸਨ।ਉਨ੍ਹਾਂ ਨੂੰ ਚਾਹੁਣ ਵਾਲੇ ਤੇ ਸਹਿ-ਕਲਾਕਾਰ ਉਨ੍ਹਾਂ ਨੂੰ ਮਿਲਣ ਜਾਂਦੇ ਰਹਿੰਦੇ ਸਨ।

ਓੜਕ ਦੁੱਖਾਂ ਨਾਲ ਲੜਦੀ-ਘੁਲਦੀ ਪੰਜਾਬੀ ਸਿਨਮਾ ਦੀ ਇਹ ਖ਼ੂਬਸੂਰਤ ਤੇ ਹਰਦਿਲ ਅਜ਼ੀਜ਼ ਅਦਾਕਾਰਾ 17 ਨਵੰਬਰ 2022 ਨੂੰ 69 ਸਾਲਾਂ ਦੀ ਉਮਰ ਵਿੱਚ ਦੁਨੀਆਂ ਨੂੰ ਅਲਵਿਦਾ ਕਹਿ ਗਈ।

ਪੰਜਾਬੀ ਫ਼ਿਲਮ ਤੇ ਟੀ.ਵੀ. ਐਕਟਰਜ਼ ਐਸੋਸੀਏਸ਼ਨ ਨੇ ਅਦਾਕਾਰਾ ਦਲਜੀਤ ਕੌਰ ਦੀ ਮੌਤ ’ਤੇ ਗਹਿਰਾ ਦੁੱਖ ਪ੍ਰਗਟਾਇਆ। ਐਸੋਸੀਏਸ਼ਨ ਦੇ ਸਰਪ੍ਰਸਤ ਤੇ ਅਦਾਕਾਰ ਗੁਰਪ੍ਰੀਤ ਘੁੱਗੀ, ਪ੍ਰਧਾਨ ਕਰਮਜੀਤ ਅਨਮੋਲ ਅਤੇ ਜਨਰਲ ਸਕੱਤਰ ਮਲਕੀਤ ਰੌਣੀ ਨੇ ਦਲਜੀਤ ਕੌਰ ਦੀ ਮੌਤ ’ਤੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਜਿਥੇ ਇਕ ਪ੍ਰਤਿਭਾਵਾਨ ਅਦਾਕਾਰਾ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਈ ਉਥੇ ਪੰਜਾਬੀ ਸਿਨੇਮਾ ਲਈ ਇਕ ਵੱਡਾ ਘਾਟਾ ਵੀ ਹੈ। ਫ਼ਿਲਮ ਅਦਾਕਾਰ ਸ਼ਵਿੰਦਰ ਸਿੰਘ ਮਾਹਲ, ਦੇਵ ਖਰੋੜ, ਰਣਜੀਤ ਬਾਵਾ, ਭਾਰਤ ਭੂਸ਼ਨ ਵਰਮਾ, ਅਦਾਕਾਰਾ ਸਤਵੰਤ ਕੌਰ, ਗੁਰਪ੍ਰੀਤ ਭੰਗੂ, ਸੀਮਾ ਕੌਸ਼ਲ, ਰੁਪਿੰਦਰ ਰੂਪੀ ਤੇ ਰਾਜ ਧਾਲੀਵਾਲ ਆਦਿ ਵਲੋਂ ਵੀ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਬੀਤੇ ਵੀਰਵਾਰ ਦੁਪਹਿਰ ਫਿਲਮ ਜਗਤ ਦੀ ਇਸ ਮਸ਼ਹੂਰ ਅਭਿਨੇਤਰੀ ਦਾ ਸਸਕਾਰ ਕਸਬਾ ਗੁਰੂਸਰ ਸੁਧਾਰ ਦੀ ਸ਼ਮਸ਼ਾਨਘਾਟ ਵਿਖੇ ਹੋਇਆ, ਜਿਥੇ ਉਨ੍ਹਾਂ ਦੇ ਚਚੇਰੇ ਭਰਾ ਹਰਜਿੰਦਰ ਸਿੰਘ ਖੰਗੂੜਾ, ਦਿੱਲੀ ਵਾਸੀ ਭੈਣ ਓਮਾ ਕੁਮਾਰ ਪਰਿਵਾਰ ਸਮੇਤ ਪਹੁੰਚੇ ਪਰ ਉਨ੍ਹਾਂ ਦੇ ਇਕਲੌਤੇ ਸਕੇ ਭਰਾ ਅਮੀਰ ਟਰਾਂਸਪੋਰਟਰ ਨਵਤੇਜ ਸਿੰਘ ਖੰਗੂੜਾ ਸਿਲੀਗੁੜੀ ਤੋਂ ਨਾ ਪਹੁੰਚ ਸਕੇ ਜਿਸ ਦੇ ਚੱਲਦਿਆਂ ਉਨ੍ਹਾਂ ਦੇ ਚਚੇਰੇ ਭਰਾ ਹਰਜਿੰਦਰ ਸਿੰਘ ਖੰਗੂੜਾ ਨੇ ਦਲਜੀਤ ਕੌਰ ਦੀ ਮ੍ਰਿਤਕ ਦੇਹ ਨੂੰ ਅੱਗ ਦਿਖਾਈ। ਉਨ੍ਹਾਂ ਦੇ ਸਸਕਾਰ ਮੌਕੇ ਫਿਲਮ ਜਗਤ ਨਾਲ ਜੁੜੀ ਕੋਈ ਵੀ ਹਸਤੀ ਨਾ ਪਹੁੰਚੀ।

**ਖੇਡ ਸੰਸਾਰ**

# ਏਸ਼ੀਆਈ ਮੁੱਕੇਬਾਜ਼ੀ ਚੈਂਪੀਅਨਸ਼ਿਪ ’ਚ ਭਾਰਤੀ ਖਿਡਾਰਨਾਂ ਦਾ ਸਰਵੋਤਮ ਪ੍ਰਦਰਸ਼ਨ



ਪ੍ਰੋ. ਜਤਿੰਦਰ ਬੀਰ ਸਿੰਘ



ਪਿਛਲੇ ਦਿਨੀਂ ਜਾਰਡਨ ਦੀ ਰਾਜਧਾਨੀ ਅਮਾਨ ਵਿਚ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿਚ ਭਾਰਤੀ ਮੁੱਕੇਬਾਜ਼ਾਂ ਨੇ ਆਪਣੇ ਮੁੱਕੇ ਦੇ ਜੌਹਰ ਦਿਖਾਉਂਦਿਆਂ ਆਪਣੀ ਚਮਕ ਬਿਖੇਰੀ ਹੈ। ਇੱਥੇ ਹੋਈਆਂ ਇਨ੍ਹਾਂ ਖੇਡਾਂ ਵਿਚ ਭਾਰਤ ਦੀ ਸਟਾਰ ਮੁੱਕੇਬਾਜ਼ ਲਵਲੀਨਾ ਬੋਰਗੋਹੇਨ (75 ਕਿ.ਗ੍ਰਾ.), ਪਰਵੀਨ ਹੁੱਡਾ (63 ਕਿ.ਗ੍ਰਾ.) ਸਵੀਟੀ (81 ਕਿ.ਗ੍ਰਾ.) ਅਤੇ ਅਲਫ਼ੀਆ ਖ਼ਾਨ (81 ਕਿ.ਗ੍ਰਾ.) ਨੇ ਸੋਨ ਤਮਗੇ ਆਪਣੇ ਨਾਂ ਕੀਤੇ ਹਨ। ਉਲੰਪਿਕ ਕਾਂਸ਼ੀ ਤਮਗਾ ਜੇਤੂ ਅਤੇ 75 ਕਿ.ਗ੍ਰਾ ਭਾਰ ਵਰਗ ਵਿਚ ਪਹਿਲੀ ਵਾਰ ਕਿਸੇ ਟੂਰਨਾਮੈਂਟ ’ਚ ਭਾਗ ਲੈ ਰਹੀ ਲਵਲੀਨਾ ਨੇ ਉਜਬੇਕਿਸਤਾਨ ਦੀ ਰੂਜਮੇਤੋਵਾ ਸੋਖੀਬਾ ’ਤੇ 5-0 ਨਾਲ ਸਰਬਸੰਮਤੀ ਵਾਲੇ ਫ਼ੈਸਲੇ ਨਾਲ ਜਿੱਤ ਹਾਸਲ ਕੀਤੀ, ਜਦੋਂ ਪਰਵੀਨ ਨੇ ਜਾਪਾਨ ਦੀ ਕਿਟੋ ਮਾਈ ਨੂੰ ਇਸੇ ਫ਼ਰਕ ਨਾਲ ਹਰਾਇਆ। ਇਸ ਤੋਂ ਬਾਅਦ ਸਵੀਟੀ ਅਤੇ ਅਲਫ਼ੀਆ ਨੇ ਕ੍ਰਮਵਾਰ ਕਜਾਕਿਸਤਾਨ ਦੀ ਗੁਲਸਾਇਆ ਯੇਰਜਾਨ ਅਤੇ ਜਾਰਡਨ ਦੀ ਇਸਲਾਮ ਹੁਸੈਲੀ ਨੂੰ ਹਰਾ ਕੇ ਸੋਨ ਤਮਗੇ ਜਿੱਤੇ। ਸਵੀਟੀ ਨੇ ਯੇਰਸਾਨ ਨੂੰ ਸੌਖਿਆਂ ਹੀ ਹਰਾ ਦਿੱਤਾ ਜਦੋਂ ਕਿ ਅਲਫ਼ੀਆ ਦੀ ਵਿਰੋਧੀ ਪਹਿਲੇ ਰਾਊਂਡ ਵਿਚ ਅਯੋਗ ਐਲਾਨੇ ਜਾਣ ਕਾਰਨ ਬਾਹਰ ਹੋ ਗਈ। ਭਾਰਤ ਲਈ ਇਹ ਗੱਲ ਵੀ ਬੜੇ ਮਾਣ ਵਾਲੀ ਹੈ ਕਿ ਇਸ ਟੂਰਨਾਮੈਂਟ ਵਿਚ ਦੇਸ਼ ਦੀਆਂ ਉੱਭਰਦੀਆਂ ਖਿਡਾਰਨਾਂ ਨੇ ਵੀ ਖੇਡ ਪ੍ਰੇਮੀਆਂ ਨੂੰ ਨਿਰਾਸ਼ ਨਹੀਂ ਕੀਤਾ। ਭਾਰਤ ਦੀ ਉਭਰਦੀ ਖਿਡਾਰਨ ਮੀਨਾਕਸ਼ੀ ਨੇ ਹਲਕੇ ਭਾਰ ਵਰਗ (52 ਕਿ.ਗ੍ਰਾ.) ਵਿਚ ਚਾਂਦੀ ਦਾ ਤਮਗਾ ਜਿੱਤ ਕੇ ਆਪਣੇ ਖੇਡ ਕੈਰੀਅਰ ਦਾ ਉੱਤਮ ਪ੍ਰਦਰਸ਼ਨ ਕੀਤਾ ਹੈ। ਦੱਸਣਯੋਗ ਹੈ ਕਿ ਇਨ੍ਹਾਂ ਖੇਡਾਂ ਵਿਚ ਭਾਰਤ ਦੀ ਸਭ ਤੋਂ ਸਫ਼ਲ ਮੁੱਕੇਬਾਜ਼ ਮੈਰੀਕਾਮ ਨੇ ਹਿੱਸਾ ਨਹੀਂ ਲਿਆ।



## ਚੰਡੀਗੜ੍ਹ ਦੇ ਮੁੱਦੇ ਉਪਰ ਸਿਆਸੀ

ਚੰਡੀਗੜ੍ਹ ਪੰਜਾਬ ਦਾ ਅਨਿੱਖੜਵਾਂ ਅੰਗ ਹੈ ਅਤੇ ਹਮੇਸ਼ਾ ਰਹੇਗਾ। ਪੰਜਾਬ ਦੇ ਦਰਜਨਾਂ ਪਿੰਡਾਂ ਦੀ ਜ਼ਮੀਨ 'ਤੇ ਚੰਡੀਗੜ੍ਹ ਵੱਸਿਆ ਹੋਇਆ ਹੈ। ਹਰਿਆਣਾ ਸਰਕਾਰ ਵੱਲੋਂ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਬਣਾਉਣ ਦੇ ਪ੍ਰਸਤਾਵ ਦਾ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਨੇ ਸਖ਼ਤ ਵਿਰੋਧ ਕੀਤਾ ਹੈ। ਕੰਗ ਨੇ ਟਵੀਟ 'ਵਿਚ ਲਿਖਿਆ, 'ਹਰਿਆਣਾ ਸਰਕਾਰ ਨੇ ਆਪਣੀ ਵੱਖਰੀ ਵਿਧਾਨ ਸਭਾ ਲਈ ਚੰਡੀਗੜ੍ਹ ਵਿਚ ਜ਼ਮੀਨ ਮੰਗੀ ਹੈ। ਜ਼ਮੀਨ ਦੀ ਮੰਗ 'ਤੇ ਪੰਜਾਬ ਸਰਕਾਰ ਨੇ ਸਪੱਸ਼ਟ ਕਿਹਾ ਹੈ ਕਿ ਹਰਿਆਣਾ ਨੂੰ ਚੰਡੀਗੜ੍ਹ ਦੀ ਇਕ ਇੰਚ ਵੀ ਜ਼ਮੀਨ ਨਹੀਂ ਦਿੱਤੀ ਜਾਵੇਗੀ। ਹਰਿਆਣਾ ਪੰਚਕੂਲਾ, ਕਰਨਾਲ ਜਾਂ ਕਿਸੇ ਹੋਰ ਥਾਂ ਆਪਣੀ ਵਿਧਾਨ ਸਭਾ ਬਣਾ ਲਵੇ, ਚੰਡੀਗੜ੍ਹ 'ਤੇ ਸਿਰਫ਼ ਪੰਜਾਬ ਦਾ ਹੱਕ ਹੈ।'

ਬੀਜੇਪੀ ਦੇ ਸੀਨੀਅਰ ਨੇਤਾ ਸੁਨੀਲ ਜਾਖੜ ਨੇ ਆਪਣੀ ਹੀ ਪਾਰਟੀ ਦੀ ਹਰਿਆਣਾ ਸਰਕਾਰ ਖਿਲਾਫ ਸਖਤ ਸਟੈਂਡ ਲਿਆ ਹੈ। ਕੁਝ ਸਮਾਂ ਪਹਿਲਾਂ ਕਾਂਗਰਸ ਛੱਡ ਬੀਜੇਪੀ ਵਿੱਚ ਗਏ ਜਾਖੜ ਨੇ ਕਿਹਾ ਹੈ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਤੇ ਪੰਜਾਬ ਦਾ ਪੂਰਾ ਹੱਕ ਹੈ ਤੇ ਇਸ ਸਬੰਧੀ ਕਿਸੇ ਦੇ ਮਨ ਵਿੱਚ ਕੋਈ ਸ਼ੱਕ ਵੀ ਨਹੀਂ ਹੋਣਾ ਚਾਹੀਦਾ। ਜਾਖੜ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਹਰਿਆਣਾ ਵਿਚਲੀ ਬੀਜੇਪੀ ਸਰਕਾਰ ਨੇ ਵੱਖਰੀ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਵਿੱਚ ਥਾਂ ਮੰਗੀ ਹੈ।

ਚੰਡੀਗੜ੍ਹ ਵਿਚ ਵੱਖਰੀ ਹਰਿਆਣਾ ਵਿਧਾਨ ਸਭਾ ਲਈ ਜ਼ਮੀਨ ਵਾਸਤੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ ਵੱਲੋਂ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰਕੇ ਕੀਤੀ ਜਾ ਰਹੀ ਚਾਰਾਜੋਈ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਦੇ ਦਰਜਨਾਂ ਪਿੰਡ ਉਜਾੜ ਕੇ ਬਣੇ ਚੰਡੀਗੜ੍ਹ 'ਤੇ ਕੇਵਲ ਪੰਜਾਬ ਦਾ ਹੀ ਹੱਕ ਹੈ ਅਤੇ ਇਸ 'ਤੇ ਕਿਸੇ ਨੂੰ ਵੀ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਧਿਕਾਰਾਂ ਦੀ ਅਣਦੇਖੀ ਕਰਕੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੀ ਸੂਬੇ ਦੀ ਤਰਜਮਾਨੀ ਕਰਨ ਦੀ ਥਾਂ ਵਿਰੋਧ ਵਿਚ ਭੁਗਤ ਰਹੇ ਹਨ। ਕੁਝ ਦਿਨ ਪਹਿਲਾਂ ਆਇਆ ਉਨ੍ਹਾਂ ਦਾ ਟਵੀਟ ਇਸ ਦੀ ਤਸਦੀਕ ਹੈ, ਜਿਸ ਵਿਚ ਉਨ੍ਹਾਂ ਵੱਖਰੀ ਪੰਜਾਬ ਵਿਧਾਨ ਸਭਾ ਲਈ ਜ਼ਮੀਨ ਦੀ ਮੰਗ ਕਰਕੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨਿਭਾਈ ਜਾ ਰਹੀ ਸਾਜ਼ਿਸ਼ੀ ਭੂਮਿਕਾ ਦੇ ਕਾਰਨ ਹੀ ਕੇਂਦਰ ਸਰਕਾਰ ਚੰਡੀਗੜ੍ਹ ਵਿੱਚੋਂ ਪੰਜਾਬ ਦੇ ਹੱਕਾਂ ਨੂੰ ਲਗਾਤਾਰ ਘੱਟ ਕਰ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਸੀ, ਹੱਕ ਹੈ ਅਤੇ ਰਹੇਗਾ। ਕੇਂਦਰ ਵੱਲੋਂ ਪੰਜਾਬ ਨਾਲ ਪਹਿਲਾਂ ਹੀ ਕਈ ਧੱਕੇ ਕੀਤੇ ਗਏ ਹਨ ਅਤੇ ਹੁਣ ਹੋਰ ਧੱਕੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹਰਿਆਣਾ ਆਪਣੀ ਵੱਖਰੀ ਵਿਧਾਨ ਸਭਾ ਲਈ ਆਪਣੀ ਜ਼ਮੀਨ ਦੀ ਵਰਤੋਂ ਕਰੇ ਅਤੇ ਮੌਜੂਦਾ ਵਿਧਾਨ ਸਭਾ ਖਾਲੀ ਕਰ ਕੇ ਪੰਜਾਬ ਹਵਾਲੇ ਕਰੇ। ਐਡਵੋਕੇਟ ਧਾਮੀ ਨੇ ਪੰਜਾਬ ਦੇ ਰਾਜਪਾਲ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਵਿਰੋਧੀ ਕਿਸੇ ਵੀ ਫੈਸਲੇ ਤੇ ਹਾਮੀ ਨਾ ਭਰਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਚੰਡੀਗੜ੍ਹ 'ਤੇ ਕੇਵਲ ਪੰਜਾਬ ਦਾ ਹੱਕ ਹੈ ਅਤੇ ਹਰਿਆਣਾ ਨੂੰ ਇਸ ਦਾ ਖਹਿੜਾ ਛੱਡ ਦੇਣ ਚਾਹੀਦਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਭੜਕਾਹਟ ਤੋਂ ਹਰਿਆਣਾ ਬਚ ਕੇ ਰਹੇ, ਉਹ ਅਸਲੀਅਤ ਸਚਾਈ ਤੋਂ ਕੰਮ ਨਹੀਂ ਲੈ ਰਹੇ। ਇਹ ਵੀ ਹਕੀਕਤ ਹੈ ਕਿ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਤੋਂ ਖੋਹਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੂੰ ਸਾਰੇ ਹਾਲਾਤ ਦਾ ਪਤਾ ਚੱਲ ਗਿਆ ਹੈ ਤੇ ਚੰਗਾ ਹੋਇਆ ਕਿ ਉਹ ਪਿੱਛੇ ਹਟ ਗਏ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਾਰੇ ਸਕੂਲਾਂ ਵਿਚ ਮੈਟ੍ਰਿਕ ਤੱਕ ਪੰਜਾਬੀ ਪੜ੍ਹਾਈ ਜਾਣੀ ਚਾਹੀਦੀ ਹੈ ਤਾਂ ਕਿ ਪੰਜਾਬੀ ਪਾਸ ਕਰਨ ਵਾਲੇ ਮੁੰਡੇ ਤੇ ਕੁੜੀਆਂ ਸਰਕਾਰੀ ਨੌਕਰੀਆਂ ਲਈ ਇਮਤਿਹਾਨ ਵਿਚ ਬੈਠ ਸਕਣ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਇਕ ਟਵੀਟ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦਾ ਪੰਜਾਬ ਵਿਰੋਧੀ ਟਵੀਟ, ਜਿਸ ਵਿਚ ਉਨ੍ਹਾਂ ਕਿਹਾ ਕਿ 'ਮੇਰੀ ਕੇਂਦਰ ਸਰਕਾਰ ਨੂੰ ਅਪੀਲ ਹੈ ਕਿ ਹਰਿਆਣਾ ਦੀ ਤਰਜ਼ 'ਤੇ ਸਾਡੇ ਪੰਜਾਬ ਲਈ ਵੀ ਆਪਣੀ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਵਿਚ ਜ਼ਮੀਨ ਅਲਾਟ ਕੀਤੀ ਜਾਵੇ' ਇਹ ਤੁਰੰਤ ਹਟਾਉਣ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਰਾਜਪਾਲ ਪੰਜਾਬ ਜੋ ਕਿ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਵੀ ਪ੍ਰਸ਼ਾਸਕ ਹਨ, ਨੂੰ ਅਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖਤੀ ਤੌਰ 'ਤੇ ਸਪੱਸ਼ਟ ਕਰਨ ਕਿ ਚੰਡੀਗੜ੍ਹ ਉਪਰ ਪੰਜਾਬ ਦਾ ਹੱਕ ਹੈ, ਇਸ ਕਰਕੇ ਹਰਿਆਣਾ ਨੂੰ ਵੱਖਰੀ ਰਾਜਧਾਨੀ ਲਈ ਚੰਡੀਗੜ੍ਹ ਵਿਚ ਥਾਂ ਨਾ ਅਲਾਟ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਆਪਣੀ ਚੁੱਪੀ ਤੋੜ ਕੇ ਇਸ ਬਾਰੇ ਸਪੱਸ਼ਟ ਸਟੈਂਡ ਲੈਣਾ ਚਾਹੀਦਾ ਹੈ। ਆਪ ਦਾ ਦੋਗਲਾ ਸਟੈਂਡ ਪੰਜਾਬ ਲਈ ਖਤਰਨਾਕ ਹੋਵੇਗਾ।

****

## ਚੀਨ ਦੇ 'ਖੁਫ਼ੀਆ ਪੁਲਿਸ ਸਟੇਸ਼ਨਾਂ' ਨੇ

ਇੱਕ ਕੈਨੇਡਾ ਦੇ ਟੋਰਾਂਟੋ ਅਤੇ ਇੱਕ ਨਿਊਯਾਰਕ ਵਿੱਚ ਮਿਲਿਆ ਹੈ।

**ਕੀ ਕੰਮ ਕਰਦੇ ਹਨ ਇਹ ਸਟੇਸ਼ਨ ?**

ਇਹ ਯੂਨਿਟਾਂ ਕੌਮਾਂਤਰੀ ਅਪਰਾਧ ਨਾਲ ਨਜਿੱਠਣ ਅਤੇ ਵਿਦੇਸ਼ਾਂ ਵਿੱਚ ਚੀਨੀ ਨਾਗਰਿਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਨ ਲਈ ਬਣਾਈਆਂ ਗਈਆਂ ਸਨ। ਇਨ੍ਹਾਂ ਵਿੱਚ ਵਿਦੇਸ਼ਾਂ 'ਚ ਡਰਾਈਵਰ ਲਾਇਸੈਂਸਾਂ ਦਾ ਨਵੀਨੀਕਰਨ ਅਤੇ ਹੋਰ ਕੌਂਸਲਰ ਸੇਵਾਵਾਂ ਸ਼ਾਮਿਲ ਹਨ। ਪਰ ਫ਼ਿਰ ਵੀ ਸੇਫਗਾਰਡ ਡਿਫੈਂਡਰਜ਼ ਨੇ ਕਿਹਾ ਕਿ ਉਹ ਕਈ ਅਪਰਾਧਿਕ ਟੀਚਿਆਂ ਲਈ ਵੀ ਕੰਮ ਕਰਦੇ ਹਨ।

ਇਸ ਤਰ੍ਹਾਂ ਉਹ ਗੈਰ ਕਾਨੂੰਨੀ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਿਲ ਵਿਦੇਸ਼ਾਂ 'ਚ ਰਹਿ ਰਹੇ ਚੀਨੀ ਲੋਕਾਂ ਉੱਪਰ ਰੋਕ ਲਗਾਉਣ ਦਾ ਵੀ ਕੰਮ ਕਰਦੇ ਹਨ।

ਅਕਤੂਬਰ ਵਿੱਚ ਅਮਰੀਕਾ ਨੇ ਸੱਤ ਚੀਨੀ ਨਾਗਰਿਕਾਂ ਦੇ ਵਿਰੁੱਧ ਅਪਰਾਧਿਕ ਦੋਸ਼ ਲਗਾਏ ਸਨ।

ਇਨ੍ਹਾਂ ਉੱਪਰ ਇੱਕ ਅਮਰੀਕਾ ਨਿਵਾਸੀ ਤੇ ਉਸਦੇ ਪਰਿਵਾਰ ਦੀ ਜਾਸੂਸੀ ਅਤੇ ਪ੍ਰੇਸ਼ਾਨ ਕਰਨ ਦਾ ਇਲਜ਼ਾਮ ਸੀ।

ਪਿਛਲੇ ਮਹੀਨੇ ਚੀਨ ਦਾ ਇੱਕ ਪੁਲਿਸ ਸਟੇਸ਼ਨ ਆਇਰਲੈਂਡ ਦੀ ਰਾਜਧਾਨੀ ਡਬਲਿਨ ਵਿੱਚ ਵੀ ਬੰਦ ਕਰਨ ਦਾ ਹੁਕਮ ਦਿੱਤਾ ਸੀ।

ਇਹ ਹੁਕਮ ਵੀ ਸੇਫਗਾਰਡ ਡਿਫੈਂਡਰਜ਼ ਸੰਸਥਾ ਦੇ ਕੰਮਾਂ ਦਾ ਹੀ ਨਤੀਜਾ ਸੀ।

ਕੈਨੇਡਾ ਦੇ ਖ਼ੁਫ਼ੀਆ ਅਫ਼ਸਰਾਂ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਉਹ ਇਨ੍ਹਾਂ ਇਲਜ਼ਾਮਾਂ ਦੀ ਜਾਂਚ ਕਰ ਰਹੇ ਹਨ ਕਿ ਚੀਨ ਨੇ ਉਨ੍ਹਾਂ ਦੀ ਧਰਤੀ ਉੱਪਰ ਅਣ-ਅਧਿਕਾਰਿਤ ਪੁਲਿਸ ਸਟੇਸ਼ਨ ਖੋਲ੍ਹੇ ਹਨ।

***

## ਅਮਰੀਕਾ ਦੀ ਕੈਰੋਲੀਨਾ ਯੂਨੀਵਰਸਿਟੀ

'ਤੇ ਲਾਗੂ ਹੋ ਗਿਆ ਹੈ।ਵੰਨ-ਸੁਵੰਨਤਾ ਤੇ ਤਾਲਮੇਲ ਦਫ਼ਤਰ ਨੇ ਬਿਆਨ ਵਿਚ ਕਿਹਾ ਹੈ ਕਿ ਇੰਸਟੀਚਿਊਸ਼ਨਲ ਇੰਟੀਗ੍ਰਿਟੀ ਦੇ ਸਹਿਯੋਗ ਨਾਲ ਸਾਡੇ ਪੁਲਿਸ ਵਿਭਾਗ ਵਿਚ ਇਸ ਹਫ਼ਤੇ ਵਾਧੂ ਜਾਗਰੂਕਤਾ ਸਿਖਲਾਈ ਵੀ ਦਿੱਤੀ ਗਈ ਤੇ ਕੰਪਲੈਕਸ 'ਚ ਸਾਰਿਆਂ ਨੂੰ ਸਭਿਆਚਰਕ ਸਿੱਖਿਆ ਸਿਖਲਾਈ ਦੇ ਮੌਕੇ ਦੇਣ ਲਈ ਕੰਮ ਕੀਤਾ ਜਾਂਦਾ ਰਹੇਗਾ।

***

## ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ

DM ਪਟਿਆਲਾ ਜੋ ਭਗਵੰਤ ਮਾਨ ਸਰਕਾਰ ਦੇ ਅਧੀਨ ਕੰਮ ਕਰਦੀ ਹੈ। ਭਗਵੰਤ ਮਾਨ ਸਰਕਾਰ ਵਲੋਂ ਭਾਈ ਗੁਰਮੀਤ ਸਿੰਘ ਦੀ ਰਿਹਾਈ ਲਈ ਕੋਈ ਸਿਫਾਰਸ਼ ਨਹੀਂ ਕੀਤੀ ਤੇ DM ਪਟਿਆਲਾ ਨੇ ਆਪਣੀ ਗਲਤ ਰਿਪੋਰਟ ਪੇਸ਼ ਕਰਕੇ ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ ਰਿਹਾਈ ਖ਼ਾਰਜ ਕਰਵਾ ਦਿੱਤੀ। UT ਦਾ ਬੀਜੇਪੀ ਪ੍ਰਸ਼ਾਸਨ ਜੋ ਕਿ ਕੇਂਦਰ ਸਰਕਾਰ ਦੇ ਹੇਠ ਕੰਮ ਕਰਦਾ ਹੈ ਉਸ ਨੇ ਇਸ ਗ਼ਲਤ ਸਿਫ਼ਾਰਸ਼ ਨੂੰ ਆਧਾਰ ਬਣਾ ਕੇ ਆਪਣਾ ਫੈਸਲਾ ਦਿੱਤਾ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਅੱਗੇ ਕਿਹਾ ਕਿ ਹੁਣ ਉਨ੍ਹਾਂ ਵਲੋਂ ਜੋ ਕਾਨੂੰਨੀ ਕਾਰਵਾਈ ਹੈ ਉਹ ਭਾਈ ਗੁਰਮੀਤ ਸਿੰਘ ਇੰਜੀਨੀਅਰ ਦੇ ਪਰਿਵਾਰ ਤੇ ਸਿੱਖ ਜਥੇਬੰਦੀਆਂ ਦੀ ਸਲਾਹ ਨਾਲ ਰਿਟ ਪਟੀਸ਼ਨ ਦਾਇਰ ਕੀਤੀ ਜਾਵੇਗੀ।

**

## ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਗ੍ਰਿਫ਼ਤਾਰ

ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਦੁਬਾਰਾ ਸਿੱਖ ਜਥੇਬੰਦੀਆਂ ਨੇ ਆਪਣਾ ਰੋਸ ਪ੍ਰਗਟ ਕੀਤਾ ਗਿਆ। ਇਨ੍ਹਾਂ ਪੰਥਕ ਜਥੇਬੰਦੀਆਂ ਵਿਚ ਸਾਡਾ ਪੰਜਾਬ ਫੈਡਰੇਸ਼ਨ ਦੇ ਪ੍ਰਧਾਨ ਇੰਦਰਪਾਲ ਸਿੰਘ ਬੈਂਸ, ਦਮਦਮੀ ਟਕਸਾਲ ਤਲਵੰਡੀ ਬਖਤਾ ਤੋਂ ਬਾਬਾ ਲਹਿਣਾ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਸ਼ਹਿਰੀ ਪ੍ਰਧਾਨ ਸਤਨਾਮ ਸਿੰਘ, ਭਾਰਤੀ ਕਿਸਾਨ ਯੂਨੀਅਨ ਚੜੂਨੀ ਤੋਂ ਲਵਪ੍ਰੀਤ ਸਿੰਘ ਮੰਨਾ, ਬਾਬਾ ਬਲਰਾਜ ਸਿੰਘ ਘੁੰਮਣਾ ਵਾਲੇ, ਮਨਪ੍ਰੀਤ ਸਿੰਘ ਸਾਥੀ ਸ਼ਾਮਿਲ ਸਨ, ਵਲੋਂ ਪੁਲਿਸ ਨੂੰ ਮੰਗ ਪੱਤਰ ਦੇ ਕੇ ਸੋਨੀ ਨੂੰ ਗ੍ਰਿਫ਼ਤਾਰ ਕਰਨ ਦਾ ਦਬਾਅ ਬਣਾਇਆ ਗਿਆ ਸੀ।

ਅਕਸਰ ਹੀ ਕਿਹਾ ਜਾਂਦਾ ਹੈ ਕਿ ਸ਼ਿਵ ਸੈਨਾ ਆਗੂ ਆਪਣੀ ਸੁਰੱਖਿਆ ਵਧਾਉਣ ਲਈ ਜਾਣਬੁੱਝ ਕੇ ਗ਼ਲਤ ਬਿਆਨ ਦਿੰਦੇ ਹਨ। ਜਿਸ ਦੀ ਉਦਾਹਰਨ ਗੁਰਦਾਸਪੁਰ ਤੋਂ ਹਰਵਿੰਦਰ ਸੋਨੀ ਵੀ ਹੈ, ਜਿਸ ਦੀ ਸੁਰੱਖਿਆ ਵਿਚ ਪੰਜਾਬ ਪੁਲਿਸ ਦੇ 26 ਗੰਨਮੈਨ ਤਾਇਨਾਤ ਹਨ। ਇਸ ਤੋਂ ਇਲਾਵਾ ਉਸ ਨੂੰ ਇਕ ਪਾਇਲਟ ਗੱਡੀ ਦੇ ਨਾਲ ਬੁਲਟ ਪਰੂਫ਼ ਸਕਾਰਪਿਓ ਗੱਡੀ ਵੀ ਦਿੱਤੀ ਹੋਈ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਸੋਨੀ ਦੀ ਸੁਰੱਖਿਆ ਵਿਚ ਤਾਇਨਾਤ 26 ਸੁਰੱਖਿਆ ਕਰਮੀ ਬਹੁਤ ਹੀ ਬੁਰੀ ਹਾਲਤ ਵਿਚ ਰਹਿ ਕੇ ਉਸ ਦੀ ਸੁਰੱਖਿਆ ਕਰਦੇ ਸਨ, ਕਿਉਂਕਿ ਨਾ ਤਾਂ ਉਨ੍ਹਾਂ ਦੇ ਸੌਣ ਦਾ ਕੋਈ ਉਚਿਤਾ ਪ੍ਰਬੰਧ ਸੀ ਅਤੇ ਨਾ ਹੀ ਉਨ੍ਹਾਂ ਦੇ ਖਾਣ-ਪੀਣ ਦਾ ਕੋਈ ਪ੍ਰਬੰਧ ਸੀ।

***

## ਅਮਰੀਕਾ ਦੇ 'ਵੈਟਰਨ ਡੇ' ਸਮਾਰੋਹ

ਬੀਵਰਕਰੀਕ ਸ਼ਹਿਰ ਦੇ ਮੇਅਰ ਬੋਬ ਸਟੋਨ ਜੋ ਕਿ ਖੁਦ ਵੀ ਫੌਜ ਵਿੱਚ ਰਹਿ ਚੁੱਕੇ ਹਨ ਨੇ ਅਮਰੀਕਾ ਦੇ ਫੌਜੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹਵਾਈ ਸੈਨਾ ਦੇ ਫੌਜੀਆਂ ਨੇ ਅਮਰੀਕਾ ਦਾ ਝੰਡਾ ਚੜ੍ਹਾਇਆ ਅਤੇ ਰਾਸ਼ਟਰੀ ਗੀਤ ਗਾਇਨ ਕੀਤਾ। ਵੈਟਰਨ ਡੇ ਦਾ ਦਿਹਾੜਾ ਹਰ ਸਾਲ ਜੰਗਾਂ ਵਿੱਚ ਦੇਸ਼ ਦੀ ਸੇਵਾ ਵਿੱਚ ਮਰਨ ਵਾਲਿਆਂ ਦੀ ਬਹਾਦਰੀ ਨੂੰ ਦਰਸਾਉਣ ਲਈ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਸਭ ਤੋਂ ਪਹਿਲਾਂ 11 ਨਵੰਬਰ ਵਾਲੇ ਦਿਨ ਖਤਮ ਹੋਈ ਪਹਿਲੀ ਵਿਸ਼ਵ ਜੰਗ ਵਿੱਚ ਸ਼ਹੀਦ ਹੋਏ ਫੌਜੀਆਂ ਨੂੰ ਸ਼ਰਧਾਂਜਲੀ ਵਜੋਂ ਸ਼ੁਰੂ ਕੀਤਾ ਗਿਆ ਸੀ।

***

## ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲਿਆਂ

ਗੀਤਾਂ ਉੱਪਰ ਪੂਰਾ ਸ਼ਿਕੰਜਾ ਰਹੇਗਾ।ਪੰਜਾਬ ਵਿਚ ਹਥਿਆਰਾਂ ਨੂੰ ਲੈ ਕੇ ਭਗਵੰਤ ਸਰਕਾਰ ਵੱਲੋਂ ਪਿਛਲੇ ਦਿਨੀਂ ਵੱਡਾ ਫ਼ੈਸਲਾ ਲਿਆ ਗਿਆ ਹੈ। ਗੰਨ ਕਲਚਰ ਨੂੰ ਲੈ ਕੇ ਮੁੱਖ ਮੰਤਰੀ ਮਾਨ ਨੇ ਨਿਰਦੇਸ਼ ਜਾਰੀ ਕੀਤੇ ਹਨ ਕਿ ਹੁਣ ਤੱਕ ਜਾਰੀ ਸਾਰੇ ਹਥਿਆਰਾਂ ਦੇ ਲਾਇਸੈਂਸਾਂ ਦੀ ਅਗਲੇ 3 ਮਹੀਨਿਆਂ ਅੰਦਰ ਪੂਰੀ ਸਮੀਖਿਆ ਕੀਤੀ ਜਾਵੇਗੀ। ਇਸ ਦੇ ਨਾਲ ਹੀ ਕੋਈ ਨਵਾਂ ਹਥਿਆਰ ਉਦੋਂ ਤੱਕ ਨਹੀਂ ਦਿੱਤਾ ਜਾਵੇਗਾ, ਜਦੋਂ ਤੱਕ ਕਿ ਡੀ. ਸੀ. ਨਿੱਜੀ ਤੌਰ 'ਤੇ ਸੰਤੁਸ਼ਟ ਨਾ ਹੋਵੇ। ਇਸ ਤੋਂ ਇਲਾਵਾ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ (ਸੋਸ਼ਲ ਮੀਡੀਆ 'ਤੇ ਪ੍ਰਦਰਸ਼ਨ ਸਮੇਤ) ਦੀ ਸਖ਼ਤ ਮਨਾਹੀ ਹੋਵੇਗੀ। ਮੁੱਖ ਮੰਤਰੀ ਮਾਨ ਨੇ ਹੁਕਮ ਜਾਰੀ ਕੀਤੇ ਕਿ ਆਉਣ ਵਾਲੇ ਦਿਨਾਂ ਵਿਚ ਵੱਖ-ਵੱਖ ਇਲਾਕਿਆਂ ਵਿਚ ਚੈਕਿੰਗ ਕੀਤੀ ਜਾਵੇਗੀ। ਇਸ ਦੇ ਨਾਲ ਹੀ ਹਥਿਆਰਾਂ ਜਾਂ ਹਿੰਸਾ 'ਤੇ ਬਣਨ ਵਾਲੇ ਗਾਣੇ ਵੀ ਬੈਨ ਹੋਣਗੇ।

***

## ਭੇਖੀ ਸਾਧ ਸੁਰਿੰਦਰ ਸਿੰਘ ਉਰਫ਼ ਫ਼ੌਜਾ ਸਿੰਘ

ਸਮੂਹ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕਰਦੇ ਹਾਂ ਇਸ ਨੂੰ ਮੂੰਹ ਨਾ ਲਾਇਆ ਜਾਏ। ਇਕ ਪੰਥ, ਇਕ ਗ੍ਰੰਥ, ਦੇ ਬਣ ਕੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਸੇਵਾ ਕਰੀਏ। ਜਿੱਥੇ ਸਿੱਖਾਂ ਦੇ ਜਗ ਦੀ ਜੋਤਿ ਅੱਠੀ ਗੁਰੂ ਗ੍ਰੰਥ ਸਾਹਿਬ ਹਨ, ਉੱਥੇ ਅਸੀਂ ਕਿਸੇ ਗੁਰਸਿੱਖ ਦਾ ਸਤਿਕਾਰ ਤਾਂ ਕਰ ਸਕਦੇ ਹਾਂ, ਪਰ ਗੁਰੂ ਸਮਾਨ ਸਮਝਣਾ, ਅਜਿਹੇ ਠੱਗ ਸਾਧਾਂ ਦੀਆਂ ਗੱਲਾਂ ਨੂੰ ਹੁਕਮ ਦੀ ਤਰ੍ਹਾਂ ਮੰਨਣਾ, ਗੁਰੂ ਸਾਹਿਬ ਦਾ ਭਾਰੀ ਨਿਰਾਦਰ ਹੈ।

ਅਖੀਰ ਵਿੱਚ ਉਨ੍ਹਾਂ ਪਰਿਵਾਰ ਨੂੰ ਬੇਨਤੀ ਕਰਦੇ ਹਾਂ, ਜਿਨ੍ਹਾਂ ਨੇ ਫੌਜਾ ਸਿਹੁੰ ਨੂੰ ਪੈਸੇ, ਸੋਨਾ ਜਾਂ ਕਿਸੇ ਦਾ ਸਰੀਰਕ ਸ਼ੋਸ਼ਣ ਕੀਤਾ ਹੈ, ਸਾਡੇ ਪੰਜ ਸਿੰਘ ਹਨ, ਜੋ ਭਾਈ ਜੇਤਿੰਦਰ ਸਿੰਘ ਗੁਰੂ ਨਾਨਕ ਗੁਰਦੁਆਰਾ ਸਾਹਿਬ ਮੁੱਖ ਸੇਵਾਦਾਰ ਹਨ, ਦੂਸਰੇ ਸਿੱਖ ਅਵੇਅਰਨਿਸ ਭਾਈ ਮੋਹਣ ਸਿੰਘ, ਤੀਸਰੇ ਭਾਈ ਤਰਸੇਮ ਸਿੰਘ ਵਿਲਨਹਾਲ, ਚੌਥੇ ਭਾਈ ਦਪਿੰਦਰ ਸਿੰਘ ਅਤੇ ਭਾਈ ਪ੍ਰਮਜੀਤ ਸਿੰਘ ਟਿਪਟਨ ਵਾਲਿਆਂ ਨਾਲ ਗੱਲ ਕਰ ਸਕਦੇ ਹੋ।

ਅਸੀਂ ਸਾਰੀਆਂ ਸਿੱਖ ਜਥੇਬੰਦੀਆਂ, ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਅੱਠੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਨੂੰ ਸਬੂਤਾਂ ਸਮੇਤ ਅਪੀਲ ਕਰਾਂਗੇ, ਜਿੰਨਾ ਵੀ ਜਲਦੀ ਹੋ ਕੇ, ਇਸ ਸੁਰਿੰਦਰ ਸਿੰਘ ਉਰਫ ਫੌਜਾ ਸਿਹੁ ਨੂੰ ਪੇਸ਼ ਹੋਣ ਵਾਸਤੇ ਕਿਹਾ ਜਾਵੇ। ਸਾਰੇ ਪ੍ਰਮੁਖ ਸਿੱਖਾਂ ਨੂੰ ਖ਼ਾਸ ਤੌਰ 'ਤੇ ਇੰਡੀਆ ਤੋਂ, ਇਸ ਦੀ ਹਮਾਇਤ ਕਰਨ ਦੀ ਕੋਸ਼ਿਸ਼ ਨਾ ਕਰਨ, ਨਾ ਹੀ ਯੂ.ਕੇ. ਸਿੰਘਾਂ ਨੂੰ ਫੌਜਾ ਸਿਹੁ ਦੇ ਕੇਸ ਨੂੰ ਰਫਾ ਦਫ਼ਾ ਕਰਨ ਵਾਸਤੇ ਫੋਨ ਕਰਨ।

ਸਾਡੀ ਭਾਵਨਾ ਕਿਸੇ ਵੀ ਸ਼ਖ਼ਸ ਭਾਵੇਂ ਉਹ ਇਸ ਦੀ ਲਪੇਟ ਵਿੱਚ ਆਇਆ ਜਾਂ ਉਸ ਨੇ ਇਸ ਕੋਲੋਂ ਅਣਜਾਣੇ ਵਿੱਚ ਲੁੱਟ ਕਰਾਈ, ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਟਾਰਗਿਟ ਕਰਨ ਦੀ ਨਹੀਂ ਹੈ। ਅਸੀਂ ਜੋ ਸੱਚ ਸੀ ਤੁਹਾਡੇ ਸਾਹਮਣੇ ਲਿਆਂਦਾ। ਇਸ ਨਾਲ ਕਈਆਂ ਦੇ ਦਿਲ ਦੁਖੀ ਹੋਣਗੇ। ਕਈ ਸਿੱਖੀ ਤੋਂ ਪਰੇ ਹੋਣ ਬਾਰੇ ਸੋਚਦੇ ਹੋਣਗੇ।

ਇਸ ਵਿੱਚ ਤੁਹਾਡਾ ਜਾਂ ਸਾਡਾ ਕਸੂਰ ਨਹੀਂ। ਇਹ ਤਾਂ ਉਸ ਭੇਖੀ ਫੌਜਾ ਸਿਹੁ ਦਾ ਦੋਸ਼ ਹੈ।ਆਪ ਸਾਰੇ ਗੁਰੂ ਸਾਹਿਬ ਨਾਲ ਜੁੜੇ ਰਹਿਣਾ, ਸਤਿਗੁਰਾਂ ਦੀ ਸੰਗਤ ਕਰਦੇ ਰਹਿਣਾ ਬਹੁਤ ਬਹੁਤ ਧੰਨਵਾਦ ਜੀ। ਸੁਭਾਨਾ ਪਿੰਡ ਨੇੜੇ ਗੜ੍ਹਾ ਜਲੰਧਰ ਦੇ ਵਸਨੀਕਾਂ ਨੇ ਵੀ ਸਾਂਝੀ ਮੀਟਿੰਗ ਕਰਕੇ ਇਸ ਸਾਧ ਦਾ ਪਿੰਡ ਵਿਚ ਆਉਣਾ ਬੰਦ ਕਰ ਦਿੱਤਾ ਹੈ।

***

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਪ੍ਰਚਾਰ ਯਾਤਰਾਵਾਂ

ਕਰਦੇ ਨਜ਼ਰ ਆਉਂਦੇ ਹਨ ਜਿਵੇਂ ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਛੱਪੜ ਸਾਫ਼ ਕਰਵਾਉਣ ਤੇ ਖੂਹ ਲਵਾਉਣ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਪਾਣੀ ਦੀ ਪੂਰਤੀ ਲਈ ਖੂਹ ਲਗਵਾਉਣਾ ਵੱਡਾ ਕੰਮ ਸੀ। ਆਮ ਲੋਕਾਂ ਲਈ ਪਾਣੀ ਦੀ ਪੂਰਤੀ ਇਨ੍ਹਾਂ ਖੂਹਾਂ ਤੋਂ ਹੀ ਹੁੰਦੀ ਸੀ। ਇਸ ਲਈ ਜਿਹੜੇ ਪਿੰਡ 'ਚ ਜਿਹੜਾ ਵੀ ਵਿਅਕਤੀ ਖੂਹ ਲਗਵਾਉਣ ਦੀ ਇੱਛਾ ਰੱਖਦਾ ਸੀ, ਗੁਰੂ ਜੀ ਉਸ ਨੂੰ ਉਤਸ਼ਾਹ ਤੇ ਪ੍ਰੇਰਨਾ ਬਖ਼ਸ਼ਦੇ ਸਨ। ਨਵੇਂ ਖੂਹ ਲਗਵਾਉਣ ਦੇ ਨਾਲ-ਨਾਲ ਪੁਰਾਤਨ ਖੂਹਾਂ ਦੇ ਪਾਣੀ ਨੂੰ ਵਰਤੋਂ ਯੋਗ ਬਣਾਉਣ ਵਿਚ ਗੁਰੂ ਜੀ ਦਾ ਵਿਸ਼ੇਸ਼ ਯੋਗਦਾਨ ਸੀ।

ਗੁਰੂ ਜੀ ਦੀਆਂ ਜੀਵਨ ਯਾਤਰਾਵਾਂ 'ਚੋਂ ਮਾਫ਼ ਕਰਨ ਦਾ ਗੁਣ ਬਹੁਤ ਉੱਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿਸੇ ਪਿੰਡ 'ਚ ਗੁਰੂ ਜੀ ਦਾ ਸਤਿਕਾਰ ਨਾ ਹੁੰਦਾ ਜਾਂ ਹਉਮੈ ਵੱਸ ਕੋਈ ਨਿਰਾਦਰ ਕਰ ਦਿੰਦਾ ਤਾਂ ਉਹ ਕਿਸੇ ਨੂੰ ਕੁਝ ਕਹੇ ਬਗ਼ੈਰ ਅੱਗੇ ਚਲੇ ਜਾਂਦੇ। ਜਦੋਂ ਪਿੰਡ ਵਾਸੀਆਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਗੁਰੂ ਜੀ ਤੋਂ ਮਾਫ਼ੀ ਮੰਗਣ ਲਈ ਉਨ੍ਹਾਂ ਦੇ ਪਿਛੇ ਅਗਲੇ ਪਿੰਡ ਚਲੇ ਜਾਂਦੇ। ਪਿੰਡ ਵਾਸੀਆਂ ਨੂੰ ਉਨ੍ਹਾਂ ਦੀ ਗ਼ਲਤੀ ਦਾ ਅਹਿਸਾਸ ਹੋਇਆ ਦੇਖ ਕੇ ਗੁਰੂ ਜੀ ਉਨ੍ਹਾਂ ਨੂੰ ਮਾਫ਼ ਕਰ ਦਿੰਦੇ।ਗੁਰੂ ਨੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਸ਼ਾਂਤੀ, ਸਾਂਝ, ਸਦਭਾਵਨਾ, ਸੇਵਾ ਅਤੇ ਸਰਬੱਤ ਦੇ ਭਲੇ ਵਾਲਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਮਨੁੱਖ ਦੇ ਬਣਾਏ ਧਰਮ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਦਇਆ, ਅਮਨ ਅਤੇ ਅਖੰਡਤਾ ਦੇ ਰਸਤੇ ਉੱਪਰ ਤੁਰਨ ਦਾ ਸੰਦੇਸ਼ ਦਿੱਤਾ।

ਗੁਰੂ ਜੀ ਅਨੰਦਪੁਰ ਸਾਹਿਬ ਤੋਂ ਕੀਰਤਪੁਰ, ਭਰਤਪੁਰ, ਘਨੌਲੀ, ਰੋਪੜ, ਭੱਠਾ ਸਾਹਿਬ, ਮੋਰਿੰਡਾ, ਟਹਿਲਪੁਰਾ, ਸਰਹਿੰਦ, ਹਰਪਾਲਪੁਰ, ਆਕੜ, ਨਥਾਣਾ, ਮਕਾਰੋਂਪੁਰ, ਅਨੰਦਪੁਰ, ਉਗਾਣੀ, ਧਰਮਗੜ੍ਹ, ਮੰਗਵਾਲ, ਉਡਨੀ, ਮਨੀਮਾਜਰਾ, ਹਸਨਪੁਰ, ਲੰਘ, ਭਗੜਾਣਾ, ਨੌਲਖਾ, ਸੈਫ਼ਾਬਾਦ, ਧਰਮਗੜ੍ਹ, ਨਰੜੂ, ਮੋਤੀਬਾਗ਼ ਪਟਿਆਲਾ, ਸੀਂਭੜੋਂ, ਅਗੌਲ, ਰੋਹਟਾ, ਰਾਮਗੜ੍ਹ, ਗੁਣੀਕੇ, ਦੋਦੜਾ, ਆਲੋਰਖ, ਭਵਾਨੀਗੜ੍ਹ, ਫੋਕੇ, ਫਗੁਵਾਲਾ, ਨਾਗਰਾ, ਕਰਹਾਲੀ, ਦਿੜ੍ਹਬਾ, ਘਨੌੜ ਜੱਟਾਂ, ਬਾਉੜ ਹਾਈ, ਰਾਜੋਮਾਜਰਾ, ਮੂਲੋਵਾਲ, ਸੇਖਾ, ਕਟੂ, ਫਰਵਾਹੀ, ਹੰਢਿਆਇਆ, ਗੁਰੂਸਰ, ਧੌਲਾ, ਜੋਗਾ ਅਲੀਸ਼ੇਰ, ਜੋਧੋਕੇ, ਭੰਦੇਰ, ਭੋਪਾਲੀ, ਮੌੜ ਕਲਾਂ, ਭੈਣੀ ਬਾਘੇ ਕੀ, ਖ਼ੁੰਮਣ ਸਾਬੋ ਕੇ ਮੌੜ, ਡਿੱਖ, ਕੁੱਬੇ, ਟਾਹਲਾ ਸਾਹਿਬ, ਕੋਟ ਗੁਰੂ, ਬਾਜਕ, ਜੱਸੀ, ਤਲਵੰਡੀ ਸਾਬੋ ਕੀ, ਮਾਈਸਰਖਾਨਾ, ਬਠਿੰਡਾ, ਖੀਵਾ ਕਲਾਂ, ਸਮਾਓਂ, ਭੀਖੀ, ਦਲੇਓ, ਕਣਕਵਾਲ ਕਲਾਂ, ਕੋਟ ਧਰਮੂ, ਸੁਲੀਸਰ, ਬਰਾ ਬਛੋਆਣਾ, ਗੋਬਿੰਦਗੜ੍ਹ, ਗੰਢੂ, ਗਾਗਾ ਮੂਣਕ, ਗੁਰਨੇ ਕਲਾਂ, ਲੱਲ੍ਹ ਕਲਾਂ, ਸ਼ਾਹਪੁਰ ਤੋਂ ਹੁੰਦੇ ਹੋਏ ਧਮਤਾਨ ਪੁੱਜੇ ਜਿੱਥੇ ਆਪ ਜੀ ਨੂੰ ਕੈਦ ਕੀਤਾ ਗਿਆ।

**

## 'ਸਰਬਤ ਦੇ ਭਲੇ' ਵਾਲੀ ਹਲੇਮੀ ਬਾਦਸ਼ਾਹਤ

ਨੂੰ 18 ਸੇਰ ਦਾ ਖੰਡਾ ਫੜ ਮਾਲਵੇ ਦੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਦੀ ਧਰਤੀ ਤੋਂ ਸ੍ਰੀ ਰਾਮਦਾਸ ਪਾਤਸ਼ਾਹ ਦੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਅਜਮਤ ਲਈ ਸੀਸ ਤਲੀ 'ਤੇ ਧਰ ਕੇ ਲੜਨ ਦੇ ਯੋਗ ਬਣਾ ਦਿੰਦੀ ਹੈ, ਇਹ ਹੀ ਪਵਿੱਤਰ ਭਾਵਨਾ ਅਕਾਲੀ ਫੂਲਾ ਸਿੰਘ ਵਰਗੇ ਬੁੱਢੇ ਸ਼ੇਰ ਨੂੰ ਹਲੇਮੀ ਰਾਜ ਦੀ ਰਾਖੀ ਲਈ ਕੁਰਬਾਨ ਕਰ ਦਿੰਦੀ ਹੈ ਅਤੇ ਇਹ ਹੀ ਭਾਵਨਾ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਬਾਬਾ ਏ ਕੌਮ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਦੀ ਉਪਾਧੀ ਤੱਕ ਪਹੁੰਚਾ ਦਿੰਦੀ ਹੈ। ਇਹ ਹੀ ਭਾਵਨਾ ਸੁੱਖੇ ਜਿੰਦੇ ਬਣ ਫਾਂਸੀ ਚੜ੍ਹਦੀ ਹੈ ਅਤੇ ਇਹ ਹੀ ਭਾਵਨਾ ਕੇਹਰ ਸਿੰਘ, ਬੇਅੰਤ ਸਿੰਘ, ਸਤਵੰਤ ਸਿੰਘ ਨੂੰ ਦਿੱਲੀ ਦਰਬਾਰ ਦੇ ਰਾਖਿਆਂ ਤੋਂ ਬਾਗੀ ਬਣਾ ਕੇ ਕੌਮੀ ਸ਼ਹੀਦ ਦਾ ਰੁਤਬਾ ਦਿਵਾ ਦਿੰਦੀ ਹੈ। ਭਾਵ ਕਿ ਇਹ ਅਵਸਥਾ ਜੀਵਨ ਅਤੇ ਮੌਤ ਨੂੰ ਇੱਕ ਸਮਾਨ ਕਰ ਸ਼ਹਾਦਤ ਦੇ ਪੁਜਾਰੀ ਬਣਾ ਦਿੰਦੀ ਹੈ। ਇਸ ਅਵਸਥਾ ਵਿੱਚ ਪਹੁੰਚਿਆ ਵਿਅਕਤੀ ਕੌਮੀ ਲੜਾਈ ਅੰਦਰ ਸ਼ਹਾਦਤ ਦੇ ਬਹਾਨੇ ਲੱਭਣ ਲੱਗਦਾ ਹੈ। ਭਾਵੇਂ ਇਹ ਵੀ ਸੱਚ ਹੈ ਕਿ ਨਾ ਤਾਂ ਇਸ ਅਵਸਥਾ ਤੱਕ ਹਰ ਕੋਈ ਸੌਖਿਆਂ ਪਹੁੰਚ ਸਕਦਾ ਹੈ ਅਤੇ ਨਾ ਹੀ ਇਸ ਅਵਸਥਾ ਤੇ ਟਿਕੇ ਰਹਿ ਸਕਦਾ ਹੈ। ਇਹ ਵੀ ਕਿਸੇ ਵਿਰਲੇ ਦੇ ਨਸੀਬ ਵਿੱਚ ਹੀ ਹੁੰਦਾ ਹੈ, ਪਰ ਇਹ ਵੀ ਜਾਹਰਾ ਸੱਚ ਹੈ ਕਿ ਸਿੱਖੀ ਵਿੱਚ ਅਜਿਹੀ ਭਾਵਨਾ ਬਹੁਤਾਤ ਵਿੱਚ ਦੇਖੀ ਪਰਖੀ ਗਈ ਹੈ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਅਤੇ ਉਸ ਤੋਂ ਬਾਅਦ ਉੱਠੀ ਹਥਿਆਰਬੰਦ ਸਿੱਖ ਲਹਿਰ ਦੇ ਅਦੁੱਤੀ ਕਾਰਨਾਮੇ ਸਿੱਖ ਇਤਿਹਾਸ ਦੇ

ਸੁਨਹਿਰੀ ਪੱਤਰੇ ਬਣ ਚੁੱਕੇ ਹਨ। ਮੌਜੂਦਾ ਦੌਰ ਵਿਚ ਅੰਮ੍ਰਿਤਪਾਲ ਸਿੰਘ ਦੀ ਆਮਦ ਨੂੰ ਸਿੱਖ ਜੁਆਨੀ ਨੇ ਜੀਉ ਆਇਆਂ ਕਿਹਾ ਹੈ, ਕਿਉਂਕਿ ਉਨ੍ਹਾਂ ਨੂੰ ਜਾਪਦਾ ਹੈ ਕਿ ਅੰਮ੍ਰਿਤਪਾਲ ਸਿੰਘ ਸਿੱਖ ਜਜ਼ਬਿਆਂ ਦੀ ਤਰਜਮਾਨੀ ਕਰਦਾ ਹੈ। ਸਿੱਖ ਕੌਮ ਦੀ ਤਰਾਸਦੀ ਹੈ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਵਿਚੋਂ ਕੱਢ ਕੇ ਗੁਰੂ ਨਾਲ ਜੋੜਨ ਦੇ ਪਵਿੱਤਰ ਕਾਰਜ ਦਾ ਵਿਰੋਧ ਕੋਈ ਹੋਰ ਨਹੀਂ ਬਲਕਿ ਸਿੱਖਾਂ ਦੇ ਉਸ ਵੱਡੇ ਹਿੱਸੇ ਵੱਲੋਂ ਕੀਤਾ ਜਾ ਰਿਹਾ ਹੈ, ਜਿਹੜੇ ਨਿੱਜੀ ਲੋਭ ਲਾਲਸਾ ਅਧੀਨ ਦਿੱਲੀ ਦਰਬਾਰ ਦੇ ਜੀਅ ਹਜ਼ੂਰੀਏ ਬਣੇ ਹੋਏ ਹਨ।ਮਨੁੱਖੀ ਕਦਰਾਂ ਕੀਮਤਾਂ ਤੋਂ ਮਨਫ਼ੀ ਹੋ ਚੁੱਕੀ ਸੋਚ ਵਾਲੀ ਸਿੱਖ ਜੁਆਨੀ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਆਮਦ ਨੇ ਮੁੜ ਸਿੱਖ ਵਿਚਾਰਧਾਰਾ ਦੀ ਪਾਣ ਦੇ ਕੇ ਜਿਉਂਦਾ ਕੀਤਾ ਹੈ। ਸੋ, ਆਸ ਅਤੇ ਅਰਦਾਸ ਕਰਨੀ ਬਣਦੀ ਹੈ ਕਿ ਅਕਾਲ ਪੁਰਖ ਸਿੱਖ ਜੁਆਨੀ ਦੇ ਜਜ਼ਬਿਆਂ ਨੂੰ ਪਵਿੱਤਰਤਾ ਬਖ਼ਸ਼ੇ।

## ਕਾਰਪੋਰੇਟ ਅਦਾਰਿਆਂ ਵਲੋਂ

ਨਿਭਾਉਣ ਦਾ ਦੌਰ ਖ਼ਤਮ ਹੋ ਗਿਆ ਹੈ; ਹੁਣ ਇੰਟਰਨੈਟ ਅਤੇ ਗਿਆਨ-ਖੇਤਰ ਵਿਚ ਕੰਮ ਕਰ ਰਹੇ ਕਾਮਿਆਂ ਦਾ ਇਹ 'ਸਮੂਹ' ਸਮਾਜ ਬਦਲਣ ਵਿਚ ਅਹਿਮ ਭੂਮਿਕਾ ਨਿਭਾਏਗਾ। ਅਜਿਹੀ ਭਵਿੱਖਬਾਣੀ ਨਾਲ ਗਿਆਨ-ਖੇਤਰ ਦੇ ਕਾਮਿਆਂ ਦੁਆਰਾ ਸਮਾਜ ਵਿਚ ਤਬਦੀਲੀਆਂ ਲਿਆਉਣ ਵਾਲੀ ਭੂਮਿਕਾ ਨਿਭਾਉਣ ਬਾਰੇ ਆਸ ਤਾਂ ਬੱਝਦੀ ਹੈ ਪਰ ਇਹ ਆਉਣ ਵਾਲੇ ਦਿਨ ਹੀ ਦੱਸਣਗੇ ਕਿ ਇਹ ਕਾਮੇ ਕਿਸੇ ਜਥੇਬੰਦ ਢੰਗ ਨਾਲ ਆਪਣੇ 'ਤੇ ਹੋ ਰਹੇ ਹਮਲਿਆਂ ਦਾ ਸਾਹਮਣਾ ਕਰ ਸਕਦੇ ਹਨ ਜਾਂ ਨਹੀਂ।

***

## ਕਿਸਾਨ ਅੰਦੋਲਨ ਦੀਆਂ ਪੰਜ ਨਾਇਕ

ਜਵਾਨੀ ਕੀ ਚੀਜ਼ ਹੈ। ਗ੍ਰੈਜੁਏਟ ਨਵਦੀਪ ਸਿੰਘ ਜਿਮ ਟ੍ਰੇਨਰ ਦੇ ਤੌਰ ਉੱਤੇ ਵੀ ਕੰਮ ਕਰ ਚੁੱਕੇ ਹਨ। ਖੇਤੀਬਾੜੀ ਪਰਿਵਾਰ ਤੋਂ ਤਾਲੁਕ ਰੱਖਣ ਵਾਲੇ ਨਵਦੀਪ ਦੱਸਦੇ ਕਿ ਸੰਯੁਕਤ ਕਿਸਾਨ ਮੋਰਚੇ ਦੀ ਕਾਲ ਤੋਂ ਬਾਅਦ ਹੀ ਉਨ੍ਹਾਂ ਕਿਸਾਨ ਅੰਦੋਲਨ ਵਿੱਚ ਸ਼ਿਰਕਤ ਕਰਨ ਦਾ ਫ਼ੈਸਲਾ ਲਿਆ।ਉਨ੍ਹਾਂ ਦੇ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਘਰ ਅਤੇ ਖੇਤੀ ਦੇ ਕੰਮ ਵਿੱਚ ਪਿੰਡ ਵਾਲਿਆਂ ਦਾ ਸਹਿਯੋਗ ਮਿਲਦਾ ਰਿਹਾ ਅਤੇ ਇਹ ਸਾਰਾ ਕੰਮ ਨਵਦੀਪ ਦੀ ਮਾਂ ਸਾਂਭਦੇ ਰਹੇ।

ਜ਼ਿਲ੍ਹਾ ਬਠਿੰਡਾ ਅਧੀਨ ਪੈਂਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਵਸਨੀਕ ਬੇਬੇ ਮਹਿੰਦਰ ਕੌਰ ਕਿਸਾਨ ਸੰਘਰਸ਼ ਦਾ ਚਰਚਿਤ ਚਿਹਰਾ ਹਨ।ਉਹ ਉਸ ਵੇਲੇ ਚਰਚਾ ਵਿੱਚ ਆਏ ਜਦੋਂ ਫ਼ਿਲਮ ਅਦਾਕਾਰਾ ਕੰਗਨਾ ਰਨੌਤ ਨੇ ਉਨ੍ਹਾਂ ਦੀ ਫੋਟੋ ਟਵੀਟ ਕਰਕੇ ਲਿਖਿਆ ਕਿ ਇਹ ਦਾਦੀ ਪਹਿਲਾਂ ਸ਼ਾਹੀਨ ਬਾਗ਼ ਦੇ ਧਰਨੇ ਵਿੱਚ ਸੀ ਅਤੇ ਹੁਣ ਕਿਸਾਨ ਧਰਨੇ ਵਿਚ।ਕੰਗਨਾ ਰਨੌਤ ਨੇ ਟਵੀਟ ਵਿੱਚ ਮਹਿੰਦਰ ਕੌਰ ਬਾਰੇ ਲਿਖਿਆ ਸੀ ਕਿ ਉਹ 100 ਰੁਪਏ ਦਿਹਾੜੀ ਉੱਤੇ ਕਿਸਾਨੀ ਧਰਨੇ ਵਿੱਚ ਸ਼ਾਮਲ ਹੋਏ ਹਨ। ਭਾਵੇਂ ਹੀ ਬਾਅਦ ਵਿੱਚ ਉਨ੍ਹਾਂ ਨੇ ਇਹ ਟਵੀਟ ਡਿਲੀਟ ਕਰ ਦਿੱਤਾ ਸੀ। ਪਰ ਬੇਬੇ ਮਹਿੰਦਰ ਕੌਰ ਨੇ ਇਸ ਉੱਤੇ ਸਖ਼ਤ ਇਤਰਾਜ਼ ਜਤਾਇਆ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਦੀ ਪੂਰੀ ਜ਼ਿੰਦਗੀ ਹੀ ਖੇਤੀਬਾੜੀ ਵਿੱਚ ਨਿਕਲੀ ਹੈ ਤੇ ਕਿਸਾਨ ਹੋਣ ਦੇ ਨਾਤੇ ਮੁਜ਼ਾਹਰਿਆਂ ਵਿੱਚ ਹਿੱਸਾ ਲੈ ਰਹੇ ਸਨ।

ਮਹਿੰਦਰ ਕੌਰ ਦੇ ਨਾਲ ਦੀਆਂ ਬੀਬੀਆਂ ਨੇ ਕੰਗਨਾ ਨੂੰ 1000 ਰੁਪਏ ਦਿਹਾੜੀ ਉੱਤੇ ਆ ਕੇ ਧਰਨੇ ਉੱਤੇ ਬੈਠਣ ਲਈ ਕਿਹਾ ਸੀ।ਬੇਬੇ ਮਹਿੰਦਰ ਕੌਰ ਨੇ ਬਾਅਦ ਵਿੱਚ ਕੰਗਨਾ ਰਨੌਤ ਨੂੰ ਪਦਮਸ਼੍ਰੀ ਦਿੱਤੇ ਜਾਣ ਉੱਪਰ ਵੀ ਸਵਾਲ ਚੁੱਕਿਆ ਸੀ।

ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਸੰਗੋਜਲਾ ਦੇ 60 ਸਾਲਾ ਕਿਸਾਨ ਸੁਖਦੇਵ ਸਿੰਘ ਦੀ ਕਿਸਾਨ ਅੰਦੋਲਨ ਦੌਰਾਨ ਡਾਂਗਾਂ ਵਾਲੀ ਤਸਵੀਰ ਕਾਫੀ ਵਾਇਰਲ ਹੋਈ ਸੀ। ਉਨ੍ਹਾਂ ਨੂੰ ਹੁਣ ਤੱਕ ਪਿੰਡ ਵਿੱਚ 'ਡਾਂਗਾਂ ਵਾਲਾ ਬਾਬਾ' ਕਹਿ ਕੇ ਬੁਲਾਇਆ ਜਾਂਦਾ ਹੈ। 27 ਨਵੰਬਰ 2020 ਨੂੰ ਜਦੋਂ ਕਿਸਾਨਾਂ ਨੇ ਦਿੱਲੀ ਬਾਰਡਰਾਂ ਉੱਤੇ ਐਂਟਰੀ ਕੀਤੀ ਤਾਂ ਪੁਲਿਸ ਵੱਲੋਂ ਕਿਸਾਨਾਂ ਉੱਤੇ ਖਾਸੀ ਕਾਰਵਾਈ ਕੀਤੀ ਗਈ। ਸੁਖਦੇਵ ਸਿੰਘ ਦੇ ਦੱਸਣ ਮੁਤਾਬਕ ਉਸ ਦਿਨ ਉਨ੍ਹਾਂ ਉੱਤੇ ਹੰਝੂ ਗੈਸ ਦੇ ਗੋਲੇ ਛੱਡੇ ਗਏ ਜਿਸ ਕਾਰਨ ਉੱਥੇ ਤਾਇਨਾਤ ਫੋਰਸਾਂ ਵਾਲੇ ਪਾਸੇ ਚਲੇ ਗਏ ਜਿੱਥੇ ਉਨ੍ਹਾਂ ਨੂੰ ਡਾਂਗਾਂ ਪਈਆਂ। ਉਹ ਦੱਸਦੇ ਹਨ ਕਿ ਜਦੋਂ ਸਿੰਘੂ ਬਾਰਡਰ ਉੱਤੇ ਉਨ੍ਹਾਂ ਅਤੇ ਹੋਰਨਾਂ ਕਿਸਾਨਾਂ ਨੂੰ ਡਾਂਗਾਂ ਪੈ ਰਹੀਆਂ ਸਨ ਤਾਂ ਉੱਥੇ ਖੜ੍ਹੇ ਫੋਟੋਗ੍ਰਾਫਰ ਨੇ ਉਨ੍ਹਾਂ ਦੀ ਤਸਵੀਰ ਖਿੱਚ ਲਈ ਜੋ ਵਾਇਰਲ ਹੋ ਗਈ। ਸੁਖਦੇਵ ਸਿੰਘ ਉਸ ਦਿਨ ਅਤੇ ਉਸ ਤੋਂ ਬਾਅਦ ਦਾ ਘਟਨਾਕ੍ਰਮ ਬਿਆਨ ਕਰਦਿਆਂ ਕਹਿੰਦੇ ਹਨ, 'ਕਿਸਾਨ ਅੰਦੋਲਨ ਦੌਰਾਨ ਪਈਆਂ ਡਾਂਗਾਂ ਨੇ ਮੈਨੂੰ ਮਸ਼ਹੂਰ ਕਰ ਦਿੱਤਾ।' ਸੁਖਦੇਵ ਸਿੰਘ ਆਰਥਿਕ ਪੱਖੋਂ ਸਾਧਾਰਨ ਪਰਿਵਾਰ ਤੋਂ ਹੀ ਆਉਂਦੇ ਹਨ। ਉਨ੍ਹਾਂ ਦੇ ਉੱਪਰ ਕਰਜ਼ਾ ਚੁਕਾਉਣ ਦਾ ਵੀ ਬੋਝ ਹੈ।

ਸਿੰਘੂ ਬਾਰਡਰ ਵਿਖੇ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਸੁਖਦੇਵ ਕਹਿੰਦੇ ਹਨ ਕਿ ਉਨ੍ਹਾਂ ਨੇ ਹਨੇਰੀਆਂ, ਠੰਢ, ਗਰਮੀ ਸਭ ਕੁਝ ਝੱਲਿਆ ਹੈ ਅਤੇ ਹਨੇਰੀ ਨਾਲ ਉਨ੍ਹਾਂ ਦੇ ਤੰਬੂ ਤੱਕ ਉੱਡ ਜਾਂਦੇ ਸਨ ਅਤੇ ਫ਼ਿਰ ਉਹ ਤੰਬੂ ਬਣਾ ਲੈਂਦੇ ਸਨ।ਸੁਖਦੇਵ ਸਿੰਘ ਅੱਗੇ ਇਹ ਵੀ ਦੱਸਦੇ ਹਨ ਕਿ ਉਸ ਵੇਲੇ ਜੋਸ਼ ਹੀ ਐਨਾ ਸੀ ਕਿ ਡਾਂਗ ਦਾ ਡਰ ਹੀ ਨਹੀਂ ਸੀ ਲੱਗਦਾ ਅਤੇ ਉਸ ਵੇਲੇ 4-5 ਬੈਰੀਕੇਡ ਵੀ ਤੋੜੇ।

26 ਜਨਵਰੀ ਦੀ ਟਰੈਕਟਰ ਪਰੇਡ ਦੌਰਾਨ ਇੱਕ ਤਸਵੀਰ ਕਾਫੀ ਵਾਇਰਲ ਹੋਈ। ਜਿਸ ਵਿੱਚ ਇੱਕ ਸ਼ਖ਼ਸ ਬੁਰੀ ਹਾਲਤ ਵਿੱਚ ਜ਼ਖ਼ਮੀ ਨਜ਼ਰ ਆ ਰਿਹਾ ਹੈ ਤੇ ਸ਼ੇਰ ਵਾਂਗ ਦਹਾੜ ਰਿਹਾ ਹੈ। ਇਹ ਸ਼ਖ਼ਸ ਬਰਨਾਲਾ ਜ਼ਿਲ੍ਹੇ ਦੇ ਪਿੰਡ ਪੰਧੇਰ ਦਾ ਰਹਿਣ ਵਾਲਾ ਜੱਗੀ ਪੰਧੇਰ ਹੈ। ਉਸ ਵੇਲੇ ਜੱਗੀ ਪੰਧੇਰ ਨਾਲ ਮੌਜੂਦ ਇੱਕ ਸ਼ਖ਼ਸ ਨੇ ਦੱਸਿਆ ਕਿ ਜੱਗੀ ਪੰਧੇਰ ਸਮੇਤ ਕੁਝ ਲੋਕ ਦੋ ਟਰੈਕਟਰਾਂ ਉੱਤੇ ਨਾਗਲੋਈ ਸਟੇਸ਼ਨ ਵੱਲ ਜਾ ਰਹੇ ਸਨ ਜਿੱਥੇ ਪੁਲਿਸ ਨੇ ਬੈਰੀਕੇਡਿੰਗ ਕੀਤੀ ਹੋਈ ਸੀ। ਉਸ ਦੌਰਾਨ ਉੱਤੇ ਭਗਦੜ ਮਚ ਗਈ ਤੇ ਪੁਲਿਸ ਨੇ ਜੱਗੀ ਪੰਧੇਰ ਨੂੰ ਖਿੱਚ ਲਿਆ ਤੇ ਉਸ ਦੀ ਕੁੱਟਮਾਰ ਕੀਤੀ ਗਈ। ਜਗਸੀਰ ਸਿੰਘੂ ਬਾਰਡਰ 'ਤੇ ਪ੍ਰਦਰਸ਼ਨਕਾਰੀਆਂ ਲਈ ਲੰਗਰ ਦੀ ਸੇਵਾ ਲਈ ਗਏ ਹੋਏ ਸਨ।

ਹਿੰਸਾ ਦੌਰਾਨ ਉਨ੍ਹਾਂ ਦੀ ਦਸਤਾਰ ਲਹਿ ਗਈ ਸੀ ਜਿਸ ਲਈ ਉਨ੍ਹਾਂ ਸੰਘਰਸ਼ ਕੀਤਾ ਸੀ। ਇਹੀ ਉਹ ਤਸਵੀਰ ਸੀ ਜੋ ਵਾਇਰਲ ਹੋ ਗਈ। ਬਰਨਾਲਾ ਦੇ ਜਗਸੀਰ ਸਿੰਘ 26 ਜਨਵਰੀ 2021 ਦੇ ਲਾਲ ਕਿਲੇ ਦੀ ਘਟਨਾ ਮਗਰੋਂ ਸਿੰਘੂ 'ਤੇ ਵਾਪਰੀ ਹਿੰਸਾ ਮਗਰੋਂ ਚਰਚਾ ਵਿੱਚ ਆਏ ਸਨ। ਬਰਨਾਲਾ ਦੇ ਪੰਧੇਰ ਪਿੰਡ ਦੇ ਜਗਸੀਰ ਸਿੰਘ ਨੂੰ ਜੱਗੀ ਪੰਧੇਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਜੱਗੀ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਸਨ। ਜਗਸੀਰ ਸਿੰਘ ਨੂੰ ਸਿੱਖਾਂ ਨੇ ਘਰ ਵੀ ਬਣਵਾ ਕੇ ਦਿੱਤਾ ਸੀ। ਪਿੰਡ ਦੀ ਪੰਚਾਇਤ ਵੱਲੋਂ ਜ਼ਮੀਨ ਦਿੱਤੀ ਗਈ ਸੀ।

***

## ਮਨੁੱਖੀ ਅਧਿਕਾਰਾਂ ਦੇ ਰਾਖੇ

ਇੱਥੇ ਮਹਾਂਕਵੀ ਸੰਤੋਖ ਸਿੰਘ ਦੀ ਇਕ ਇਤਿਹਾਸਕ ਰਚਨਾ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਰਚਨਾ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਵੰਨ-ਸੁਵੰਨਤਾ ਤੇ ਵਿਭਿੰਨਤਾ ਦੀ ਪੈਰਵੀ ਕਰਦਿਆਂ, ਵੇਲੇ ਦੇ ਹੁਕਮਰਾਨਾ ਨੂੰ ਤਾੜਨਾ ਕੀਤੀ ਸੀ ਅਤੇ ਕਿਹਾ ਸੀ ਕਿ ਧਰਤੀ 'ਤੇ ਸੱਤਾਧਾਰੀ ਰਾਜੇ-ਮਹਾਰਾਜੇ ਬਹੁਤ ਹੋਏ ਹਨ ਪਰ ਜਿਹੜੇ ਸੱਤਾਧਾਰੀ ਹੁਕਮਰਾਨ ਹੰਕਾਰ ਵਿਚ ਆ ਕੇ ਜ਼ੁਲਮ ਕਰਦੇ ਹਨ, ਉਹ ਆਪਣੇ ਮੂਲ ਸਮੇਤ ਫਨਾਹ ਹੋ ਜਾਂਦੇ ਹਨ। ਸਾਰੀ ਖ਼ਲਕਤ ਉਸ ਖ਼ਾਲਕ ਦੀ ਹੈ ਅਤੇ ਇਸ ਖ਼ਲਕਤ ਵਿਚ ਵਸਦੇ ਲੋਕਾਂ ਨੂੰ ਆਪਣਾ-ਆਪਣਾ ਧਰਮ ਪਿਆਰਾ ਹੁੰਦਾ ਹੈ। ਪਰੰਪਰਾ ਦੀ ਇਹ ਰੀਤ ਮਹਾਨ ਹੈ ਅਤੇ ਕੋਈ ਇਸ ਰੀਤ ਨੂੰ ਹਾਨੀ ਨਹੀਂ ਪਹੁੰਚਾ ਸਕਦਾ, ਜਿਸ ਪਰਮਾਤਮਾ ਦੀ ਇਹ ਖ਼ਲਕਤ ਹੈ ਉਹੀ ਉਨ੍ਹਾਂ ਦਾ ਰੱਖਿਅਕ ਹੈ। ਕਿਸੇ ਵਿਚ ਇਸ ਪਰੰਪਰਕ ਰੀਤ ਨੂੰ ਨੁਕਸਾਨ ਪਹੁੰਚਾਉਣ ਦੀ ਸ਼ਕਤੀ ਨਹੀਂ :-

ਸਕਲ ਖ਼ਲਕ ਖ਼ਾਲਿਕ ਕੀ ਗਾਈਏ।
ਇਸ ਮਹਿਂ ਆਪਾ ਨਹੀਂ ਜਨਾਈਏ।
ਅਪਨਿ ਧਰਮ ਸਭਿਹਿਨਿ ਕੋ ਪਯਾਰੋ।
ਸੁਖ ਕਾਂਖੀ ਨਹਿਂ ਤਜਹਿ ਦੁਖਾਰੋ।
ਨਿਜ ਨਿਜ ਧਰਮ ਰਾਖਹੀ ਜੋਇ।
ਉੱਤਮ ਗਤਿ ਸੋ ਪ੍ਰਾਪਤਿ ਹੋਇ।
ਪਰੰਪਰਾ ਕੀ ਰੀਤਿ ਮਹਾਨੀ।
ਕੌਨ ਸਕਹਿ ਇਸ ਕੋ ਕਰਿ ਹਾਨੀ।
ਇਸ ਭੂਤਲ ਪਰ ਭਏ ਘਨੇਰੇ।
ਤੇਜਵੰਤ ਸਮਰੱਥ ਬਡੇਰੇ।
ਗਰਬਤ ਗਮਨਤਿ ਜੋ ਬਿਪਰੀਤ।
ਮੂਲ ਸਮੇਤ ਜਾਤਿ ਸੋ ਬੀਤ।
ਜਿਸ ਪ੍ਰਭੁ ਨੇ ਇਹ ਜੀਵ ਉਪਾਏ।
ਰੱਛਕ ਹੁਇ ਸੋ ਬਨਹਿ ਸਹਾਏ।
ਅਪਰ ਬਿਖੈ ਕਯਾ ਸ਼ਕਤੀ ਅਹੈ।
ਕਰਮ ਕੁਕਰਮ ਕਰਨਿ ਕੋ ਚਹੈ।

ਸਮੁੱਚੇ ਸੰਦਰਭ ਵਿਚ ਇੱਥੇ ਦੋ ਅਹਿਮ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ। ਪਹਿਲਾ, ਪ੍ਰਿੰ. ਸਤਿਬੀਰ ਸਿੰਘ ਮੁਤਾਬਕ ਲਾਲਾ ਦੌਲਤ ਰਾਇ ਆਪਣੀ ਇਕ ਲਿਖਤ ਵਿਚ ਦੱਸਦੇ ਹਨ ਕਿ ਅਸੀਂ ਉਲਟੀ ਗੰਗਾ ਵਹਾਉਣ ਦਾ ਅਖਾਣ ਸੁਣਦੇ ਚਲੇ ਆ ਰਹੇ ਸਾਂ ਪਰ ਅਰਥ ਗੁਰੂ ਤੇਗ ਬਹਾਦਰ ਜੀ ਨੇ ਹੀ ਸਮਝਾਏ ਹਨ।

'ਆਜ ਤਕ ਯਹ ਤੋ ਹੂਆ ਹੈ ਕਿ ਕਾਤਲ ਮਕਤੂਲ ਕੇ ਪਾਸ ਆ ਜਾਏ, ਯਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਆਏ, ਐਸਾ ਕਰ ਕੇ ਗੁਰੂ ਤੇਗ ਬਹਾਦਰ ਜੀ ਨੇ ਉਲਟੀ ਗੰਗਾ ਬਹਾ ਦੀ।' ਗੁਰੂ ਤੇਗ ਬਹਾਦਰ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਦਿੱਲੀ ਚਾਂਦਨੀ ਚੌਕ ਪਹੁੰਚ ਕੇ ਆਪਣੀ ਸ਼ਹਾਦਤ ਦਿੱਤੀ ਸੀ। ਦੂਜੀ ਗੱਲ, ਸਾਰੀ ਦੁਨੀਆ ਖ਼ਾਸ ਤੌਰ 'ਤੇ ਪੱਛਮੀ ਦੁਨੀਆ ਵਿਚ ਜਮਹੂਰੀਅਤ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਇਸੇ ਸੰਦਰਭ ਵਿਚ ਇੰਗਲੈਂਡ ਦੇ ਬਹੁਤ ਵੱਡੇ ਵਿਚਾਰਕ 'ਐਵਿਲਿਨ ਹਾਲ' ਦੇ ਇਕ ਬਿਆਨ ਨੂੰ ਲੋਕਤੰਤਰ ਦੀ ਬੁਨਿਆਦ ਮੰਨਿਆ ਜਾਣ ਲੱਗ ਪਿਆ। ਉਸ ਦਾ ਕਥਨ ਸੀ, 'ਮੈਂ ਤੇਰੇ ਵਿਚਾਰਾਂ ਨਾਲ ਸਹਿਮਤ ਨਹੀਂ, ਪਰ ਤੇਰੇ ਵਿਚਾਰਾਂ ਦੀ ਰਾਖੀ ਲਈ ਮੈਂ ਆਪਣੀ ਜਾਨ ਦੀ ਬਾਜ਼ੀ ਲਾ ਦਿਆਂਗਾ।' ਪਰ ਇੱਥੇ ਇਕ ਇਤਿਹਾਸਕ ਸੱਚਾਈ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਬਹੁਤ ਸਮਾਂ ਪਹਿਲਾਂ ਵਿਚਾਰਾਂ ਦੀ ਅਜ਼ਾਦੀ ਲਈ ਸ਼ਹਾਦਤ ਦੇ ਦਿੱਤੀ ਸੀ। ਤਿਲਕ ਤੇ ਜਨੇਊ ਦੇ ਧਾਰਨੀ ਨਹੀਂ ਸਨ, ਗੁਰੂ ਸਾਹਿਬ। ਪਰ ਜਦੋਂ ਤਿਲਕ ਤੇ ਜਨੇਊ ਉਤਾਰਿਆ ਜਾਣ ਲੱਗਾ ਤਾਂ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦੇ ਕੇ ਤਿਲਕ ਤੇ ਜਨੇਊ ਦੀ ਰੱਖਿਆ ਕੀਤੀ ਸੀ। ਆਖ਼ਿਰ ਵਿਚ, ਗੁਰੂ ਤੇਗ ਬਹਾਦਰ ਸਾਹਿਬ ਦੀ ਇਕ ਰਚਨਾ ਇੱਥੇ ਦਰਜ ਕਰਨਾ ਚਾਹੁੰਦਾ ਹਾਂ। ਇਸ ਰਚਨਾ ਵਿਚ ਮਨੁੱਖ ਨੂੰ ਖਿਨ-ਖਿਨ ਬੀਤਦੇ ਜੀਵਨ ਪ੍ਰਤੀ ਚੇਤੰਨ ਕਰਦਿਆਂ, ਵੈਰਾਗਮਈ ਢੰਗ ਨਾਲ, ਇਕ ਸਦੀਵੀ ਸੰਦੇਸ਼ ਦਿੰਦਿਆਂ ਗੁਰੂ ਸਾਹਿਬ ਫ਼ਰਮਾਉਂਦੇ ਹਨ :-

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ
ਨਿਸਿ ਦਿਨੁ ਸੁਨਿ ਕੈ
ਪੁਰਾਨ ਸਮਝਤ ਨਹ ਰੇ ਅਜਾਨ
ਕਾਲੁ ਤਉ ਪਹੂਚਿਓ ਆਨਿ
ਕਹਾ ਜੈਹੈ ਭਾਜਿ ਰੇਰਹਾਉ
ਅਸਥਿਰੁ ਜੋ ਮਾਨਿਓ ਦੇਹ ਸੋ
ਤਉ ਤੇਰਉ ਹੋਇ ਹੈ ਖੇਹ
ਕਿਉ ਨ ਹਰਿ ਕੋ ਨਾਮੁ ਲੇਹਿ
ਮੂਰਖ ਨਿਲਾਜ ਰੇ
ਰਾਮ ਭਗਤਿ ਹੀਏ ਆਨਿ ਛਾਡਿ
ਦੇ ਤੈ ਮਨ ਕੋ ਮਾਨੁ
ਨਾਨਕ ਜਨ ਇਹ ਬਖਾਨਿ
ਜਗ ਮਹਿ ਬਿਰਾਜੁ ਰੇ।

***

## 'ਗੁਰੂ ਤੇਗ ਬਹਾਦਰ ਸਾਹਿਬ ਜੀ'

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਧੜ ਚੁੱਕ ਲਿਆਂਦਾ ਅਤੇ ਆਪਣੇ ਘਰ ਅੰਦਰ (ਗੁਰਦੁਆਰਾ ਰਕਾਬ ਗੰਜ ਵਾਲੀ ਥਾਂ 'ਤੇ) ਹੀ ਧੜ ਦਾ ਸਸਕਾਰ ਕਰ ਦਿੱਤਾ। ਮਾਰਚ 29, 1676 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਤੇ ਦਸਵੇਂ ਗੁਰੂ ਵਜੋਂ ਜ਼ਿੰਮੇਵਾਰੀ ਸੰਭਾਲ ਲਈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਸੰਸਾਰ ਵਿਚ ਵਿਲੱਖਣ ਹੈ। ਇਹ ਕੁਰਬਾਨੀ ਮਾਨਵਤਾ ਨੂੰ ਬਚਾਉਣ ਹਿੱਤ ਦਿੱਤੀ ਗਈ ਹੈ। ਇਸ ਗੌਰਵਮਈ ਕੁਰਬਾਨੀ ਨੇ ਸੰਸਾਰ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਮਰ ਮਿਟਣ ਦਾ ਜਜ਼ਬਾ ਦਿੱਤਾ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੇ ਮਜਲੂਮਾਂ ਨਿਤਾਣਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿਚ ਜੋਸ਼ ਭਰਿਆ। ਆਪ ਜੀ ਦੀ ਕੁਰਬਾਨੀ ਸਿੱਖ ਕੌਮ ਲਈ ਪ੍ਰੇਰਨਾ ਸਰੋਤ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਆਦਰਸ਼ ਦਾ ਇਕ ਪਹਿਲੂ ਉਨ੍ਹਾਂ ਦਾ ਸ਼ਹੀਦੀ ਜੀਵਨ ਅਤੇ ਦੂਸਰਾ ਉਨ੍ਹਾਂ ਦੀ ਗੁਰਬਾਣੀ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਜੋ ਗੁਰੂ ਗੋਬਿੰਦ ਸਾਹਿਬ ਜੀ ਦੁਆਰਾ 1706 ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਦਰਜ ਕੀਤੀ ਗਈ ਹੈ। ਆਪ ਜੀ ਦੀ ਬਾਣੀ ਵਿਚ 59 ਪਦੇ (15 ਰਾਗਾਂ ਵਿਚ) ਅਤੇ 57 ਸਲੋਕ ਦਰਜ ਹਨ ਕਿ ਇਹ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵਸਦਾ ਹੈ। ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮੁ ਨਾਲ ਜੋੜਦੀ ਹੈ। ਦੋ ਜੀਵਨ ਸਥਿਤੀਆਂ ਸਮਾਨਅੰਤਰ ਇਕ ਮਾਇਆ, ਦੂਸਰਾ ਪ੍ਰਮਾਤਮਾ। ਪਹਿਲੀ ਸਥਿਤੀ ਸੰਸਾਰਕ ਹੈ ਜਿਸ ਵਿਚ ਧੰਨ, ਸੰਪਤੀ, ਕਾਮ, ਕ੍ਰੋਧ,ਲੋਭ, ਮੋਹ, ਹੰਕਾਰ ਦੀ ਪ੍ਰਵਿਰਤੀ ਹੈ। ਦੂਸਰੀ ਸਥਿਤੀ ਵਿਚ ਸੰਸਾਰ ਦੇ ਮੋਹ ਤੋਂ ਛੁਟਕਾਰਾ ਪਾ ਕੇ ਪ੍ਰਮਾਤਮਾ ਨੂੰ ਪਾਉਣਾ ਹੈ। ਨਾਮ ਦੁਆਰਾ ਮੁਕਤੀ ਦਾ ਰਾਹ ਹੈ।

ਮਨੁੱਖ ਸੰਸਾਰਕ ਵਸਤੂਆਂ ਨੂੰ ਹੀ ਪੂਰਨ ਸਮਝਣ ਲਗਦਾ ਹੈ। ਉਨ੍ਹਾਂ ਦਾ ਗੁਲਾਮ ਬਣ ਜਾਂਦਾ ਹੈ। ਜੀਵਨ ਵਿਅਰਥ ਹੋ ਕੇ ਰਹਿ ਜਾਂਦਾ ਹੈ। ਸੁੱਖਾਂ ਦੀ ਤਲਾਸ਼ ਵਿਚ ਭਟਕਦਾ ਹੈ। ਗੁਰੂ ਸਾਹਿਬ ਜੀ ਇਨ੍ਹਾਂ ਦੋਹਾਂ ਪ੍ਰਸਥਿਤੀਆਂ ਤੋਂ ਸੁਚੇਤ ਕਰਦੇ ਹਨ। ਨਾਮ ਨਾਲ ਜੋੜਦੇ ਹਨ। ਮਨੁੱਖ ਕੰਚਨ ਅਤੇ ਕਾਮਸੀ ਵਿਚ ਦਬ ਕੇ ਰਹਿ ਜਾਂਦਾ ਹੈ। ਹੋਰ ਗੁਰਬਾਣੀ ਦੇ ਵੇਰਵੇ ਹਨ : ਹੇ ਭਾਈ, ਇਹ ਮਨ ਰਤਾ ਪਰ ਵੀ ਮੇਰਾ ਕਿਹਾ ਨਹੀਂ ਮੰਨਦਾ। ਮੈਂ ਆਪਣੇ ਵਲੋਂ ਇਸ ਨੂੰ ਸਿੱਖਿਆ ਦੇ ਕੇ ਥੱਕ ਗਿਆ ਹਾਂ। ਫਿਰ ਵੀ ਇਹ ਖੋਟੀ ਮਤਿ ਵੱਲੋਂ ਹਟਦਾ ਨਹੀਂ।

ਹੇ ਭਾਈ, ਮਾਇਆ ਦੇ ਨਸ਼ੇ ਵਿਚ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪ੍ਰਮਾਤਮਾ ਦੀ ਸਿਫ਼ਤ ਸਲਾਹ ਦੀ ਬਾਣੀ ਨਹੀਂ ਉਚਾਰਦਾ। ਵਿਖਾਵਾ ਕਰਕੇ ਦੁਨੀਆ ਨੂੰ ਠੱਗਦਾ ਰਹਿੰਦਾ ਹੈ। ਠੱਗੀ ਨਾਲ ਇਕੱਠੇ ਕੀਤੇ ਧਨ ਰਾਹੀਂ ਆਪਣਾ ਪੇਟ ਭਰਦਾ ਰਹਿੰਦਾ ਹੈ।

ਹੇ ਭਾਈ, ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਵੀ ਸਿੱਧਾ ਨਹੀਂ ਹੁੰਦਾ। ਕਿਸੇ ਦੀ ਭੀ ਦਿੱਤੀ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ। ਹੇ ਨਾਨਕ, ਮੁੜ ਇਸ ਨੂੰ ਆਖ, ਹੇ ਮਨ, ਪ੍ਰਮਾਤਮਾ ਦੇ ਨਾਲ ਭਜਨ ਕਰਿਆ ਕਰ, ਜਿਸ ਦੀ ਬਰਕਤ ਨਾਲ ਤੇਰਾ ਜਨਮ ਮਨੋਰਥ ਹੱਲ ਹੋ ਜਾਏ।-ਅੰਗ 536

ਮਨੁੱਖ ਨੂੰ ਪ੍ਰਮਾਤਮਾ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਹੇ ਭਾਈ, ਜਿਹੜਾ ਮਨੁੱਖ ਦੁੱਖਾਂ ਵਿਚ ਘਬਰਾਉਂਦਾ ਨਹੀਂ, ਜਿਸ ਮਨੁੱਖ ਦੇ ਹਿਰਦੇ ਵਿਚ ਸੁੱਖਾ ਨਾਲ ਮੋਹ ਨਹੀਂ, ਕਿਸੇ ਕਿਸਮ ਦਾ ਡਰ ਨਹੀਂ। ਜਿਹੜਾ ਮਨੁੱਖ ਸੋਨੇ ਨੂੰ ਮਿੱਟੀ ਸਮਾਨ ਸਮਝਦਾ ਹੈ, ਉਸ ਦੇ ਅੰਦਰ ਪ੍ਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।

ਹੇ ਭਾਈ, ਜਿਸ ਮਨੁੱਖ ਦੇ ਅੰਦਰ ਕਿਸੇ ਦੀ ਚੁਗਲੀ ਬੁਰਾਈ ਨਹੀਂ, ਕਿਸੇ ਦੀ ਖ਼ੁਸ਼ਾਮਦ ਨਹੀਂ, ਜਿਸ ਦੇ ਅੰਦਰ ਨਾ ਲੋਭ ਨਾ ਹੰਕਾਰ ਹੈ, ਜਿਹੜਾ ਮਨੁੱਖ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ, ਜਿਸ ਨੂੰ ਨਾ ਆਦਰ ਮੋਹ ਸਕਦਾ ਹੈ, ਨਾ ਨਿਰਾਦਰੀ, ਉਸ ਮਨੁੱਖ ਦੇ ਹਿਰਦੇ ਵਿਚ ਪ੍ਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਹੇ ਭਾਈ, ਜਿਹੜਾ ਮਨੁੱਖ ਆਸਾਂ ਉਮੀਦਾਂ ਸਭ ਤਿਆਗ ਦੇਂਦਾ ਹੈ, ਜਗਤ ਤੋਂ ਨਿਰਮੋਹ ਰਹਿੰਦਾ ਹੈ, ਜਿਸ ਮਨੁੱਖ ਨੂੰ ਨਾ ਕਾਮ ਵਾਸਨਾ ਛੋਹ ਸਕਦੀ ਹੈ। ਨਾ ਕ੍ਰੋਧ ਛੋਹ ਸਕਦਾ ਹੈ, ਉਸ ਮਨੁੱਖ ਦੇ ਅੰਦਰ ਪ੍ਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਪਰ ਹੇ ਨਾਨਕ, ਆਪ ਜਿਸ ਮਨੁੱਖ 'ਤੇ ਗੁਰੂ ਨੇ ਮਿਹਰ ਕੀਤੀ ਉਸ ਨੇ ਹੀ ਜੀਵਨ ਦੀ ਇਕ ਜਾਚ ਸਮਝੀ ਹੈ। ਉਹ ਮਨੁੱਖ ਪ੍ਰਮਾਤਮਾ ਨਾਲ ਇਉਂ ਇਕਮਿਕ ਹੋ ਜਾਂਦਾ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ। ਅੰਗ-633

ਪ੍ਰਮਾਤਮਾ ਤਾਂ ਮਨੁੱਖ ਦੇ ਹਿਰਦੇ ਵਿਚ ਵਸਦਾ ਹੈ, ਹੇ ਭਾਈ, ਪ੍ਰਮਾਤਮਾ ਨੂੰ ਲੱਭਣ ਵਾਸਤੇ ਨੂੰ ਜੰਗਲਾਂ ਵਿਚ ਕਿਉਂ ਜਾਂਦਾ ਹੈ ? ਪ੍ਰਮਾਤਮਾ ਸਭ ਵਿਚ ਵਸਣ ਵਾਲਾ ਹੈ। ਫਿਰ ਭੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ। ਉਹ ਪ੍ਰਮਾਤਮਾ ਤੇਰੇ ਨਾਲ ਹੀ ਵਸਦਾ ਹੈ। ਹੇ ਭਾਈ, ਜਿਵੇਂ ਫੁੱਲ ਵਿਚ ਸੁਗੰਧੀ ਵਸਦੀ ਹੈ, ਜਿਵੇਂ ਸ਼ੀਸ਼ੇ ਵਿਚ ਵੇਖਣ ਵਾਲੇ ਦਾ ਅਕਸ ਵਸਦਾ ਹੈ, ਤਿਵੇਂ ਪ੍ਰਮਾਤਮਾ ਇਕਰਸ ਸਭਨਾਂ ਦੇ ਅੰਦਰ ਵਸਦਾ ਹੈ। ਇਸ ਵਾਸਤੇ ਉਸ ਨੂੰ ਆਪਣੇ ਹਿਰਦੇ ਵਿਚ ਲਭ। ਹੇ ਭਾਈ, ਗੁਰੂ ਦਾ ਆਤਮਕ ਜੀਵਨ ਦਾ ਉਪਦੇਸ਼ ਇਹ ਦੱਸਦਾ ਹੈ ਕਿ ਆਪਣੇ ਸਰੀਰ ਦੇ ਅੰਦਰ ਆਤੇ ਆਪਣੇ ਸਰੀਰ ਤੋਂ ਬਾਹਰ ਹਰ ਥਾਂ ਇਕ ਪ੍ਰਮਾਤਮਾ ਨੂੰ ਵਸਦਾ ਸਮਝੋ। ਹੇ ਦਾਸ ਨਾਨਕ, ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾਂ ਮਨ 'ਤੋਂ ਭਟਕਣਾ ਦਾ ਜਾਲ਼ਾ ਦੂਰ ਨਹੀਂ ਹੋ ਸਕਦਾ। ਤੇ ਉਤਨਾ ਚਿਰ ਸਰਬ ਵਿਆਪਕ ਪ੍ਰਮਾਤਮਾ ਦੀ ਸੂਝ ਨਹੀਂ ਆ ਸਕਦੀ। ਅੰਗ-684

ਜਦੋਂ ਪ੍ਰਮਾਤਮਾ ਨਾਲ ਸਾਂਝ ਪੈ ਜਾਂਦੀ ਹੈ ਤਾਂ ਡਰ ਮੁਕ ਜਾਂਦਾ ਹੈ : ਹੇ ਨਾਨਕ ਆਖ-ਹੇ ਮਨ, ਸੁਣ ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦੇਂਦਾ ਅਤੇ ਕਿਸੇ ਦੇ ਡਰਾਵੇ ਨੂੰ ਨਹੀਂ ਮੰਨਦਾ। ਡਰਾਵਿਆਂ ਤੋਂ ਘਬਰਾਉਂਦਾ ਨਹੀਂ, ਉਸ ਨੂੰ ਆਤਮਿਕ ਜੀਵਨ ਦੀ ਸੂਝ ਵਾਲਾ ਸਮਝ। ਅੰਗ 1427

ਹੇ ਨਾਨਕ ਆਖ, ਹੇ ਭਾਈ, ਜਿਸ ਦਾ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਜਿਸ ਨੂੰ ਪ੍ਰਮਾਤਮਾ ਦਾ ਨਾਮ ਸਦਾ ਭੁੱਲਾ ਰਹਿੰਦਾ ਹੈ, ਦੱਸੋ ਪ੍ਰਮਾਤਮਾ ਦੇ ਭਜਨ ਤੋਂ ਬਿਨਾਂ ਉਸ ਦਾ ਜਿਊਣਾ ਕਿਸ ਕੰਮ ਦਾ ? ਅੰਗ-1427-28ਹੇ ਨਾਨਕ ਆਖ, ਹੇ ਮਨ, ਜੋ ਕੁਝ ਪ੍ਰਮਾਤਮਾ ਨੂੰ ਚੰਗਾ ਲਗਦਾ ਹੈ, ਜਰੂਰ ਉਹ ਹੀ ਹੁੰਦਾ ਹੈ, ਜੀਵ ਭਾਵੇਂ ਸੁਖਾਂ ਦੀ ਪ੍ਰਾਪਤੀ ਵਾਸਤੇ ਅਨੇਕਾਂ ਯਤਨ ਕਰਦਾ ਰਹਿੰਦਾ ਹੈ, ਦੁੱਖਾਂ ਵਾਸਤੇ ਯਤਨ ਨਹੀਂ ਕਰਦਾ, ਪਰ ਫਿਰ ਵੀ ਰਜ਼ਾ ਅਨੁਸਾਰ ਦੁੱਖ ਭੀ ਆ ਹੀ ਪੈਂਦੇ ਹਨ। ਸੁੱਖ ਭੀ ਤਦੋਂ ਹੀ ਮਿਲਦਾ ਹੈ ਜਦੋਂ ਪ੍ਰਭੂ ਦੀ ਰਜ਼ਾ ਹੋਵੇ। ਅੰਗ-1428

ਹੇ ਭਾਈ, ਪ੍ਰਭੂ ਦੇ ਨਾਮ ਤੋਂ ਵਿਛੜ ਕੇ ਜਦੋਂ ਮਾਇਆ ਦੇ ਮੋਹ ਦੀਆਂ ਫਾਹੀਆਂ ਮਨੁੱਖ ਨੂੰ ਪੈਂਦੀਆਂ ਹਨ, ਉਨ੍ਹਾਂ ਕਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਿਕ ਤਾਕਤ ਮੁੱਕ ਜਾਂਦੀ ਹੈ, ਮਾਇਆ ਦਾ ਟਾਕਰਾ ਕਰਨ ਲਈ ਮਨੁੱਖ ਮਨੁੱਖ ਪਾਸੋਂ ਭੀ ਹੀਲਾ ਨਹੀਂ ਕੀਤਾ ਜਾ ਸਕਦਾ। ਹੇ ਨਾਨਕ ਆਖ, ਹੇ ਹਰੀ, ਇਹੋ ਜਿਹੇ ਵੇਲੇ ਹੁਣ ਤੇਰਾ ਹੀ ਆਸਰਾ ਹੈ, ਜਿਵੇਂ ਤੂੰ ਤੇਂਦੂਏ ਤੋਂ ਛੁਡਾਉਣ ਲਈ ਹਾਥੀ ਦਾ ਸਹਾਈ ਬਣਿਆ, ਤਿਵੇਂ ਸਹਾਈ ਬਣ, ਭਾਵ ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖਲਾਸੀ ਹਾਸਲ ਕਰਨ ਲਈ ਪ੍ਰਮਾਤਮਾ ਦੇ ਦਰ ਤੇ ਅਰਦਾਸ ਹੀ ਇਕ ਵਸੀਲਾ ਹੈ।

ਹੇ ਭਾਈ, ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿਗਦਾ ਹੈ ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਿਕ ਬਲ ਪੈਦਾ ਹੋ ਜਾਂਦਾ ਹੈ। ਮਾਇਆ ਦੇ ਮੋਹ ਦੇ ਬੰਧਨ ਟੁੱਟ ਜਾਂਦੇ ਹਨ, ਮੋਹ ਦਾ ਟਾਕਰਾ ਕਰਨ ਲਈ ਹਰੇਕ ਹੀਲਾ ਸਫ਼ਲ ਹੋ ਸਕਦਾ ਹੈ। ਸੋ, ਹੇ ਨਾਨਕ ਆਖ, ਹੇ ਪ੍ਰਭੂ, ਸਭ ਕੁਝ ਤੇਰੇ ਹੱਥ ਵਿਚ ਹੈ। ਤੇਰੀ ਪੈਦਾ ਕੀਤੀ ਮਾਇਆ ਭੀ ਤੇਰੇ ਹੀ ਅਧੀਨ ਹੈ। ਇਸ ਤੋਂ ਬਚਣ ਲਈ ਤੂੰ ਹੀ ਮਦਦਗਾਰ ਹੋ ਸਕਦਾ ਹੈ। ਅੰਗ-1429

***

## ਪ੍ਰਵਾਸ ਕਾਰਨ ਪੰਜਾਬ ਦਾ ਹੋਇਆ

ਵਿਖਾਈ ਦੇ ਰਿਹਾ ਹੈ। ਜਦੋਂ ਨੌਜਵਾਨ ਪੀੜ੍ਹੀ ਵਿਦੇਸ਼ ਵਿਚ ਹੁੰਦੀ ਹੈ ਤਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਕੁਝ ਹੱਦ ਤਕ ਇਸ ਦਾ ਖ਼ਰਚਾ ਚੁੱਕਣਾ ਹੀ ਪੈਂਦਾ ਹੈ। ਇਸ ਦਾ ਨਤੀਜਾ ਇਹ ਹੈ ਕਿ ਲੋਕ ਚਾਹ ਕੇ ਵੀ ਖ਼ਰਚ ਨਹੀਂ ਕਰ ਪਾਉਂਦੇ ਜਿਸ ਦਾ ਸਿੱਧਾ ਅਸਰ ਸੂਬੇ 'ਚ ਹਰ ਕਾਰੋਬਾਰ 'ਤੇ ਪੈ ਰਿਹਾ ਹੈ। ਇਸ ਤੋਂ ਇਲਾਵਾ ਬਹੁਤ ਕੁਝ ਅਜਿਹਾ ਹੋ ਰਿਹਾ ਹੈ, ਜਿਸ ਨੂੰ ਹਰ ਕੋਈ ਮਹਿਸੂਸ ਤਾਂ ਕਰ ਰਿਹਾ ਹੈ ਪਰ ਚੁੱਪ ਹੈ ਅਤੇ ਇਸੇ ਇੱਛਾ 'ਚ ਰਹਿ ਰਿਹਾ ਹੈ ਕਿ ਉਹ ਜਲਦੀ ਹੀ ਪਰਿਵਾਰ ਨਾਲ ਵਿਦੇਸ਼ ਵਿਚ ਜਾ ਕੇ ਸੈਟਲ ਹੋ ਜਾਵੇਗਾ ਪਰ ਇਸ ਖਾਮੋਸ਼ੀ ਦੇ ਵਿਚਕਾਰ ਵੱਡਾ ਸਵਾਲ ਇਹ ਹੈ ਕਿ ਜਦੋਂ ਅਜਿਹਾ ਹੋਵੇਗਾ ਤਾਂ ਪੰਜਾਬ ਦੀ ਤਸਵੀਰ ਕੀ ਹੋਵੇਗੀ ? ਸ਼ਾਇਦ ਇਸ ਦੀ ਕਲਪਨਾ ਕਰਨਾ ਵੀ ਔਖੀ ਹੈ ?

***

## ਆਧੁਨਿਕ ਸਿੱਖ ਸਾਹਿਤ ਦੇ ਪਿਤਾਮਾ ਪਦਮ

ਆਪ ਜੀ ਦੀ ਵਿਦਵਤਾ ਅਤੇ ਬਹੁਪੱਖੀ ਪ੍ਰਤਿਭਾ ਨੂੰ ਦੇਖਦੇ ਹੋਏ 1949 ਈਸਵੀ ਵਿੱਚ ਪੰਜਾਬ ਯੂਨੀਵਰਸਿਟੀ ਵੱਲੋਂ 'ਡਾਕਟਰ ਆਫ ਓਰੀਐਂਟਲ ਲਰਨਿੰਗ' ਦੀ ਡਿਗਰੀ ਪ੍ਰਦਾਨ ਕੀਤੀ ਗਈ। ਅਜ਼ਾਦ ਭਾਰਤ ਦੀ ਸਥਾਪਨਾ ਪਿੱਛੋਂ ਆਪ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਨਾਮਜ਼ਾਦ ਕੀਤੇ ਗਏ। 'ਭਾਰਤੀ ਸਾਹਿਤ ਅਕਾਦਮੀ' ਦਿੱਲੀ ਵੱਲੋਂ ਆਪ ਦੀ ਕਿਤਾਬ ਮੇਰੇ ਸਾਈਆਂ ਜੀਉ ਨੂੰ 1955 ਵਿੱਚ 'ਸਾਹਿਤ ਅਕਾਦਮੀ ਐਵਾਰਡ' ਦਿੱਤਾ ਗਿਆ। 25 ਦਸੰਬਰ 1954 ਨੂੰ ਬੰਬਈ ਵਿਖੇ ਹੋਈ ਵਿਸ਼ਾਲ ਸਿੱਖ ਵਿਦਿਅਕ ਕਾਨਫ਼ਰੰਸ ਵਿੱਚ 'ਅਭਿਨੰਦਨ ਗ੍ਰੰਥ' ਭੇਂਟ ਕੀਤਾ ਗਿਆ। ਸਮੁੱਚੀ ਰਚਨਾ ਦਾ ਸਨਮਾਨ ਕਰਦਿਆਂ 1956 ਵਿੱਚ ਭਾਰਤ ਸਰਕਾਰ ਵੱਲੋਂ ਆਪ ਨੂੰ 'ਪਦਮ ਭੂਸ਼ਣ' ਦੇ ਸਨਮਾਨ ਨਾਲ ਨਿਵਾਜਿਆ ਗਿਆ। 10 ਜੂਨ 1957 ਨੂੰ ਭਾਈ ਸਾਹਿਬ ਜੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਪੋ: ਪਿਆਰਾ ਸਿੰਘ ਪਦਮ ਆਖਦੇ ਸਨ ਕਿ ਜੇ ਬੰਗਾਲ ਵਾਲੇ ਟੈਗੋਰ ਜਿਹੀ ਸ਼ਖ਼ਸੀਅਤ ਦੇ ਆਸਰੇ ਆਪਣਾ ਸਿਰ ਮਾਣ ਨਾਲ ਉੱਚਾ ਕਰ ਸਕਦੇ ਹਨ ਤਾਂ ਕੋਈ ਕਾਰਨ ਨਹੀਂ ਕਿ ਪੰਜਾਬੀ ਲੋਕ ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਆਸਰੇ ਅਜਿਹਾ ਮਾਣ ਅਨੁਭਵ ਨਾ ਕਰਨ।

## ਅਨੰਦਪੁਰ ਸਾਹਿਬ ਦਾ ਮਤਾ

ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਈਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟ੍ਰੇਸ਼ਨ ਚਾਹੀਦੀ ਹੋਵੇ।'

ਕਾਂਗਰਸ ਨੇ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ, ਓਪਰੇਸ਼ਨ ਬਲੂ ਸਟਾਰ ਅਤੇ 31 ਅਕਤੂਬਰ ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਹੋਈਆਂ 1984 ਦੀਆਂ ਲੋਕ ਸਭਾ ਚੋਣਾਂ ਲੜੀਆਂ।

ਪਾਰਟੀ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਰਾਸ਼ਟਰ-ਵਿਰੋਧੀ ਤੇ ਵੱਖਵਾਦੀ ਵਿਚਾਰ ਵਜੋਂ ਪੇਸ਼ ਕਰਕੇ ਬਹੁਮਤ ਹਾਸਿਲ ਕੀਤਾ।

ਅਕਾਲੀ ਦਲ ਤੇ ਏਜੰਡੇ ਤੋਂ ਗਾਇਬ ਹੋਇਆ ਮਤਾ

ਇਹ ਮਤਾ ਲੋਕ ਸਭਾ ਚੋਣਾਂ ਦੇ ਤਿੰਨ ਮਹੀਨਿਆਂ ਅੰਦਰ ਰਾਜੀਵ-ਲੌਂਗੋਵਾਲ ਪੰਜਾਬ ਸਮਝੌਤੇ ਵਿੱਚ ਮੁੜ ਉੱਠਿਆ ਅਤੇ ਇਸ ਸਬੰਧੀ ਬਿੰਦੂ ਮੁਤਾਬਕ, ਸ਼੍ਰੋਮਣੀ ਅਕਾਲੀ ਦਲ ਕਹਿੰਦਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਹੈ।ਇਹ ਕੇਂਦਰ ਤੇ ਸੂਬਿਆਂ ਦੇ ਸੰਬੰਧਾਂ ਨੂੰ ਇਸ ਤਰ੍ਹਾਂ ਪ੍ਰਭਵਾਸ਼ਿਤ ਕਰਦਾ ਹੈ ਤਾਂ ਜੋ ਇਕਸਾਰ ਭਾਰਤੀ ਸੰਵਿਧਾਨ ਮੁਤਾਬਕ ਤੈਅ ਸਹੀ ਫੈਡਰਲ ਢਾਂਚਾ ਲਿਆਂਦਾ ਜਾ ਸਕੇ।ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿੱਚ ਰੱਖਦਿਆਂ ਸੂਬਿਆਂ ਨੂੰ ਖੁਦਮੁਖਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿੱਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ।

ਅੱਗੇ ਲਿਖਿਆ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਕੇਂਦਰ ਅਤੇ ਸੂਬਿਆਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲ ਕਰਦਾ ਹੈ ਅਤੇ ਸਰਕਾਰੀਆ ਕਮਿਸ਼ਨ ਨੂੰ ਭੇਜਿਆ ਜਾਂਦਾ ਹੈ।ਇਸ ਸਮਝੌਤੇ ਉੱਤੇ ਦਸਤਖ਼ਤ ਤੋਂ ਬਾਅਦ ਇਹ ਮਤਾ ਅਕਾਲੀ ਸਿਆਸਤ ਦੇ ਪ੍ਰਸੰਗ ਵਿੱਚੋਂ ਹੌਲੀ-ਹੌਲੀ ਗਾਇਬ ਹੋ ਗਿਆ ਤੇ 'ਅੰਮ੍ਰਿਤਸਰ ਐਲਾਨਨਾਮੇ' ਨੇ ਇਸ ਦੀ ਥਾਂ ਲੈ ਲਈ ਪਰ ਅਨੰਦਪੁਰ ਸਾਹਿਬ ਦੇ ਮਤੇ ਤੋਂ ਵਧ ਕੇ ਹੋਣ ਦੇ ਬਾਵਜੂਦ ਉਸ 'ਤੇ ਬਹੁਤਾ ਵਿਵਾਦ ਨਹੀਂ ਛਿੜਿਆ।

***

## ਪੰਜਾਬ ਉਪਰ ਆਰਥਿਕ ਸੰਕਟ ਮੰਡਰਾਇਆ

ਅਨੁਪਾਤ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜੇਕਰ ਇਹ ਅਨੁਪਾਤ 1 ਤੋਂ ਜ਼ਿਆਦਾ ਹੋਵੇ ਤਾਂ ਇਸ ਦਾ ਭਾਵ ਇਹ ਹੁੰਦਾ ਹੈ ਕਿ ਇਹ ਇਕਾਈ ਆਪਣੇ ਲਏ ਕਰਜ਼ 'ਤੇ ਬਣਦਾ ਵਿਆਜ ਦੇਣ ਦੇ ਸਮਰੱਥ ਹੈ। ਦੂਸਰੇ ਪਾਸੇ ਜੇਕਰ ਇਹ ਅਨੁਪਾਤ 1 ਤੋਂ ਘੱਟ ਹੋਵੇ ਤਾਂ ਇਸ ਦਾ ਮਤਲਬ ਕਿ ਲਾਭ ਤਾਂ ਦੂਰ ਦੀ ਗੱਲ ਹੈ, ਇਕਾਈ ਆਪਣੇ ਲਏ ਕਰਜ਼ 'ਤੇ ਵਿਆਜ ਵੀ ਨਹੀਂ ਦੇ ਸਕਦੀ। ਸਾਲ 2020-21 ਦੀ ਕੈਗ ਰਿਪੋਰਟ ਅਨੁਸਾਰ ਪੰਜਾਬ ਵਿਚ ਕੰਮ ਕਰ ਰਹੀਆਂ ਜਨਤਕ ਇਕਾਈਆਂ ਵਿਚੋਂ 9 ਇਕਾਈਆਂ ਨੇ ਸਰਕਾਰ ਜਾਂ ਦੂਸਰੇ ਸੋਮਿਆਂ ਤੋਂ ਕਰਜ਼ ਲਿਆ ਹੋਇਆ ਹੈ। ਇਨ੍ਹਾਂ ਵਿਚੋਂ 5 ਇਕਾਈਆਂ ਹੀ ਹਨ, ਜਿਨ੍ਹਾਂ ਦਾ ਵਿਆਜ ਅਨੁਪਾਤ 1 ਤੋਂ ਵਧੇਰੇ ਹੈ, ਜਦਕਿ 4 ਦਾ ਇਹ ਅਨੁਪਾਤ 1 ਤੋਂ ਘੱਟ ਹੈ, ਭਾਵ ਇਹ ਚਾਰ ਇਕਾਈਆਂ ਆਪਣੇ ਕਰਜ਼ ਉਪਰਲਾ ਵਿਆਜ ਵੀ ਨਹੀਂ ਦੇ ਸਕਦੀਆਂ, ਜੋ ਜਾਂ ਤਾਂ ਸੂਬਾ ਸਰਕਾਰ ਨੂੰ ਆਪਣੀ ਮਾਲੀ ਆਮਦਨ ਵਿਚੋਂ ਦੇਣਾ ਪਵੇਗਾ ਜਾਂ ਫਿਰ ਇਕੱਠਾ ਹੁੰਦਾ ਰਹੇਗਾ।

ਘਾਟੇ ਅਤੇ ਖਾਧੀ ਜਾ ਚੁੱਕੀ ਪੂੰਜੀ

ਕੈਗ ਦੀ ਸਾਲ 2020-21 ਦੀ ਰਿਪੋਰਟ ਅਨੁਸਾਰ ਪੰਜਾਬ ਦੀਆਂ ਜਨਤਕ ਇਕਾਈਆਂ ਵਿਚੋਂ ਕਈਆਂ ਦੇ ਜਮ੍ਹਾਂ ਹੋਏ ਘਾਟੇ ਕਾਫੀ ਵਧ ਗਏ ਹਨ ਅਤੇ ਕਈ ਤਾਂ ਆਪਣੀ ਲੱਗੀ ਹੋਈ ਪੂੰਜੀ ਵੀ ਖਾ ਚੁੱਕੀਆਂ ਹਨ। ਰਿਪੋਰਟ ਅਨੁਸਾਰ ਸੂਬੇ ਦੀਆਂ 16 ਜਨਤਕ ਇਕਾਈਆਂ ਦਾ ਸਾਲ 2020-21 ਦੇ ਅੰਤ ਤੱਕ ਜਮ੍ਹਾਂ ਹੋ ਚੁੱਕਾ ਘਾਟਾ 7,622 ਕਰੋੜ ਰੁਪਏ ਬਣਦਾ ਹੈ। ਸਾਲ 2019-20 ਵਿਚ ਇਹ ਜਮ੍ਹਾਂ ਘਾਟਾ 15,706 ਕਰੋੜ ਰੁਪਏ ਸੀ ਪਰ ਸਾਲ 2020-21 ਵਿਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਮੁਨਾਫੇ ਵਿਚ ਆ ਜਾਣ ਕਾਰਨ ਇਹ ਜਮ੍ਹਾਂ ਹੋਇਆ ਘਾਟਾ ਕੁਝ ਘਟਿਆ।

ਸੂਬੇ ਦੇ 14 ਜਨਤਕ ਅਦਾਰਿਆਂ ਵਲੋਂ ਲੱਗੀ ਪੂੰਜੀ ਵੀ ਖਾਧੀ ਜਾ ਚੁੱਕੀ ਹੈ ਅਤੇ 31 ਮਾਰਚ, 2021 ਨੂੰ ਇਨ੍ਹਾਂ ਵਿਚ ਨਿਵੇਸ਼ ਕੀਤੀ 535 ਕਰੋੜ ਰੁਪਏ ਦੀ ਪੂੰਜੀ ਦੇ ਮੁਕਾਬਲਤਨ ਇਨ੍ਹਾਂ ਦਾ ਜਮ੍ਹਾਂ ਘਾਟਾ 8,414 ਕਰੋੜ ਰੁਪਏ ਸੀ। ਇਸ ਤੋਂ ਇਲਾਵਾ ਇਨ੍ਹਾਂ 14 ਜਨਤਕ ਇਕਾਈਆਂ, ਜਿਨ੍ਹਾਂ ਵਲੋਂ ਆਪਣੀ ਪੂੰਜੀ ਖਾਧੀ ਜਾ ਚੁੱਕੀ ਹੈ, ਵੱਲ ਸਰਕਾਰ ਦਾ ਕੋਈ 25,167 ਕਰੋੜ ਰੁਪਏ ਦਾ ਕਰਜ਼ਾ ਵੀ ਖੜ੍ਹਾ ਹੈ, ਜਿਸ 'ਤੇ ਵਿਆਜ ਮਿਲਣ ਦੀ ਆਸ ਤਾਂ ਦੂਰ ਮੂਲ ਵੀ ਪ੍ਰਾਪਤ ਨਹੀਂ ਹੋਵੇਗਾ। ਇੰਜ ਉਪਰੋਕਤ ਤੱਥਾਂ ਤੋਂ ਇਹ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਦੀਆਂ ਬਹੁਤ ਸਾਰੀਆਂ ਜਨਤਕ ਇਕਾਈਆਂ ਸਰਕਾਰ ਲਈ ਚਿੱਟੇ ਹਾਥੀ ਤੋਂ ਵਧੇਰੇ ਕੁਝ ਵੀ ਨਹੀਂ ਅਤੇ ਇਨ੍ਹਾਂ ਤੋਂ ਕੋਈ ਲਾਭ ਜਾਂ ਵਿਆਜ ਮਿਲਣ ਦੀ ਜਗ੍ਹਾ ਇਹ ਸਰਕਾਰ ਦੁਆਰਾ ਸੂਬੇ ਦੇ ਲੋਕਾਂ ਤੋਂ ਕਰਾਂ ਦੇ ਰੂਪ ਵਿਚ ਇਕੱਤਰ ਕੀਤੇ ਗਏ ਮਾਲੀਏ 'ਤੇ ਪਲ ਰਹੀਆਂ ਹਨ। ਇਸ ਵਾਸਤੇ ਇਹ ਬਹੁਤ ਜ਼ਰੂਰੀ ਬਣ ਜਾਂਦਾ ਹੈ ਕਿ ਜਲਦ ਤੋਂ ਜਲਦ ਇਕ ਕਮੇਟੀ ਬਣਾ ਕੇ ਇਹ ਪਤਾ ਲਗਾਇਆ ਜਾਵੇ ਕਿ ਕਿਹੜੀਆਂ ਜਨਤਕ ਇਕਾਈਆਂ ਚੱਲ ਸਕਦੀਆਂ ਹਨ ਅਤੇ ਕਿਹੜੀਆਂ ਨਹੀਂ। ਜੋ ਅਦਾਰੇ ਲਗਾਤਾਰ ਘਾਟੇ ਵਿਚ ਹਨ, ਉਨ੍ਹਾਂ ਉਪਰ ਵਿਆਜ ਅਤੇ ਹੋਰ ਖਰਚ ਕਰਨ ਦੀ ਬਜਾਏ ਇਨ੍ਹਾਂ ਨੂੰ ਤੁਰੰਤ ਬੰਦ ਕਰਨਾ ਹੀ ਸੂਬੇ ਲਈ ਬਿਹਤਰ ਹੋਵੇਗਾ। ਇਨ੍ਹਾਂ ਵਿਚੋਂ ਕਈਆਂ ਦੀਆਂ ਜ਼ਮੀਨਾਂ ਅਤੇ ਹੋਰ ਜਾਇਦਾਦਾਂ ਅਰਬਾਂ ਰੁਪਏ ਦੀਆਂ ਹਨ, ਜਿਨ੍ਹਾਂ ਨੂੰ ਵੇਚ ਕੇ ਪੰਜਾਬ ਸਰਕਾਰ ਘੱਟੋ-ਘੱਟ ਆਪਣਾ ਦਿੱਤਾ ਹੋਇਆ ਕਰਜ਼ਾ ਤਾਂ ਪੂਰਾ ਕਰ ਹੀ ਸਕਦੀ ਹੈ। ਦੂਸਰੇ ਪਾਸੇ ਜੋ ਇਕਾਈਆਂ ਚੰਗੇ ਢੰਗ ਨਾਲ ਚੱਲ ਸਕਦੀਆਂ ਹਨ ਅਤੇ ਸੂਬੇ ਲਈ ਮੁਨਾਫਾ ਕਮਾ ਸਕਦੀਆਂ ਹਨ, ਉਨ੍ਹਾਂ ਦੀਆਂ ਚੇਅਰਮੈਨੀਆਂ ਰਾਜਸੀ ਲੋਕਾਂ ਨੂੰ ਦੇ ਕੇ ਅਡਜਸਟ ਕਰਨ ਦੀ ਬਜਾਏ ਇਨ੍ਹਾਂ ਦਾ ਪ੍ਰਬੰਧ ਪੇਸ਼ੇਵਰ ਪ੍ਰਬੰਧਕਾਂ ਦੇ ਹੱਥਾਂ ਵਿਚ ਦੇ ਕੇ ਮੁਨਾਫੇ ਵੱਲ ਲਿਆਂਦਾ ਜਾਵੇ। ਇਸ ਕਿਸਮ ਦੇ ਉਪਰਾਲਿਆਂ ਨਾਲ ਹੀ ਸੂਬੇ ਨੂੰ ਇਨ੍ਹਾਂ ਜਨਤਕ ਇਕਾਈਆਂ ਤੋਂ ਭਵਿੱਖ ਵਿਚ ਮਾਲੀ ਆਮਦਨ ਦੀ ਆਸ ਕੀਤੀ ਜਾ ਸਕਦੀ ਹੈ।

***

## ਬਾਬਾ ਗੁਰੂ ਨਾਨਕ ਯੂਨੀਵਰਸਿਟੀ

ਆਉਣ ਵਾਲੇ ਸਕਾਲਰਜ਼ ਵਿਚ ਪ੍ਰੋ. ਡਾਕਟਰ ਹਰਜਿੰਦਰ ਸਿੰਘ ਦਿਲਗੀਰ, ਡਾ. ਚਰਨਜੀਤ ਸਿੰਘ ਗੁੰਮਟਾਲਾ, ਗੁਰਪ੍ਰੀਤ ਸਿੰਘ ਜਗਵੀਰ, ਪ੍ਰੋ. ਡਾ. ਅਟਵਾਲ ਜੀ ਨਵਾਂ ਜ਼ਮਾਨਾ, ਲਖਵਿੰਦਰ ਸਿੰਘ, ਸਰਬਜੀਤ ਕੌਰ, ਮਨਜੀਤ ਕੌਰ, ਡਾ. ਗੁਰਪਾਲ ਸਿੰਘ ਤੇ ਹੋਰ ਸ਼ਾਮਿਲ ਹੋਏ।ਬਾਬਾ ਗੁਰੂ ਨਾਨਕ ਜੀ ਦੇ ਨਾਂ ਉੱਪਰ ਬਣਨ ਵਾਲੀ ਏਸ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਡਾਕਟਰ ਮੁਹੰਮਦ ਅਫ਼ਜ਼ਲ ਇਕ ਅਣਥੱਕ ਸ਼ਖ਼ਸੀਅਤ ਨੇ ਜੋ ਅੱਠੇ ਪਹਿਰ ਯੂਨੀਵਰਸਿਟੀ ਦੇ ਕੰਮਾਂ ਵਿਚ ਰੁੱਝੇ ਰਹਿੰਦੇ ਹਨ। ਦਿਨ ਰਾਤ ਯੂਨੀਵਰਸਿਟੀ ਦੇ ਤਾਮੀਰਾਤੀ ਕੰਮਾਂ ਦੀ ਨਿਗਰਾਨੀ ਦੇ ਨਾਲ਼ ਨਾਲ਼ ਉਨ੍ਹਾਂ ਦੀ ਨਜ਼ਰ ਉਸੇ ਵੇਲੇ ਯੂਨੀਵਰਸਿਟੀ ਦੇ ਸਾਰੇ ਕੰਮਾਂ ਵੱਲ ਹੁੰਦੀ ਹੈ।

ਉਨ੍ਹਾਂ ਦੇ ਖ਼ਿਆਲ ਵਿਚ ਇਹ ਯੂਨੀਵਰਸਿਟੀ ਆਉਣ ਵਾਲੇ ਦਿਨਾਂ ਵਿਚ ਇਲਮ ਵਿਗਿਆਨ ਦਾ ਬਹੁਤ ਵੱਡਾ ਮਰਕਜ਼ ਬਣਨ ਵਾਲੀ ਹੈ। ਯੂਨੀਵਰਸਿਟੀ ਦੀ ਲਾਇਬ੍ਰੇਰੀ ਲਈ ਕਰੋੜਾਂ ਰੁਪਏ ਦੇ ਫ਼ੰਡ ਉਨ੍ਹਾਂ ਦੀਆਂ ਕਾਵਸ਼ਾਂ ਨਾਲ਼ ਮਨਜ਼ੂਰ ਹੋ ਚੁੱਕੇ ਹਨ।

ਯੂਨੀਵਰਸਿਟੀ ਵਿਚ ਸ਼ੁਅਬਾ ਪੰਜਾਬੀ ਦੀ ਛਤਰ- ਛਾਵੇਂ ਸ਼ਾਹਮੁਖੀ ਪੜ੍ਹਿਆਰਾਂ ਨੂੰ ਗੁਰਮੁੱਖੀ ਸਿਖਾਉਣ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਲਹਿੰਦੇ ਪੰਜਾਬ ਦੇ ਵਿਦਿਆਰਥੀ ਚੜ੍ਹਦੇ ਪੰਜਾਬ ਵਿਚ ਵਿਚ ਰਚੇ ਜਾਣ ਵਾਲੇ ਅਣਮੁੱਲੇ ਅਦਬ ਦੀ ਸਾਰ ਲੈਣ ਦੇ ਨਾਲ਼ ਨਾਲ਼ ਵੱਖੋ-ਵੱਖ ਸ਼ੈਲੀਆਂ ਵਿਚ ਲਿਖਣ ਵਾਲੇ ਲਿਖਿਅਰਾਂ ਦੇ ਅਸਲੂਬ ਨੂੰ ਸਮਝ ਸਕਣ।

***

## ਦੁਨੀਆ ਦੇ ਸਭ ਤੋਂ ਵੱਡੇ ਨਿਆਂ ਪ੍ਰਬੰਧ

ਦੁੱਗਲ ਆਪਣੀ ਕਿਤਾਬ 'ਦ ਲਾਸਟ ਟੂ ਲੇਅ ਆਰਮਜ਼' ਵਿਚ ਲਿਖਦੇ ਹਨ ਕਿ ਫ਼ਕੀਰ ਇਮਾਮ-ਉਦ-ਦੀਨ ਨੂੰ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲ੍ਹੇ ਅਤੇ ਆਲੇ-ਦੁਆਲੇ ਦੇ ਇਲਾਕੇ ਦੀ ਜ਼ਿੰਮੇਵਾਰੀ ਦਿੱਤੀ ਹੋਈ ਸੀ। ਇਸ ਦੇ ਨਾਲ ਇਮਾਮ-ਉਦ-ਦੀਨ ਅੰਮ੍ਰਿਤਸਰ ਵਿਚ ਮੈਗਜ਼ੀਨਜ਼, ਹਥਿਆਰ ਅਤੇ ਸ਼ਾਹੀ ਅਸਤਬਲ ਦਾ ਵੀ ਇੰਚਾਰਜ ਸੀ। ਕਈ ਜੰਗੀ ਮੁਹਿੰਮਾਂ 'ਤੇ ਵੀ ਇਮਾਮ-ਉਦ-ਦੀਨ ਨੂੰ ਭੇਜਿਆ ਗਿਆ ਸੀ। ਅੰਮ੍ਰਿਤਸਰ ਵਰਗੇ ਸਿੱਖ ਧਰਮ ਨਾਲ ਜੁੜੇ ਸ਼ਹਿਰ ਦੇ ਅਹਿਮ ਕਿਲ੍ਹੇ ਦੀ ਜ਼ਿੰਮੇਵਾਰੀ ਦੇ ਕੇ ਮਹਾਰਾਜਾ ਰਣਜੀਤ ਸਿੰਘ ਨੇ ਇਹ ਸਾਫ਼ ਕਰ ਦਿੱਤਾ ਸੀ ਕਿ ਉਹ ਧਰਮ ਜਾਂ ਅਕੀਦੇ ਨੂੰ ਲੈ ਕੇ ਕੋਈ ਵਿਤਕਰਾ ਨਹੀਂ ਕਰਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸ਼ਰੀਅਤ ਅਤੇ ਸ਼ਾਸਤਰ ਦੋਵਾਂ ਦਾ ਬਰਾਬਰ ਸਤਿਕਾਰ ਕੀਤਾ ਜਾਂਦਾ ਸੀ। ਜੇ ਕੋਈ ਮੁਸਲਮਾਨ ਹੁੰਦਾ ਸੀ ਤਾਂ ਉਸ ਨੂੰ ਇਨਸਾਫ਼ ਦੇਣ ਲਈ ਸ਼ਰੀਅਤ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਹਿੰਦੂਆਂ ਲਈ ਧਰਮ ਸ਼ਾਸਤਰ ਦਾ ਇਸਤੇਮਾਲ ਕੀਤਾ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਆਮ ਤੌਰ 'ਤੇ ਰੁਜ਼ਗਾਰ ਕਰਦੇ ਜਾਂ ਨੌਕਰੀ ਕਰਦੇ ਵਸਨੀਕਾਂ ਨੂੰ ਸਿੱਖ ਧਰਮ ਵਿਚ ਬਦਲਣ ਲਈ ਮਜਬੂਰ ਨਹੀਂ ਕਰਦੇ ਸਨ। ਸਾਰੇ ਧਰਮਾਂ ਦੇ ਧਰਮੀ ਪੁਰਸ਼ਾਂ ਦਾ ਬਰਾਬਰ ਸਤਿਕਾਰ ਕੀਤਾ ਜਾਂਦਾ ਸੀ। ਹਿੰਦੂ ਸਾਧੂ, ਯੋਗੀ, ਸੰਤ ਅਤੇ ਵੈਰਾਗੀ, ਮੁਸਲਮਾਨ ਫ਼ਕੀਰ ਅਤੇ ਪੀਰ, ਪੁਜਾਰੀ ਸਾਰੇ ਸਿੱਖ ਰਾਜ ਵਿਚ ਪ੍ਰਸੰਨਤਾ ਭਰਪੂਰ ਜੀਵਨ ਬਤੀਤ ਕਰਦੇ ਰਹੇ ਹਨ। ਇਸੇ ਕਰਕੇ ਸਰਕਾਰ-ਏ-ਖ਼ਾਲਸਾ ਦੇ ਬਾਨੀ ਨੂੰ ਦੁਨੀਆ ਦੇ ਮਹਾਨ ਰਾਜਿਆਂ ਵਿਚੋਂ ਇਕ ਚੁਣਿਆ ਗਿਆ ਹੈ। ਜਦੋਂ ਤੱਕ ਇਸ ਧਰਤੀ 'ਤੇ ਦੁਨੀਆ ਵਸਦੀ ਰਹੇਗੀ, ਉਦੋਂ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਸੂਰਜ ਵਾਂਗੂ ਚਮਕਦਾ ਰਹੇਗਾ।

***

## ਭਾਈ ਝੰਡਾ ਜੀ

ਜਾਂਦੇ ਸਨ। ਭਾਈ ਨੰਦ ਲਾਲ ਜੀ ਨੇ ਵੀ ਇਕ ਵਾਰ ਵਿਚ ਕਿਹਾ ਸੀ ਕਿ ਅਸੀਂ ਉਦੇ ਆਸ਼ਕ ਹਾਂ ਜੋ ਸਾਡਾ ਵੀ ਆਸ਼ਕ ਹੈ। ਜਦ ਸਿੱਖ ਗੁਰੂ ਜੀ ਨੂੰ ਅੱਜ ਵੀ ਸੱਚੇ ਮਨ ਨਾਲ ਪੁਕਾਰਦੇ ਹਨ ਉਹ ਹਾਜ਼ਰ ਹੋ ਜਾਂਦੇ ਹਨ। ਜਿਸ ਤਰ੍ਹਾਂ ਸਿੱਖ ਗੁਰੂ ਦੇ ਹੁਕਮ ਦਾ ਪਹਿਰਾ ਦੇਂਦੇ ਹਨ, ਗੁਰੂ ਵੀ ਉਨ੍ਹਾਂ ਦੇ ਸਿਰ 'ਤੇ ਮਿਹਰ ਦੀ ਨਜ਼ਰ ਰੱਖਦੇ ਹਨ।

ਬਾਬਾ ਬੁੱਢਾ ਜੀ ਦੇ ਪੋਤੇ ਅਤੇ ਭਾਈ ਸਰਵਨ ਜੀ ਦੇ ਸਪੁੱਤਰ ਭਾਈ ਝੰਡਾ ਜੀ ਸੇਵਾ ਦਾ ਝੰਡਾ ਬੁਲੰਦ ਰਖਣ ਲਈ ਦਿਨ ਰਾਤ ਇਕ ਕਰਨ ਲੱਗੇ। ਬਾਬਾ ਬੁੱਢਾ ਜੀ ਨੇ ਇਸ ਪੜਪੋਤੇ ਦਾ ਅਨੰਦ ਕਾਰਜ ਆਪਣੇ ਹੱਥੀਂ ਕੀਤਾ ਸੀ ਭਾਈ ਝੰਡਾ ਜੀ ਦੇ ਜਨਮ ਵੇਲੇ ਗੁਰੂ ਰਾਮਦਾਸ ਜੀ ਬਾਬਾ ਬੁੱਢਾ ਜੀ ਕੋਲ ਰਮਦਾਸ ਗਏ ਸੀ, ਇਸ ਭਾਈ ਝੰਡੇ ਦੇ ਨਾ ਉਤੇ ਹੀ ਗੁਰੂ ਰਾਮਦਾਸ ਸਾਹਿਬ ਜੀ ਨੇ ਰਮਦਾਸ ਦਾ ਨਾ ਝੰਡਾ ਨਗਰ ਰੱਖਿਆ ਸੀ । ਪਰ ਬਾਬਾ ਬੁੱਢਾ ਜੀ ਦੇ ਕਹਿਣ 'ਤੇ ਹੀ ਗੁਰੂ ਰਾਮਦਾਸ ਜੀ ਦੇ ਨਾ ਉਤੇ ਰਮਦਾਸ ਝੰਡਾ ਕਰਕੇ ਨਗਰ ਦਾ ਨਾਮ ਰਖਿਆ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਗੱਦੀ ਉਤੇ ਬਿਰਾਜਮਾਨ ਹੋਏ ਤਾਂ ਭਾਈ ਝੰਡਾ ਜੀ ਨੇ ਹੀ ਗੁਰਗੱਦੀ ਤਿਲਕ ਦੀ ਰਸਮ ਪੂਰੀ ਕੀਤੀ ਸੀ। ਭਾਈ ਝੰਡਾ ਜੀ ਗੁਰੂ ਹਰਗੋਬਿੰਦ ਸਾਹਿਬ ਨਾਲ ਵੀ ਜੰਗਾਂ ਵਿੱਚ ਹਿਸਾ ਲੈਂਦੇ ਰਹੇ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਗੁਰਗੱਦੀ ਤਿਲਕ ਦੀ ਰਸਮ ਤੋਂ ਕੁਝ ਸਮੇਂ ਬਾਅਦ ਭਾਈ ਝੰਡਾ ਜੀ ਵੀ ਪ੍ਰਲੋਕ ਸਿਧਾਰ ਗਏ।

***

## 100 ਸਾਲ ਪੁਰਾਣੇ ਬੇਸ਼ਕੀਮਤੀ ਸੰਗੀਤ ਦੇ

ਆਦਿ ਬਹੁਤ ਸਾਰੇ ਗਾਇਕ-ਗਾਇਕਾਵਾਂ ਦੇ ਤਵੇ ਵੀ ਸਾਂਭੇ ਹੋਏ ਹਨ।ਇਸ ਤੋਂ ਇਲਾਵਾ ਚੂੰਗੀ ਵਾਲਾ ਬਾਜ਼ਾਰ, ਨੇੜੇ ਕਮਲ ਜੋਤੀ ਮਾਡਲ ਸਕੂਲ, ਗਲੀ ਨੰਬਰ 3, ਮਕਾਨ ਨੰਬਰ 268, ਨਿਊ ਆਜ਼ਾਦ ਨਗਰ, ਸੁਲਤਾਨਵਿੰਡ ਰੋਡ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਰਹਿਣ ਵਾਲੇ ਇਸ ਸ਼ਖ਼ਸ ਕੋਲ ਤਿੰਨ ਗ੍ਰਾਮੋਫੋਨ ਮਸ਼ੀਨਾਂ ਵੀ ਸਾਂਭੀਆਂ ਹੋਈਆਂ ਹਨ।ਇਸ ਤੋਂ ਇਲਾਵਾ ਟੇਪ ਰਿਕਾਰਡ, ਡੈੱਕ, ਟਿਊਬਾਂ ਵਾਲੇ ਰੇਡੀਓ ਵੀ ਇਸ ਸ਼ਖ਼ਸ ਨੇ ਸਾਂਭੇ ਹੋਏ ਹਨ।ਸੁਖਦੇਵ ਨੂੰ ਜਿੱਥੋਂ ਕਿਤੋਂ ਵੀ ਪੁਰਾਣੇ ਹਿੰਦੀ-ਪੰਜਾਬੀ ਰਿਕਾਰਡਾਂ ਦੀ ਦੱਸ ਪੈਂਦੀ ਹੈ ਉਹ ਆਪਣੇ ਖਰਚੇ 'ਤੇ ਸਫਰ ਕਰਕੇ ਰਿਕਾਰਡ ਇਕੱਠੇ ਕਰ ਲੈਂਦਾ ਹੈ।ਪੁਰਾਤਨ ਹਿੰਦੀ-ਪੰਜਾਬੀ ਗਾਇਕੀ ਦਾ 100 ਸਾਲ ਪੁਰਾਣਾ ਅਨਮੋਲ ਖ਼ਜ਼ਾਨਾ ਜੋ ਸੁਖਦੇਵ ਨੇ ਇਕੱਠਾ ਕੀਤਾ ਹੈ ਅਤੇ ਕਰ ਰਿਹਾ ਹੈ, ਇਹ ਬੇਸ਼ਕੀਮਤੀ ਹੈ।ਇਹ ਸਾਡੀ ਨਵੀਂ ਪੀੜ੍ਹੀ ਲਈ ਇਤਿਹਾਸਕ ਦਸਤਾਵੇਜ ਹੈ। ਇਹ ਸਾਡੀ ਨਵੀਂ ਪਨੀਰੀ ਨੂੰ ਪੁਰਤਨ ਗਾਇਕੀ ਨਾਲ ਜੋੜਨ ਲਈ ਬਹੁਤ ਕਾਰਗਰ ਸਾਬਤ ਹੋਵੇਗਾ।ਪ੍ਰਮਾਤਮਾ, ਇਸ ਵੀਰ ਦੀ ਉਮਰ ਲੋਕ-ਗੀਤਾਂ ਜਿੰਨੀ ਕਰੇ।

**

***

## 'ਵੀਰ ਬਾਲ ਦਿਵਸ' ਜਾਂ

ਸਰੇਸ਼ਟਤਮ ਹਨੂੰਮਾਨ ਨੂੰ ਮਹਾਂਵੀਰ ਮੰਨਿਆ ਗਿਆ ਹੈ।ਜਿਵੇਂ ਸਾਵਰਕਰ ਦੇ ਨਾਮ ਅੱਗੇ ਵੀਰ ਲਫ਼ਜ਼ ਜੋੜ ਦਿੱਤਾ ਗਿਆ ਹੈ।ਇਸੇ ਤਰ੍ਹਾਂ ਬਾਬਾ ਬੰਦਾ ਬਹਾਦੁਰ, ਗੁਰੂ ਕਲਗੀਧਰ ਪਿਤਾ ਤੋਂ ਵਰੋਸਾਏ ਮਹਾਨ ਯੋਧੇ ਸਨ।ਉਨ੍ਹਾਂ ਨੂੰ ਵੀ 'ਵੀਰ ਵੈਰਾਗੀ' ਲਗਬ ਦੇ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਨ ਦੀ ਕੋਸ਼ਿਸ਼ ਹੈ।ਭਾਈ ਮਤੀ ਦਾਸ ਨੂੰ ਪਿੱਛੇ ਜਿਹੇ ਮਤੀ ਦਾਸ ਸ਼ਰਮਾ ਲਿਖ ਕੇ ਤਿਲਕ ਅਤੇ ਜਨੇਊ ਵਾਲੀ ਤਸਵੀਰ ਪ੍ਰਚਲਤ ਕੀਤੀ ਗਈ।ਭਾਈ ਹਕੀਕਤ ਰਾਇ ਗੁਰਸਿੱਖ ਪਰਿਵਾਰ ਦੇ ਮਹਾਨ ਸ਼ਹੀਦ ਹਨ।ਉਨ੍ਹਾਂ ਨੂੰ ਹਿੰਦੂ ਵੀਰ ਹਕੀਕਤ ਰਾਇ ਕਹਿ ਕੇ ਉਨ੍ਹਾਂ ਦਾ ਮੰਦਿਰ ਬਣਾ ਦਿੱਤਾ ਗਿਆ। ਹੁਣੇ ਹੁਣੇ ਗੁਰੂ ਤੇਗ ਬਹਾਦੁਰ ਜੀ ਦੇ ਚਰਨਾਂ ਦੇ ਭੌਰੇ ਮਹਾਨ ਸੂਰਮੇ ਭਾਈ ਲੱਖ ਸ਼ਾਹ ਵਣਜਾਰਾ ਦਾ ਕਾਇਆ ਕਲਪ ਕਰਕੇ ਹਿੰਦੂ ਦਿੱਖ ਦੇ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਤੇ ਪੋਸਟਰ ਲਗਾ ਦਿੱਤੇ ਗਏ। ਘੱਟਗਿਣਤੀਆਂ ਆਪਣੀ ਹੋਂਦ ਅਤੇ ਪਛਾਣ ਲਈ ਚਿੰਤਤ ਹੋਣ ਇਹ ਅਕਾਰਥ ਨਹੀਂ ਹੈ। ਸਾਹਿਬਜ਼ਾਦਿਆਂ ਨੂੰ 'ਵੀਰ ਲਕਸ਼' ਨਾਲ ਸੰਬੋਧਨ ਕਰਨਾ ਗੁਰਮਤਿ ਸ਼ਬਦਾਵਲੀ ਅਤੇ ਇਤਿਹਾਸ ਦੇ ਅਨੁਕੂਲ ਨਹੀਂ ਹੈ।ਉਨ੍ਹਾਂ ਲਈ ਤਾਂ 'ਬਾਬਾ' ਲਫ਼ਜ਼ ਹੀ ਸਹੀ ਹੈ।

ਸੋ ਨਾ ਤਾਂ ਪੰਥ ਨੂੰ 'ਬਾਲ ਦਿਵਸ' ਨਾਮ ਦੀ ਉਤਾਰਨ ਹੀ ਮਨਜ਼ੂਰ ਹੋ ਸਕਦੀ ਹੈ ਅਤੇ ਨਾ ਹੀ ਬਵੰਜਾ ਵੀਰਾਂ ਵਿਚ ਸਾਹਿਬਜ਼ਾਦਿਆਂ ਨੂੰ ਸ਼ਾਮਲ ਕਰਕੇ ਹੀ ਨਿਵਾਜਿਆ ਜਾਣਾ।ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਧਰਮ ਹੇਤ ਸਾਕੇ ਹਨ।ਇਸ ਲਈ ਇਸ ਦਾ ਸਹੀ ਨਾਮ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਹੀ ਹੋ ਸਕਦਾ ਹੈ।

***

## ਗੈਂਗਸਟਰ ਰਿੰਦਾ ਦੀ ਪਾਕਿਸਤਾਨ

ਉਸ ਦੇ ਮਰਨ ਸਬੰਧੀ ਖਬਰ ਪ੍ਰਕਾਸ਼ਤ ਕੀਤੀ ਜਾ ਰਹੀ ਹੈ, ਉਹ ਖ਼ਬਰ ਸਰਾਸਰ ਝੂਠ ਬੇਬੁਨਿਆਦ ਹੈ। ਉਹ ਜਿੱਥੇ ਵੀ ਹੈ ਪੂਰੀ ਚੜ੍ਹਦੀ ਕਲਾ ਵਿਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ।

ਜਾਣਕਾਰੀ ਅਨੁਸਾਰ ਰਿੰਦਾ 'ਤੇ ਮੁਹਾਲੀ ਸਥਿਤ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਇਸ ਸਾਲ 9 ਮਈ ਨੂੰ ਹੋਏ ਹਮਲੇ ਦੀ ਸਾਜ਼ਿਸ਼ ਘੜਨ ਦੇ ਦੋਸ਼ ਲੱਗੇ ਸਨ। ਉਸ ਨੂੰ ਏ ਪਲੱਸ ਗੈਂਗਸਟਰਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਤੋਂ ਇਲਾਵਾ ਉਸ ਖ਼ਿਲਾਫ਼ ਨਸ਼ਾ ਤੇ ਹਥਿਆਰ ਤਸਕਰੀ ਸਬੰਧੀ ਵੀ ਕਈ ਮਾਮਲੇ ਦਰਜ ਹਨ।

ਐਨਆਈਏ ਨੇ ਹਾਲ ਹੀ ਵਿੱਚ ਰਿੰਦਾ ਦੇ ਟਿਕਾਣੇ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਦਸ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ। ਐਨਆਈਏ ਅਨੁਸਾਰ ਰਿੰਦਾ ਪੰਜਾਬ ਵਿੱਚ ਖ਼ਾਲਿਸਤਾਨੀ ਲਹਿਰ ਦਾ ਚਿਹਰਾ ਬਣ ਗਿਆ ਸੀ। ਉਹ ਪਾਕਿਸਤਾਨ ਆਧਾਰਿਤ ਆਈਐੱਸਆਈ ਨਾਲ ਜੁੜ ਗਿਆ ਸੀ ਅਤੇ ਸਰਹੱਦ ਤੋਂ ਨਸ਼ਾ ਅਤੇ ਹਥਿਆਰ ਤਸਕਰੀ ਦੇ ਮਾਮਲਿਆਂ ਵਿੱਚ ਲੋੜੀਂਦਾ ਸੀ। ਹਰਵਿੰਦਰ ਸਿੰਘ ਸੰਧੂ ਰਿੰਦਾ ਮਹਾਰਾਸ਼ਟਰ, ਚੰਡੀਗੜ੍ਹ, ਹਰਿਆਣਾ ਅਤੇ ਪੱਛਮੀ ਬੰਗਾਲ ਵਿੱਚ ਵੀ ਲੋੜੀਂਦਾ ਮੁਲਜ਼ਮ ਸੀ। ਹਾਲ ਹੀ ਵਿੱਚ ਰਿੰਦਾ ਅਤੇ ਕੈਨੇਡਾ ਦੇ ਗੈਂਗਸਟਰ ਲਖਵੀਰ ਲੰਡਾ ਖ਼ਿਲਾਫ਼ ਪਾਕਿਸਤਾਨ ਤੋਂ ਹਥਿਆਰਾਂ ਦੀ ਤਸਕਰੀ, ਹਿੰਸਾ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਕਈ ਮਾਮਲੇ ਦਰਜ ਕੀਤੇ ਗਏ ਸਨ। ਪ੍ਰਾਪਤ ਵੇਰਵਿਆਂ ਅਨੁਸਾਰ ਰਿੰਦਾ ਵੱਖ-ਵੱਖ ਸੂਬਿਆਂ ਵਿੱਚ ਘਟਨਾਵਾਂ ਨੂੰ ਅੰਜਾਮ ਦੇਣ ਮਗਰੋਂ ਕਥਿਤ ਤੌਰ 'ਤੇ ਪਾਕਿਸਤਾਨ ਚਲਾ ਗਿਆ ਸੀ ਅਤੇ ਹੁਣ ਉੱਥੇ ਰਹਿ ਰਿਹਾ ਸੀ।

ਦੂਸਰੇ ਪਾਸੇ ਇਟਲੀ ਵਿੱਚ ਹੈਪੀ ਦੇ ਕਤਲ ਦੀ ਜ਼ਿੰਮੇਵਾਰੀ ਲਖਬੀਰ ਸਿੰਘ ਲੰਡਾ ਵੱਲੋਂ ਲੈਣ ਦੀ ਖ਼ਬਰ ਤੋਂ ਬਾਅਦ ਹੁਣ ਕੈਨੇਡਾ ਬੈਠੇ ਦੋਵਾਂ ਦੇ ਦੁਸ਼ਮਣ ਗੈਂਗਸਟਰ ਅਰਸ਼ ਡੱਲਾ ਨੇ ਕਿਹਾ ਹੈ ਕਿ ਜੇਕਰ ਰਿੰਦਾ ਜ਼ਿੰਦਾ ਹੈ ਤਾਂ ਲਾਈਵ ਇੰਟਰਵਿਊ ਦੇਵੇ, ਆਪਣੀ ਆਵਾਜ਼ ਸੁਣਾਵੇ। ਅਰਸ਼ ਡੱਲਾ ਅਨੁਸਾਰ, 'ਸਾਡੇ ਭਰਾ ਜੈਪਾਲ ਨੇ ਹਰਵਿੰਦਰ ਰਿੰਦਾ ਨੂੰ ਪਾਕਿਸਤਾਨ ਵਿੱਚ ਸੈਟਲ ਕੀਤਾ ਸੀ। ਪਰ ਰਿੰਦਾ ਸਾਡੇ ਆਪਣੇ ਵਿਰੋਧੀਆਂ ਨਾਲ ਰਲ਼ ਗਿਆ ਸੀ। ਉਹ ਗੋਲਡੀ ਬਰਾੜ ਨਾਲ ਮਿਲ ਗਿਆ ਸੀ ਅਤੇ ਉਸ ਨੇ ਹੀ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਵਰਤੇ ਹਥਿਆਰ ਪਾਕਿਸਤਾਨ ਤੋਂ ਪੰਜਾਬ ਭੇਜੇ ਸਨ।

ਅਰਸ਼ ਡੱਲਾ ਨੇ ਕਿਹਾ, 'ਲਖਬੀਰ ਸਿੰਘ ਲੰਡਾ ਨੇ 2 ਸਾਲਾਂ ਵਿਚ ਪੰਜਾਬ ਵਿਚ 3 ਕਤਲ ਕੀਤੇ ਹਨ ਅਤੇ ਅਸੀਂ ਪੰਜਾਬ ਤੋਂ ਲੈ ਕੇ ਉੱਤਰਾਖੰਡ ਤੱਕ 2 ਸਾਲਾਂ ਵਿਚ 7 ਕਤਲ ਕੀਤੇ ਹਨ। ਜੁਰਮ ਦੀ ਦੁਨੀਆ ਵਿਚ ਆਉਣ ਤੋਂ ਬਾਅਦ ਲੰਡਾ ਨੇ ਪਹਿਲਾਂ ਸਾਡੇ ਕੋਲੋਂ ਪਿਸਤੌਲ ਲਈ ਅਤੇ ਫਿਰ ਸਾਡੇ ਨਾਲ ਧੋਖਾ ਕੀਤਾ। ਉਸਦੇ ਸਾਰੇ ਮੁੰਡੇ ਜੇਲ੍ਹ ਵਿੱਚ ਹਨ ਅਤੇ ਹੁਣ ਸਾਰੇ ਉਸਨੂੰ ਗਾਲ੍ਹਾਂ ਕੱਢਦੇ ਹਨ। ਰਿੰਦਾ ਮਰ ਚੁੱਕਾ ਹੈ, ਪਰ ਹੁਣ ਲੰਡਾ ਕਹਿ ਰਿਹਾ ਹੈ ਕਿ ਉਹ ਜ਼ਿੰਦਾ ਹੈ। ਕਿਉਂਕਿ ਹੁਣ ਇਹ ਕਹਿ ਕੇ ਹਰਵਿੰਦਰ ਰਿੰਦਾ ਦੀ ਥਾਂ ਲੈਣਾ ਚਾਹੁੰਦਾ ਹੈ।' ਦੂਜੇ ਪਾਸੇ ਅਮਰੀਕਾ ਵਿਚ ਲੁਕੇ ਗੈਂਗਸਟਰ ਲਖਬੀਰ ਲੰਡਾ ਨੇ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦੇ ਅਧਿਕਾਰੀਆਂ ਨੂੰ ਕੈਨੇਡਾ ਨਾ ਆਉਣ ਦੀ ਧਮਕੀ ਦਿੱਤੀ ਹੈ। ਲਖਬੀਰ ਸਿੰਘ ਨੂੰ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈਐਸ ਦਾ ਸਮਰਥਨ ਹਾਸਲ ਹੈ। ਉਹ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਫਰਾਰ ਹੈ।

***

## ਗੈਂਗਸਟਰ ਗੋਲਡੀ ਬਰਾੜ ਖ਼ਿਲਾਫ਼

ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਤੋਂ ਪਹਿਲਾਂ ਗੋਲਡੀ ਬਰਾੜ ਕੈਨੇਡਾ ਭੱਜ ਗਿਆ ਸੀ ਪਰ ਨਵੀਂ ਜਾਣਕਾਰੀ ਮੁਤਾਬਕ ਉੱਥੇ ਖ਼ਤਰਾ ਮਹਿਸੂਸ ਕਰਦਿਆਂ, ਉਹ ਹੁਣ ਅਮਰੀਕਾ ਚਲਾ ਗਿਆ ਹੈ। ਪੰਜਾਬ ਪੁਲੀਸ ਮੁਤਾਬਕ ਆਪਣਾ ਬਚਾਅ ਕਰਨ ਲਈ ਉਹ ਕੈਲੀਫੋਰਨੀਆ ਵਿਚ ਕਾਨੂੰਨੀ ਸ਼ਰਨ ਲੈਣ ਦੀ ਵੀ ਕੋਸ਼ਿਸ਼ ਕਰ ਰਿਹਾ ਹੈ। ਗੌਰਵ ਯਾਦਵ ਨੇ ਪਾਕਿਸਤਾਨ ਵਿੱਚ ਹਰਵਿੰਦਰ ਰਿੰਦਾ ਦੀ ਮੌਤ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਇਸ ਦੀ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੈ ਗੈਂਗਸਟਰਾਂ ਨੂੰ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਓਪਨ ਕੀਤੇ ਗਏ ਹਨ ਅਤੇ ਕੇਂਦਰ ਸਰਕਾਰ ਅਤੇ ਇੰਟਰਪੋਲ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਲਿਆਂਦਾ ਜਾਵੇਗਾ। ਇਸ ਮੌਕੇ ਉਨ੍ਹਾਂ ਕਿਹਾ ਕਿ ਜੋ ਨੌਜਵਾਨ ਗੁੰਮਰਾਹ ਹੋ ਕੇ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਗਏ ਹਨ, ਪਰ ਸਿੱਧੇ ਤੌਰ 'ਤੇ ਉਨ੍ਹਾਂ ਨੇ ਕੋਈ ਜੁਰਮ ਨਹੀਂ ਕੀਤਾ ਹੈ, ਉਨ੍ਹਾਂ ਨੂੰ ਪ੍ਰੇਰਿਤ ਕਰਕੇ ਮੁੱਖ ਧਾਰਾ ਨਾਲ ਜੋੜਿਆ ਜਾਵੇਗਾ। ਇਸ ਤੋਂ ਬਾਅਦ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਬਾਬਤ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਸੋਸ਼ਲ ਮੀਡੀਆ ਉੱਤੇ ਹਰ ਕਿਸੇ ਨੂੰ ਆਪਣਾ ਪੱਖ ਰੱਖਣ ਦਾ ਅਧਿਕਾਰ ਹੈ ਪਰ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡੀਜੀਪੀ ਯਾਦਵ ਨੇ ਕਿਹਾ ਕਿ ਦੂਜੇ ਰਾਜਾਂ ਵਿੱਚੋਂ ਆਉਣ ਵਾਲੇ ਨਜਾਇਜ਼ ਹਥਿਆਰਾਂ ਦੀ ਸਮੱਸਿਆ ਨੂੰ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਗੰਨ ਹਾਊਸਜ਼ ਦੀ ਚੈਕਿੰਗ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਾਰੀ ਕੀਤੇ ਗਏ ਅਸਲਾ ਲਾਇਸੈਂਸਾਂ ਦੀ ਤਿੰਨ ਮਹੀਨੇ ਦੇ ਅੰਦਰ ਮੁੜ ਵੈਰੀਫਿਕੇਸ਼ਨ ਕਰਵਾਈ ਜਾਵੇਗੀ। ਜੇ ਕੁਝ ਗ਼ਲਤ ਪਾਇਆ ਜਾਂਦਾ ਹੈ ਤਾਂ ਉਸ ਦਾ ਲਾਇਸੈਂਸ ਕੈਂਸਲ ਕੀਤਾ ਜਾਵੇਗਾ। ਮੁੱਖ ਮੰਤਰੀ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਰਾਜ ਵਿੱਚੋਂ ਨਸ਼ਿਆਂ ਅਤੇ ਗੈਂਗਸਟਰਾਂ ਦੇ ਮੁਕੰਮਲ ਖ਼ਾਤਮੇ ਲਈ ਦ੍ਰਿੜ ਸੰਕਲਪ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com